ਹਫਤਾਵਾਰੀ

# ਦੇਸ਼ ਦੁਆਬਾ

VOL - 3 ISSUE - 30
March 26, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com


ਮਹਾਨ ਸ਼ਹੀਦਾਂ ਨੂੰ
ਕੋਟਿਨ-ਕੋਟਿ ਪ੍ਰਣਾਮ
ਅਦਾਰਾ 'ਦੇਸ਼ ਦੁਆਬਾ' ਸ਼ਹੀਦ
ਸ: ਕਰਤਾਰ ਸਿੰਘ ਸਰਾਭਾ ਅਤੇ
ਉਹਨਾਂ ਦੇ ਨਾਲ ਸ਼ਹੀਦ ਹੋਏ
ਮਹਾਨ ਦੇਸ਼ ਭਗਤਾਂ ਨੂੰ
'ਸ਼ਤਾਬਦੀ ਸ਼ਹੀਦੀ ਵਰ੍ਹੇ' ਉਤੇ
ਕੋਟਿਨ-ਕੋਟਿ ਪ੍ਰਣਾਮ ਕਰਦਾ ਹੈ।
– ਪ੍ਰੇਮ ਕੁਮਾਰ ਚੁੰਬਰ



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਇੰਡੋ-ਅਮੈਰਿਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦੀ ਮੇਲੇ ਦੇ ਪ੍ਰਬੰਧਾਂ ਸਬੰਧੀ ਅਹਿਮ ਮੀਟਿੰਗ ਹੋਈ

**ਫਰਿਜ਼ਨੋ (ਕੁਲਬੀਰ ਹੇਅਰ/ਕੁਲਵੰਤ ਉਭੀ ਧਾਲੀਆ)–** ਗਦਰੀ ਬਾਬਿਆਂ ਅਤੇ ਦੇਸ਼ ਦੇ ਸ਼ਹੀਦਾਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦੇ ਅਹੁਦੇਦਾਰਾਂ ਅਤੇ ਸਹਿਯੋਗੀਆਂ ਦੀ ਇਕ ਅਹਿਮ ਮੀਟਿੰਗ ਸੰਸਥਾ ਦੇ ਪ੍ਰਧਾਨ ਸ. ਗੁਰਦੀਪ ਸਿੰਘ ਗਿੱਲ ਘੋਲੀਆਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਇਸ ਸਾਲ ਕਰਵਾਏ ਜਾ ਰਹੇ 15ਵੇਂ ਮੇਲੇ ਦੀਆਂ ਤਿਆਰੀਆਂ ਸਬੰਧੀ ਵਿਚਾਰਾਂ ਹੋਈਆਂ ਅਤੇ ਪ੍ਰਬੰਧਾਂ ਦੀਆਂ ਵੱਖ ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਮੀਟਿੰਗ ਉਪਰੰਤ ਪ੍ਰਬੰਧਕਾਂ ਵੱਲੋਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ 15ਵਾਂ ਮੇਲਾ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਹਨਾਂ ਦੇ ਸਾਥੀਆਂ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ। ਹਰ ਸਾਲ ਦੀ ਤਰ੍ਹਾਂ ਇਹ ਮੇਲਾ ਰੀਜੈਂਸੀ ਪੈਲੇਸ ਕਲੋਬਸ (ਫਰਿਜ਼ਨੋ) ਵਿਖੇ 29 ਮਾਰਚ 2015, ਦਿਨ ਐਤਵਾਰ ਦੁਪਹਿਰ 12 ਤੋਂ ਸ਼ਾਮ 7 ਵਜੇ ਤੱਕ ਹੋਵੇਗਾ। ਇਸ ਮੇਲੇ ਦੌਰਾਨ ਉਚ ਕੋਟੀ ਦੇ ਬੁਲਾਰੇ ਅਤੇ ਬੁੱਧੀਜੀਵੀ ਆਪਣੇ ਵਿਚਾਰ ਪੇਸ਼ ਕਰਨਗੇ, ਲੋਕ ਗਾਇਕ ਸ਼ਹੀਦਾਂ ਦੀ ਸ਼ਹਾਦਤ ਦਾ ਬਿਰਤਾਂਤ ਸੰਗੀਤਕ ਵੰਨਗੀਆਂ ਵਿਚ ਪੇਸ਼ ਕਰਨਗੇ। ਬੱਚਿਆਂ ਵੱਲੋਂ ਗਿੱਧਾ, ਭੰਗੜਾ ਆਦਿ ਦਾ ਪ੍ਰੋਗਰਾਮ ਪੇਸ਼ ਹੋਵੇਗਾ। ਮੁੱਖ ਮਹਿਮਾਨ ਵਜੋਂ ਵਿਸ਼ਵ ਪ੍ਰਸਿੱਧ ਪੰਜਾਬੀ ਪੱਤਰਕਾਰ, ਕਾਲਮ ਨਵੀਸ ਅਤੇ ਅਖਬਾਰ ਰੋਜ਼ਾਨਾ ਨਵਾਂ ਜ਼ਮਾਨਾ ਦੇ ਸੰਯੁਕਤ ਸੰਪਾਦਕ ਸ੍ਰੀ ਜਤਿੰਦਰ ਪੰਨੂ ਮੇਲੇ ਵਿਚ ਸ਼ਾਮਲ ਹੋਣਗੇ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਦੌਰਾਨ ਮਹਾਨ ਗਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਦੀਆਂ ਹੱਥ ਲਿਖਤਾਂ ਦੇ ਸੰਗ੍ਰਹਿ ਦੀ ਕਿਤਾਬ ਜੋ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਸਹਿਯੋਗ ਨਾਲ ਸ੍ਰੀ ਚਰੰਜੀ ਲਾਲ ਵੱਲੋਂ ਸੰਪਾਦਤ ਕੀਤੀ ਗਈ ਹੈ, ਵੀ ਮੇਲੇ ਦੌਰਾਨ ਲੋਕ ਅਰਪਿਤ ਕੀਤੀ ਜਾਵੇਗੀ। ਮੀਟਿੰਗ ਦੌਰਾਨ ਬੀਤੇ ਸਮੇਂ ਵਿਚ ਹੋਏ ਹਰ ਮੇਲੇ ਵਿਚ ਸਹਿਯੋਗ ਦੇਣ ਲਈ ਸੈਂਟਰਲ ਵੈਲੀ ਦੇ ਭਾਰਤੀ ਭਾਈਚਾਰੇ ਅਤੇ ਸਾਰੀਆਂ ਸੰਸਥਾਵਾਂ ਦਾ ਧੰਨਵਾਦ ਕੀਤਾ ਗਿਆ ਅਤੇ ਇਸ ਵਾਰ ਵੀ ਸਭ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ। ਮੇਲੇ ਵਾਲੇ ਦਿਨ ਦੁਪਹਿਰੇ 12 ਤੋਂ 1 ਵਜੇ ਤੱਕ ਬੱਚਿਆਂ ਵੱਲੋਂ ਖਾਸ ਪ੍ਰੋਗਰਾਮ ਹੋਵੇਗਾ, ਜਿਸ ਵਿਚ ਕੋਈ ਵੀ ਬੱਚਾ ਭਾਗ ਲੈ ਸਕਦਾ ਹੈ।




## ਟਾਈਟਲਰ ਨੂੰ ਫਿਰ ਕਲੀਨ ਚਿੱਟ ਦਿੱਤੀ, ਸਿੱਖ ਭਾਈਚਾਰੇ ਵਿਚ ਰੋਸ

**ਨਵੀਂ ਦਿੱਲੀ–** ਸੀ ਬੀ ਆਈ ਨੇ 1984 ਦੇ ਸਿੱਖ ਕਤਲੇਆਮ ਦੇ ਮਾਮਲੇ 'ਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ ਲਗਾਤਾਰ ਤੀਜੀ ਵਾਰ ਕਲੀਨ ਚਿੱਟ ਦਿੱਤੀ ਹੈ। ਸੀਬੀਆਈ ਨੇ ਦਿੱਲੀ ਦੀ ਅਦਾਲਤ 'ਚ ਉਸ ਖ਼ਿਲਾਫ਼ ਚਲ ਰਹੇ ਕੇਸ ਨੂੰ ਬੰਦ ਕਰਨ ਲਈ ਕਿਹਾ ਹੈ। ਜਾਂਚ ਏਜੰਸੀ ਦੀ ਰਿਪੋਰਟ ਦਾ ਕਤਲੇਆਮ ਪੀੜਤਾ ਦੇ ਵਕੀਲ ਨੇ ਵਿਰੋਧ ਕੀਤਾ ਹੈ ਅਤੇ ਉਨ੍ਹਾਂ ਇਸ ਕਾਰਵਾਈ ਦੇ ਭੇਤ ਭਰੇ ਢੰਗ ਨਾਲ ਕੀਤੇ ਜਾਣ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਅਦਾਲਤ ਨੇ ਪੀੜਤ ਅਤੇ ਸ਼ਿਕਾਇਤਕਰਤਾ ਲਖਵਿੰਦਰ ਕੌਰ ਨੂੰ 27 ਮਾਰਚ ਲਈ ਨੋਟਿਸ ਜਾਰੀ ਕੀਤਾ ਹੈ। ਸੀ ਬੀ ਆਈ ਦਾ ਕਹਿਣਾ ਹੈ ਕਿ ਸੈਸ਼ਨ ਅਦਾਲਤ ਦੇ ਨਿਰਦੇਸ਼ਾਂ 'ਤੇ ਉਨ੍ਹਾਂ ਮਾਮਲੇ ਦੀ ਅੱਗੇ ਹੋਰ ਜਾਂਚ ਕੀਤੀ ਸੀ ਅਤੇ ਕੋਈ ਸਬੂਤ ਨਾ ਮਿਲਣ 'ਤੇ ਉਨ੍ਹਾਂ ਕੇਸ ਬੰਦ ਕਰਨ ਦੀ ਰਿਪੋਰਟ ਦਾਖ਼ਲ ਕੀਤੀ ਹੈ। ਸੀਬੀਆਈ ਵੱਲੋਂ ਚੀਫ਼ ਮੈਟਰੋਪਾਲਿਟਨ ਮੈਜਿਸਟਰੇਟ ਦੀ ਅਦਾਲਤ 'ਚ ਤਾਜ਼ਾ ਕਲੋਜ਼ਰ ਰਿਪੋਰਟ ਦਾਖ਼ਲ ਕੀਤੀ ਗਈ ਹੈ ਜਿਨ੍ਹਾਂ ਅੱਗੇ ਇਸ ਨੂੰ ਵਧੀਕ ਚੀਫ਼ ਮੈਟਰੋਪਾਲਿਟਨ ਮੈਜਿਸਟਰੇਟ ਸੌਰਭ ਪ੍ਰਤਾਪ ਸਿੰਘ ਨੂੰ ਮਾਰਕ ਕਰ ਦਿੱਤੀ ਹੈ। ਉਨ੍ਹਾਂ ਲਖਵਿੰਦਰ ਕੌਰ ਨੂੰ ਸ਼ੁੱਕਰਵਾਰ ਲਈ ਨੋਟਿਸ ਜਾਰੀ ਕਰ ਦਿੱਤਾ। ਬੀਬੀ ਲਖਵਿੰਦਰ ਕੌਰ ਦਾ ਪਤੀ ਬਾਦਲ ਸਿੰਘ ਸਿੱਖ ਕਤਲੇਆਮ ਦੌਰਾਨ ਮਾਰਿਆ ਗਿਆ ਸੀ।



ਕਤਲੇਆਮ ਦੇ ਪੀੜਤਾਂ ਦੇ ਕੇਸਾਂ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਐਚ ਐਸ ਫੂਲਕਾ ਨੇ ਸੀ ਬੀ ਆਈ ਦੇ ਇਸ ਕਦਮ 'ਤੇ ਨਰਾਜ਼ਗੀ ਜਤਾਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਾਂਚ ਏਜੰਸੀ ਨੇ ਰਿਪੋਰਟ ਭੇਤ ਭਰੇ ਢੰਗ ਨਾਲ ਦਾਖ਼ਲ ਕੀਤੀ ਅਤੇ ਸ਼ਿਕਾਇਤਕਰਤਾ ਨੂੰ ਵੀ ਇਸ ਦੀ ਭਿਣਕ ਨਹੀਂ ਪੈਣ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸੀਬੀਆਈ ਨੇ ਕੇਸ ਬੰਦ ਕਰਨ ਦੀ ਰਿਪੋਰਟ ਪਿਛਲੇ ਸਾਲ 24 ਦਸੰਬਰ ਨੂੰ ਦਾਖ਼ਲ ਕੀਤੀ ਸੀ ਅਤੇ ਉਨ੍ਹਾਂ ਨੂੰ ਇਸ ਦੀ ਜਾਣਕਾਰੀ ਦੂਜੇ ਵਕੀਲ ਤੋਂ ਮਿਲੀ। ਉਧਰ ਦਿੱਲੀ ਹਾਈ ਕੋਰਟ ਨੇ ਟਾਈਟਲਰ ਖ਼ਿਲਾਫ਼

(ਬਾਕੀ ਸਫਾ 5 ਤੇ ਦੇਖੋ)

## ਡਾ ਮਨਮੋਹਨ ਸਿੰਘ ਸੁਪਰੀਮ ਕੋਰਟ ਪੁੱਜੇ

**ਨਵੀਂ ਦਿੱਲੀ–** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕੋਇਲਾ ਬਲਾਕਾਂ ਦੀ ਵੰਡ ਦੇ ਕੇਸ ਵਿੱਚ ਵਿਸ਼ੇਸ਼ ਅਦਾਲਤ ਵੱਲੋਂ ਜਾਰੀ ਸੰਮਨਾਂ ਖ਼ਿਲਾਫ਼ ਅੱਜ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਹੈ। ਹਿੰਦਾਲਕੋ ਦੇ ਚੇਅਰਮੈਨ ਕੁਮਾਰ ਮੰਗਲਮ ਬਿਰਲਾ ਅਤੇ ਸਾਬਕਾ ਕੋਇਲਾ ਸਕੱਤਰ ਪੀ.ਸੀ. ਪਾਰੇਖ, ਜਿਨ੍ਹਾਂ ਨੂੰ ਇਸ ਕੇਸ ਵਿੱਚ ਸੰਮਨ ਜਾਰੀ ਕੀਤੇ ਗਏ ਸਨ, ਨੇ ਵੀ ਟ੍ਰਾਇਲ ਕੋਰਟ ਦੇ ਫੈਸਲੇ ਖ਼ਿਲਾਫ਼ ਪਟੀਸ਼ਨਾਂ ਦਾਇਰ ਕੀਤੀਆਂ ਹਨ। ਮਨਮੋਹਨ ਸਿੰਘ ਨੇ ਵਿਸ਼ੇਸ਼ ਸੀ ਬੀ ਆਈ ਜੱਜ ਭਰਤ ਪ੍ਰਾਸ਼ਰ ਵੱਲੋਂ ਉਨ੍ਹਾਂ ਨੂੰ 8 ਅਪਰੈਲ ਨੂੰ ਬਤੌਰ ਮੁਲਜ਼ਮ ਤਲਬ ਕਰਨ ਦੇ ਫੈਸਲੇ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਹੈ ਅਤੇ ਕਿਹਾ ਕਿ ਹੇਠਲੀ ਅਦਾਲਤ ਨੇ ਫੈਸਲਾ ਕਰਨ ਸਮੇਂ ਆਪਣੇ ਦਿਮਾਗ ਦੀ ਵਰਤੋਂ ਨਹੀਂ ਕੀਤੀ। ਕਪਿਲ ਸਿੱਬਲ ਦੀ ਅਗਵਾਈ ਹੇਠ ਸੀਨੀਅਰ ਐਡਵੋਕੇਟਾਂ ਦੀ ਇੱਕ ਟੀਮ ਸਾਬਕਾ ਪ੍ਰਧਾਨ ਮੰਤਰੀ ਦੇ ਪੱਖ ਦੀ ਪੈਰਵੀ ਕਰੇਗੀ ਅਤੇ ਇਸ ਵੱਲੋਂ ਇੱਕ- ਦੋ ਦਿਨਾਂ ਵਿੱਚ ਸੁਣਵਾਈ ਕਰਨ 'ਤੇ ਜ਼ੋਰ ਦਿੱਤਾ ਜਾਵੇਗਾ। ਸਪੈਸ਼ਲ ਲੀਵ ਪਟੀਸ਼ਨ ਦਾਇਰ ਕਰਨ ਨਾਲ ਜੁੜੇ ਇੱਕ ਐਡਵੋਕੇਟ ਨੇ ਆਖਿਆ ਕਿ ਕਈ ਹੋਰ ਵੀ ਆਧਾਰ ਹਨ ਜਿਨ੍ਹਾਂ ਕਰਕੇ ਇਹ ਸੰਮਨ ਕਾਨੂੰਨ ਦੀ ਗਲਤ ਮਿਸਾਲ ਜ਼ਾਹਰ ਹੁੰਦੇ ਹਨ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਰਿਕਾਰਡ 'ਤੇ ਅਜਿਹੀ ਕੋਈ ਗੱਲ ਸਾਹਮਣੇ ਨਹੀਂ ਆਈ, ਜਿਸ ਤੋਂ ਇਹ ਸਿੱਧ ਹੁੰਦਾ ਹੋਵੇ ਕਿ ਮਨਮੋਹਨ ਸਿੰਘ ਨੇ ਕੋਈ ਗਲਤ ਕਾਰਵਾਈ ਕੀਤੀ ਸੀ। ਇਸ ਮੁਤਾਬਕ ਸਾਬਕਾ ਪ੍ਰਧਾਨ ਮੰਤਰੀ ਨੇ ਉੜੀਸਾ ਸਰਕਾਰ ਦੀ ਸਿਫਾਰਸ਼ 'ਤੇ ਹਿੰਦਾਲਕੋ ਨੂੰ ਤਾਲਾਬੀਰਾ-2 ਕੋਇਲਾ ਬਲਾਕ ਅਲਾਟ ਕਰਨ ਦਾ ਫੈਸਲਾ ਇੱਕ ਸਮਰੱਥ ਅਥਾਰਿਟੀ ਵਜੋਂ ਲਿਆ ਸੀ। ਵਕੀਲ ਨੇ ਕਿਹਾ ਕਿ ਫੈਸਲਾ ਗਲਤ ਹੋ ਸਕਦਾ ਹੈ, ਪਰ ਅਜਿਹਾ ਕੋਈ ਸਬੂਤ ਨਹੀਂ ਹੈ, ਜਿਸ ਤੋਂ ਇਹ ਤੈਅ ਹੁੰਦਾ ਹੋਵੇ ਕਿ ਸ਼ਕਤੀ ਦਾ ਗਲਤ ਇਸਤੇਮਾਲ ਕੀਤਾ ਗਿਆ।



## ਫਿਲਮ 'ਨਾਨਕਸ਼ਾਹ ਫਕੀਰ' 'ਤੇ ਰੋਕ ਲਾਉਣ ਲਈ ਸੈਂਸਰ ਬੋਰਡ ਵਿਚਾਰ ਕਰੇਗਾ

**ਅੰਮ੍ਰਿਤਸਰ–** ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਨੇ ਫਿਲਮ ਸੈਂਸਰ ਬੋਰਡ ਦੇ ਚੇਅਰਮੈਨ ਪਹਿਲਾਜ ਨਿਹਲਾਨੀ ਨੂੰ ਇਕ ਮੰਗ ਪਤਰ ਭੇਜ ਕੇ ਅਪੀਲ ਕੀਤੀ ਹੈ ਕਿ ਅਪਰੈਲ ਵਿੱਚ ਰਿਲੀਜ਼ ਹੋਣ ਵਾਲੀ ਫਿਲਮ 'ਨਾਨਕ ਸ਼ਾਹ ਫਕੀਰ' 'ਤੇ ਰੋਕ ਲਾਈ ਜਾਵੇ। ਇਸ ਸਬੰਧ ਵਿੱਚ ਜਥੇਬੰਦੀ ਨੇ ਇਕ ਮੰਗ ਪੱਤਰ ਵਧੀਕ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਖੇ ਸੌਂਪਿਆ ਹੈ। ਇਸ ਮੰਗ ਪੱਤਰ ਜਥੇਬੰਦੀ ਦੇ ਪ੍ਰਧਾਨ ਪਰਮਜੀਤ ਸਿੰਘ ਖਾਲਸਾ ਤੇ ਸਕੱਤਰ ਜਨਰਲ ਮੇਜਰ ਸਿੰਘ ਖਾਲਸਾ ਦੇ ਦਸਤਖ਼ਤਾਂ ਹੇਠ ਸੈਂਸਰ ਬੋਰਡ ਨੂੰ ਭੇਜਿਆ ਗਿਆ ਹੈ। ਪਾਰਟੀ ਦੇ ਜ਼ਿਲਾ ਪ੍ਰਧਾਨ ਅਮਰਬੀਰ ਸਿੰਘ ਢੋਟ ਨੇ ਆਖਿਆ ਕਿ ਸੈਂਸਰ ਬੋਰਡ ਨੂੰ ਅਪੀਲ ਕੀਤੀ ਹੈ ਕਿ ਇਸ ਫਿਲਮ ਨੂੰ ਸ੍ਰੀ ਅਕਾਲ ਤਖ਼ਤ ਵਲੋਂ ਪ੍ਰਵਾਨਗੀ ਸਬੰਧੀ ਕੋਈ ਸਰਟੀਫਿਕੇਟ ਜਾਰੀ ਨਹੀਂ ਕੀਤਾ ਗਿਆ ਹੈ। ਸਗੋਂ ਇਕ ਪੱਤਰ ਦਿੱਤਾ ਗਿਆ ਸੀ, ਜਿਸ ਰਾਹੀਂ ਫਿਲਮ ਨਿਰਮਾਤਾ ਦੇ ਕੰਮ ਦੀ ਸ਼ਲਾਘਾ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਹ ਹਿੰਦੀ ਫਿਲਮ ਸ੍ਰੀ ਹਰਿੰਦਰ ਸਿੱਕਾ ਵਲੋਂ ਬਣਾਈ ਗਈ ਹੈ, ਜਿਸ ਬਾਰੇ ਕੁਝ ਮੁੱਦਿਆਂ ਨੂੰ ਲੈ ਕੇ ਵਿਰੋਧ ਹੈ। ਉਨ੍ਹਾਂ ਆਖਿਆ ਕਿ ਇਸ ਫਿਲਮ ਦੇ ਪਰੋਮੋ ਨੂੰ ਦੇਖਣ ਤੋਂ ਬਾਅਦ ਪਤਾ ਲੱਗਾ ਹੈ ਕਿ ਇਸ ਵਿਚ ਕਈ ਦ੍ਰਿਸ਼ ਸਿੱਖ ਸਿਧਾਂਤਾਂ ਦੇ ਉਲਟ ਹਨ।

KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager

50 % Off
On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674

Prime Real Estate Services
PRE

Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465
Email: Kelvindjhamat@yahoo.com
679 N. Palora Ave. #C Yuba City, CA 95991


SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
MANDEEP SANDHU
msandhu2014@gmail.com
3222 PENELOPE DR.
STOCKTON, CA- 95212
(NEAR HWY 99 ON MORADA LANE)


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us
ramesh@rameshsuman.com
P.O. Box 3434, Antioch, CA 94531-3434

SAROAY
INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹੋਲੇ-ਮਹੱਲੇ ਦੀਆਂ ਰੌਣਕਾਂ













**ਯੂਬਾ ਸਿਟੀ (ਦਿਲਵਿੰਦਰ ਰੱਲ੍ਹ)–** ਸ੍ਰੀ ਗੁਰੂ ਟੈਂਪਲ ਯੂਬਾ ਸਿਟੀ ਵਿਖੇ ਬੀਤੀ 22 ਮਾਰਚ ਨੂੰ ਹੋਲਾ ਮਹੱਲਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ, ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 22 ਮਾਰਚ ਨੂੰ ਪਾਏ ਗਏ। ਪ੍ਰੋਗਰਾਮ ਦੀ ਸੇਵਾ ਲਹਿੰਬਰ ਸਿੰਘ, ਮੋਹਨ ਸਿੰਘ ਬਾਸੀ ਪਰਿਵਾਰ, ਸੰਤੋਖ ਸਿੰਘ ਸਹੋਤਾ ਪਰਿਵਾਰ, ਸੁਖਦੇਵ ਸਿੰਘ ਕੰਧੋਲਾ ਪਰਿਵਾਰ, ਰਣਬੀਰ ਸਿੰਘ ਨਾਗਰਾ ਅਤੇ ਪਰਿਵਾਰ ਅਤੇ ਸਮੂਹ ਸਾਧ ਸੰਗਤ ਵੱਲੋਂ ਕੀਤੀ ਗਈ। ਅੱਜ ਦੇ ਸਮਾਗਮ ਦੌਰਾਨ ਜਿਹਨਾਂ ਪਰਿਵਾਰਾਂ ਨੇ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਕੀਤੀ, ਉਹਨਾਂ ਨੂੰ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਜਿੱਥੇ ਰਸਭਿੰਨਾ ਸ਼ਬਦ ਗਾਇਨ ਕੀਤਾ, ਉਥੇ ਉਹਨਾਂ ਨੇ ਹੋਲਾ ਮਹੱਲਾ ਦੀ ਮਹੱਤਤਾ ਬਾਰੇ ਚਾਨਣਾ ਪਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਅੱਜ ਦੇ ਪ੍ਰੋਗਰਾਮ ਦੀ ਸਟੇਜ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਨੇ ਬਾਖ਼ੂਬ ਨਿਭਾਈ।ਇਸ ਦਰਮਿਆਨ ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਕੈਸ਼ੀਅਰ ਦਿਲਵਿੰਦਰ ਰੱਲ੍ਹ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਗੁਰੂ ਘਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਯੋਗਦਾਨ ਪਾਓ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੀ ਨਵੀਂ ਕਮੇਟੀ ਦੀ ਚੋਣ

**ਫਰਿਜ਼ਨੋ–** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲਫੋਰਨੀਆ ਦੀ ਨਵੀਂ ਕਮੇਟੀ ਚੁਣੀ ਗਈ, ਜਿਸ ਵਿਚ ਚੇਅਰਮੈਨ ਰਾਜਿੰਦਰ ਮੋਮੀ, ਵਾਈਸ ਚੇਅਰਮੈਨ ਰਤਨ ਪਾਲ ਜੱਸੀ, ਪ੍ਰਧਾਨ ਕੇਵਲ ਚੌਹਾਨ, ਵਾਈਸ ਪ੍ਰਧਾਨ ਰਾਜ ਗੁਰੂ, ਸਹਾਇਕ ਵਾਈਸ ਪ੍ਰਧਾਨ ਬਲਵੀਰ ਕੌਰ ਮੋਮੀ, ਜਨਰਲ ਸਕੱਤਰ ਸੰਤੋਖ ਵਿਰਦੀ, ਸਹਾਇਕ ਸਕੱਤਰ ਜਗਤਾਰ ਦੜੌਚ, ਸਟੇਜ ਸਕੱਤਰ ਅਮਰ ਦੜੌਚ, ਸਹਾਇਕ ਸਕੱਤਰ ਬਲਵੰਤ ਮਹਿਮੀ, ਖ਼ਜ਼ਾਨਚੀ ਰਣਜੀਤ ਚੀਮਾ ਅਤੇ ਸਹਾਇਕ ਖ਼ਜ਼ਾਨਚੀ ਪ੍ਰੇਮ ਕੁਮਾਰ ਬੱਧਣ ਨੂੰ ਚੁਣਿਆ ਗਿਆ।





# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੱਤੀ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਫ਼ਿਰੋਜ਼ਪੁਰ–** ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪੰਜਾਬ ਦੇ ਪਹਿਲੇ ਦੌਰੇ 'ਤੇ ਆਏ ਨਰਿੰਦਰ ਮੋਦੀ ਨੇ ਅੱਜ ਫ਼ਿਰੋਜ਼ਪੁਰ 'ਚ ਹੁਸੈਨੀਵਾਲਾ ਸਥਿਤ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਪੰਜਾਬ ਵਾਸੀਆਂ ਦੇ ਦੇਸ਼ ਦੀ ਆਜ਼ਾਦੀ ਤੇ ਰੱਖਿਆ ਵਿੱਚ ਭਰਵਾਂ ਯੋਗਦਾਨ ਪਾਉਣ ਅਤੇ ਭਰਵਾਂ ਅਨਾਜ ਦੇਣ ਲਈ ਉਨ੍ਹਾਂ ਦੀ ਤਾਰੀਫ਼ ਕੀਤੀ। ਉਨ੍ਹਾਂ ਕਿਸਾਨਾਂ ਨੂੰ ਨਸੀਹਤ ਦਿੱਤੀ ਕਿ ਉਹ ਕੀਟਨਾਸ਼ਕ ਦਵਾਈਆਂ, ਖਾਦਾਂ ਤੇ ਪਾਣੀ ਦੀ ਸੰਭਲ ਕੇ ਲੋੜ ਮੁਤਾਬਕ ਹੀ ਵਰਤੋਂ ਕਰਨ। ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਆਪਣੇ ਸਿਆਸੀ ਸਫ਼ਰ ਵਿੱਚ ਪੰਜਾਬ ਦਾ ਮਹੱਤਵ ਦੱਸਦੇ ਹੋਏ ਕਿਹਾ, ''ਮੈਂ ਆਪਣੇ ਰਾਜਨੀਤਿਕ ਸਫ਼ਰ ਦੇ ਸ਼ੁਰੂਆਤੀ ਦੌਰ ਵਿੱਚ ਬਾਦਲ ਸਾਹਿਬ ਦੀ ਉਂਗਲੀ ਫੜ ਕੇ ਰਾਜਨੀਤੀ ਸਿੱਖੀ।'' ਪੰਜਾਬ ਨਾਲ ਖ਼ੂਨ ਦਾ ਰਿਸ਼ਤਾ ਦੱਸਦਿਆਂ ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੇ ਪੰਜ ਪਿਆਰਿਆਂ ਵਿੱਚੋਂ ਇੱਕ ਗੁਜਰਾਤ ਦੇ ਦਵਾਰਕਾ ਦੇ ਨਿਵਾਸੀ ਸਨ।

ਰਾਜ ਨੂੰ ਸ਼ਹੀਦਾਂ ਦੀ ਧਰਤੀ ਦੱਸਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਪੰਜਾਬ ਦੀ ਧਰਤੀ ਨੇ ਸਭ ਤੋਂ ਵੱਧ ਬਲਿਦਾਨ ਦਿੱਤੇ ਹਨ। ਉਨ੍ਹਾਂ ਕਿਹਾ, ''ਦੇਸ਼ ਦੀ ਵੰਡ ਤੋਂ ਪਹਿਲਾਂ ਵੀ ਪੰਜਾਬੀ ਦੇਸ਼ ਲਈ ਜੀਏ ਤੇ ਵੰਡ ਤੋਂ ਬਾਅਦ ਵੀ ਦੇਸ਼ ਲਈ ਜੀ ਰਹੇ ਹਨ।'' ਦੇਸ਼ ਨੂੰ ਅੱਗੇ ਵਧਾਉਣ ਲਈ ਪੰਜਾਬੀ ਕਿਸਾਨਾਂ ਦੀ ਅਹਿਮ ਭੂਮਿਕਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਸਾਨਾਂ ਵੱਲੋਂ ਕੀਟਨਾਸ਼ਕ ਦਵਾਈਆਂ ਦਾ ਲੋੜ ਤੋਂ 57 ਗੁਣਾ ਵੱਧ ਇਸਤੇਮਾਲ ਕਰਨ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ। ਉਹ ਇਸ ਗੱਲ 'ਤੇ ਵੀ ਚਿੰਤਿਤ ਨਜ਼ਰ ਆਏ ਕਿ ਸੂਬੇ ਦੇ ਕਿਸਾਨਾਂ ਵੱਲੋਂ ਖੇਤੀ ਵਾਸਤੇ ਇਸਤੇਮਾਲ ਕੀਤੇ ਜਾ ਰਹੇ ਪਾਣੀ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਇਸ ਕਾਰਨ ਧਰਤੀ ਹੇਠਲਾ ਪਾਣੀ ਖਤਰੇ ਦੇ ਨਿਸ਼ਾਨ ਤੱਕ ਪਹੁੰਚ ਗਿਆ ਹੈ। ਉਨ੍ਹਾਂ ਕਿਸਾਨਾਂ ਨੂੰ ਆਧੁਨਿਕ ਵਿਗਿਆਨ ਦਾ ਲਾਹਾ ਲੈਣ ਦੀ ਅਪੀਲ ਕਰਦਿਆਂ ਸਿੰਜਾਈ ਲਈ ਪਾਣੀ ਅਤੇ ਕੀਟਨਾਸ਼ਕਾਂ ਦੀ ਘੱਟ ਵਰਤੋਂ ਕਰਨ ਦੀ ਨਸੀਹਤ ਦਿੱਤੀ। ਪ੍ਰਧਾਨ ਮੰਤਰੀ ਨੇ ਕਿਸਾਨਾਂ ਵਾਸਤੇ 'ਪੈਨਸ਼ਨ ਯੋਜਨਾ' ਅਤੇ 'ਜ਼ਮੀਨ ਹੈਲਥ ਕਾਰਡ' ਜਿਹੀਆਂ ਯੋਜਨਾਵਾਂ ਜਲਦੀ ਸ਼ੁਰੂ ਕੀਤੇ ਜਾਣ ਦਾ ਭਰੋਸਾ ਦਿੱਤਾ।



ਵੱ ਖ - ਵੱ ਖ ਰਿਆਇਤਾਂ ਦਾ ਐਲਾਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਸਰਕਾਰ ਦੀ ਅਗਲੀ ਪੰਜ ਸਾਲਾ ਯੋਜਨਾ ਲਈ ਸੂਬੇ ਨੂੰ 54 ਹਜ਼ਾਰ ਕਰੋੜ ਰੁਪਏ ਮਿਲਣਗੇ ਜਦਕਿ ਪਿਛਲੀ ਪੰਜ ਸਾਲਾ ਯੋਜਨਾ ਦੌਰਾਨ ਸੂਬੇ ਨੂੰ 20,000 ਕਰੋੜ ਰੁਪਏ ਮਿਲੇ ਸਨ। ਉਨ੍ਹਾਂ ਸ਼ਹਿਰੀ ਤੇ ਪੰਚਾਇਤੀ ਸੰਸਥਾਵਾਂ ਦੇ ਵਿਕਾਸ ਵਾਸਤੇ 4000 ਕਰੋੜ ਰੁਪਏ ਤੋਂ ਵਧਾ ਕੇ 6000 ਕਰੋੜ ਕਰਨ ਦਾ ਐਲਾਨ ਵੀ ਕੀਤਾ। ਬੇਮੌਸਮੀ ਬਰਸਾਤ ਨਾਲ ਫ਼ਸਲਾਂ ਦੇ ਹੋਏ ਨੁਕਸਾਨ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਸੂਬਾ ਸਰਕਾਰਾਂ ਨੂੰ ਕੇਂਦਰ ਵੱਲੋਂ ਹਰਸੰਭਵ ਮਦਦ ਦਾ ਭਰੋਸਾ ਦਿੱਤਾ। ਉਨ੍ਹਾਂ ਪਿਛਲੀ ਯੂਪੀਏ ਸਰਕਾਰ ਤੇ ਹੱਲਾ ਬੋਲਦਿਆਂ ਕਿਹਾ ਕਿ ਉਸ ਨੇ ਦੇਸ਼ ਵਿੱਚ ਭ੍ਰਿਸ਼ਟਾਚਾਰ ਦੇ ਸਾਰੇ ਰਿਕਾਰਡ ਤੋੜ ਦਿੱਤੇ ਸਨ। ਕੋਲਾ ਘੁਟਾਲੇ ਦੀ ਗੱਲ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਉਨ੍ਹਾਂ ਵੱਲੋਂ ਨਿਲਾਮ ਕੀਤੀਆਂ ਗਈਆਂ 204 ਖਦਾਨਾਂ ਦੀ ਬੋਲੀ ਰੱਦ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਹੁਣ 20 ਕੋਲਾ ਖਦਾਨਾਂ ਦੀ ਪਾਰਦਰਸ਼ੀ ਢੰਗ ਨਾਲ ਖੁੱਲ੍ਹੀ ਬੋਲੀ ਕਰਵਾਈ ਗਈ ਹੈ ਅਤੇ ਕੇਂਦਰ ਨੂੰ ਇਨ੍ਹਾਂ ਖਦਾਨਾਂ ਤੋਂ ਕਰੀਬ 2 ਲੱਖ ਕਰੋੜ ਰੁਪਏ ਇਕੱਤਰ ਹੋਣ ਦੀ ਉਮੀਦ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੇ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਨੂੰ ਖੁਸ਼ ਕਰਨ ਲਈ ਬੰਨ੍ਹੇ ਗਏ 'ਤਾਰੀਫ਼ਾਂ ਦੇ ਪੁਲ' ਅੱਜ ਚੰਦ ਮਿੰਟਾਂ ਵਿੱਚ ਹੀ ਢਹਿ-ਢੇਰੀ ਹੋ ਗਏ। ਸ੍ਰੀ ਮੋਦੀ ਨੇ ਆਪਣੇ ਭਾਸ਼ਨ ਦੇ ਅੰਤ ਤੱਕ ਇਸ ਸਰਹੱਦੀ ਜ਼ਿਲ੍ਹੇ ਦੇ ਵਿਕਾਸ ਲਈ ਕੋਈ ਵਿਸ਼ੇਸ਼ ਫੰਡ ਜਾਰੀ ਕੀਤੇ ਜਾਣ ਦਾ ਕੋਈ ਐਲਾਨ ਨਹੀਂ ਕੀਤਾ। ਸ੍ਰੀ ਮੋਦੀ ਨੇ ਸਿਰਫ਼ ਅੰਮ੍ਰਿਤਸਰ ਵਿੱਚ 'ਸ਼ਹੀਦ ਭਗਤ ਸਿੰਘ ਪੋਸਟ ਗਰੈਜੂਏਟ ਇੰਸਟੀਚਿਊਟ ਆਫ਼ ਹਾਰਟੀਕਲਚਰ ਐਂਡ ਰਿਸਰਚ ਸੈਂਟਰ' ਖੋਲ੍ਹਣ ਦਾ ਹੀ ਐਲਾਨ ਕੀਤਾ। ਮੁੱਖ ਮੰਤਰੀ ਨੂੰ ਪ੍ਰਧਾਨ ਮੰਤਰੀ ਨੇ ਸਿਰਫ਼ ਭਰੋਸਾ ਹੀ ਦਿੱਤਾ ਕਿ ਉਨ੍ਹਾਂ ਵੱਲੋਂ ਰੱਖੀਆਂ ਗਈਆਂ ਮੰਗਾਂ 'ਤੇ ਕੇਂਦਰ ਸਰਕਾਰ ਵੱਲੋਂ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਰਸਾਨੀ ਖਿੱਤੇ ਦੀ ਆਰਥਿਕ ਖੁਸ਼ਹਾਲੀ ਲਈ ਸੂਬੇ ਵਿੱਚ ਹੁਸੈਨੀਵਾਲਾ ਤੇ ਸਾਦਕੀ ਸਰਹੱਦਾਂ ਵਪਾਰਕ ਸਰਗਰਮੀਆਂ ਲਈ ਖੋਲ੍ਹਣ ਦੀ ਜ਼ੋਰਦਾਰ ਵਕਾਲਤ ਕੀਤੀ। ਉਨ੍ਹਾਂ ਅਟਾਰੀ ਸਰਹੱਦ ਰਾਹੀਂ ਬਰਾਮਦ ਕੀਤੀਆਂ ਜਾਣ ਵਾਲੀਆਂ ਵਸਤਾਂ ਦੀ ਸੂਚੀ ਮੁੰਬਈ-ਕਰਾਚੀ ਸਮੁੰਦਰੀ ਰਸਤੇ ਰਾਹੀਂ ਬਰਾਮਦ ਹੁੰਦੀਆਂ ਵਸਤਾਂ ਦੀ ਗਿਣਤੀ ਦੇ ਬਰਾਬਰ ਕਰਨ ਲਈ ਸ੍ਰੀ ਮੋਦੀ ਨੂੰ ਅਪੀਲ ਕੀਤੀ। ਸਰਹੱਦ 'ਤੇ ਕੰਡਿਆਲੀ ਤਾਰ ਤੋਂ ਪਾਰਲੀ ਜ਼ਮੀਨ ਵਾਹੁਣ ਵਾਲੇ ਕਿਸਾਨਾਂ ਨੂੰ ਰਾਹਤ ਮੁਹੱਈਆ ਕਰਵਾਉਣ ਲਈ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਵਿਸ਼ੇਸ਼ ਸਕੀਮ ਮੁੜ ਸ਼ੁਰੂ ਕਰਨ ਦੀ ਅਪੀਲ ਕੀਤੀ। ਸ੍ਰੀ ਬਾਦਲ ਨੇ ਰਾਜ ਵੱਲੋਂ ਭੂਮੀ ਪ੍ਰਾਪਤੀ ਵਾਸਤੇ ਬਣਾਈ ਨੀਤੀ ਨੂੰ ਕੌਮੀ ਪੱਧਰ 'ਤੇ ਅਪਣਾਉਣ ਲਈ ਕਿਹਾ। ਉਨ੍ਹਾਂ ਐਨਡੀਏ ਸਰਕਾਰ ਵੱਲੋਂ ਸਹਿਕਾਰੀ ਸੰਘਵਾਦ ਦਾ ਯੁੱਗ ਸ਼ੁਰੂ ਕਰਨ ਲਈ ਸ੍ਰੀ ਮੋਦੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਹਿਲਾ ਮੌਕਾ ਹੈ ਜਦੋਂ ਕੇਂਦਰ ਸਰਕਾਰ ਨੇ ਪੰਜਾਬ ਦੇ ਦੇਸ਼ ਭਗਤ ਲੋਕਾਂ ਵੱਲ ਧਿਆਨ ਦਿੱਤਾ ਹੈ। ਪ੍ਰਧਾਨ ਮੰਤਰੀ ਦਾ ਸਵਾਗਤ ਕਰਦਿਆਂ ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਨੇ ਦੇਸ਼ ਦੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਉਣ ਵਾਸਤੇ ਸ੍ਰੀ ਮੋਦੀ ਦੀ ਸ਼ਲਾਘਾ ਕੀਤੀ। ਇਸ ਮੌਕੇ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ, ਸਮਾਜਿਕ ਨਿਆਂ ਤੇ ਸਸ਼ਕਤੀਕਰਨ ਬਾਰੇ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਅਤੇ ਜਨਮੇਜਾ ਸਿੰਘ ਸੇਖੋਂ ਵੀ ਹਾਜ਼ਰ ਸਨ।

# "ਬੱਚਿਆ ਦਾ 22ਵਾਂ ਵਿਸਾਖੀ ਮੇਲਾ" 18 ਅਪ੍ਰੈਲ ਦਿਨ ਸ਼ਨੀਵਾਰ ਨੂੰ ਕਰੰਦਰਜ਼ ਗੁਰੂਘਰ ਵਿਖੇ ਹੋਵੇਗਾ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਖੇਤੀਬਾੜੀ ਵਾਲੇ ਹਰਿਆਲੀ ਬਖੇਰਦੇ ਫਰਿਜ਼ਨੋ ਦੇ ਨਜ਼ਦੀਕੀ 'ਪੈਸ਼ੀਫਿਕ ਕੋਸ਼ਟ ਖਾਲਸਾ ਦੀਵਾਨ ਸੁਸਾਇਟੀ" ਕਰੰਦਰਜ਼ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ 22ਵਾਂ ਬੱਚਿਆ ਦਾ ਵਿਸਾਖੀ ਮੇਲਾ ਬੜੀ ਧੂਮਧਾਮ ਨਾਲ 18 ਅਪ੍ਰੈਲ ਦਿਨ ਸ਼ਨੀਵਾਰ ਨੂੰ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਬੱਚਿਆ ਨੂੰ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਦੇ ਨਾਲ ਜੋੜਨ ਲਈ ਖੇਡਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਹੋਵੇਗਾ। ਜਿੰਨ੍ਹਾਂ ਵਿੱਚ ਕੀਰਤਨ, ਗਾਇਕੀ, ਕਵੀਸ਼ਰੀ, ਗਿੱਧਾ, ਭੰਗੜਾ ਅਤੇ ਹੋਰ ਬਹੁਤ ਕੁਝ ਮੁੱਖ ਅਕਰਸ਼ਣ ਹੋਣਗੇ। ਇਸ ਮੇਲੇ ਦੀ ਸੁਰੂਆਤ ਗੁਰੂਘਰ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਗੁਰਮਤਿ ਸਮਾਗਮ ਨਾਲ ਹੋਵੇਗੀ। ਇਸ ਸੰਬੰਧੀ ਮੇਲੇ ਦੇ ਸਮੂੰਹ ਪ੍ਰਬੰਧਕਾ ਦੀ ਇਕ ਵਿਸ਼ੇਸ਼ ਮੀਟਿੰਗ ਗੁਰੂਘਰ ਵਿਖੇ ਹੋਈ। ਜਿਸ ਵਿੱਚ ਇਸ ਸਾਲ ਦੇ ਮੇਲੇ ਦੇ ਪ੍ਰਬੰਧ ਅਤੇ ਕਰਵਾਈਆਂ ਜਾ ਰਹੀਆਂ ਬੱਚਿੱਆ ਦੀਆਂ ਖੇਡਾ ਅਤੇ ਸੱਭਿਆਚਾਰਕ ਪ੍ਰੋਗਰਾਮ ਸੰਬੰਧੀ ਵਿਚਾਰਾ ਕੀਤੀਆਂ ਗਈਆਂ। ਜਿਸ ਦੌਰਾਨ ਇਹ ਵੀ ਤਹਿ ਕੀਤਾ ਗਿਆ ਕਿ ਬੱਚਿਆ ਦੇ ਨਾਲ-ਨਾਲ ਬਜ਼ੁਰਗਾਂ ਦੀਆਂ ਖੇਡਾ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ।

ਇਸੇ ਤਰ੍ਹਾਂ ਪੁਰਾਤਨ ਰਵਾਇਤੀ ਵਸ਼ਤਾ ਦੀ ਪ੍ਰਦਸ਼ਨੀ ਵੀ ਲਗਾਈ ਜਾਵੇਗੀ। ਇਸ ਤੋਂ ਇਲਾਵਾ ਫਰੀ ਮੈਡੀਕਲ ਚੈੱਕਅਪ, ਵੱਖ ਕੰਪਨੀਆਂ ਦੇ ਬੂਥ ਅਤੇ ਨੁਮਾਇਸਾ ਆਦਿਕ ਹੋਣਗੇ। ਗੁਰੂਘਰ ਅੰਦਰ ਫਰੀ ਪਾਰਕਿੰਗ ਅਤੇ ਲੰਗਰਾਂ ਦੇ ਪ੍ਰਬੰਧ ਹੋਣਗੇ। ਇਸ ਮੇਲੇ ਦਾ ਮਹੌਲ ਬਿਲਕੁਲ ਪੰਜਾਬ ਦੀ ਤਸਵੀਰ ਪੇਸ਼ ਕਰੇਗਾ। ਮੇਲੇ ਦਾ ਸਿੱਧਾ ਵਿਸ਼ੇਸ਼ ਪ੍ਰਸ਼ਾਰਣ ਗਲੋਬਲ ਪੰਜਾਬ ਟੀ. ਵੀ. ਦੁਆਰਾ ਦਿਖਾਇਆ ਜਾਵੇਗਾ। ਇਸ ਮੇਲੇ ਵਿੱਚ ਬੱਚਿਆ ਸਮੇਤ ਸਾਮਲ ਹੋਣ ਲਈ ਪ੍ਰਬੰਧਕਾਂ ਵੱਲੋਂ ਸਮੂੰਹ ਸੰਗਤ ਨੂੰ ਅਪੀਲ ਕੀਤੀ ਜਾਂਦੀ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price
Kashmir S. Thandi
Office: (866) 933-3038
Balhar S. Ranu
Cell: 916-502-7733



Yuba City Ph: 530-419-5058
1816 Main Ave.,
Secramento CA, 95838



ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
209-479-0242

# ਨਾਨਕਸ਼ਾਹੀ 547 ਨਵੇਂ ਸਾਲ ਦੀ ਆਮਦ ਤੇ ਵਿਸ਼ੇਸ਼ ਸਮਾਗਮ ਗੁਰੂ ਘਰ ਵਿਖੇ ਆਯੋਜਿਤ ਕੀਤਾ







**ਨਿਊਯਾਰਕ–** ਸ੍ਰੀ ਗੁਰੂ ਰਵਿਦਾਸ ਗੁਰੂ ਘਰ 61-01 ਬਰ-ਾਡਵੇ ਵਿਖੇ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਸੰਗਤ ਦੇ ਸਹਿਯੋਗ ਨਾਲ ਨਾਨਕਸ਼ਾਹੀ ਸੰਮਤ 547 ਨੂੰ ਜੀ ਆਇਆਂ ਕਹਿਣ ਲਈ ਵਿਸ਼ੇਸ਼ ਸਮਾਗਮ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਜਾਏ ਗਏ। ਸ਼ਨੀਵਾਰ ਸ਼ਾਮ ਨੂੰ 7 ਵਜੇ ਵਿਸ਼ੇਸ਼ ਦੀਵਾਨ ਸਜਾਏ ਗਏ। ਐਤਵਾਰ ਦਾ ਵਿਸ਼ੇਸ਼ ਦੀਵਾਨ ਸਵੇਰ ਤੋਂ ਲੈ ਕੇ ਸ਼ਾਮ ਤੱਕ ਚੱਲਿਆ। ਇਹਨਾਂ ਦੀਵਾਨਾਂ ਅੰਦਰ ਗੁਰੂ ਘਰ ਦੇ ਕੀਰਤਨੀਏ ਕਥਾਵਾਚਕ ਵੱਲੋਂ ਹਾਜ਼ਰੀ ਲਗਵਾ ਕੇ ਸ਼ਬਦਾਂ ਦੀ ਸਾਂਝ ਪਾਈ। ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਸਭ ਨੂੰ ਬੇਨਤੀ ਕੀਤੀ ਕਿ ਜਿਵੇਂ ਅਸੀਂ ਨਵੇਂ ਸਾਲ 31 ਦਸੰਬਰ ਦੀ ਰਾਤ ਨੂੰ ਇਕੱਤਰ ਹੁੰਦੇ ਹਾਂ, ਇਸੇ ਤਰ੍ਹਾਂ ਸਾਨੂੰ ਨਾਨਕਸ਼ਾਹੀ ਸਾਲ ਦੀ ਆਮਦ ਤੇ ਵੀ ਹੁੰਮ ਹੁੰਮਾ ਕੇ ਗੁਰੂ ਘਰ ਪਹੁੰਚਣਾ ਚਾਹੀਦਾ ਹੈ। ਤਾਂ ਕਿ ਆਪ ਅਤੇ ਆਪਣੇ ਬੱਚੇ ਆਪਣੇ ਵਿਰਸੇ ਤੋਂ ਜਾਣੂ ਹੋ ਸਕਣ। ਗੁਰੂ ਘਰ ਵੱਲੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਮਨਾਇਆ ਗਿਆ, ਜਿਹਨਾਂ ਦਾ ਜਨਮ 15 ਮਾਰਚ 1934 ਨੂੰ ਖੁਹਾਸਪੁਰ ਪਿੰਡ ਰੋਪੜ ਜ਼ਿਲ੍ਹੇ ਅੰਦਰ ਪਿਤਾ ਹਰੀ ਸਿੰਘ ਦੇ ਘਰ ਹੋਇਆ। ਜਿਹਨਾਂ ਨੇ ਉਚ ਵਿੱਦਿਆ ਪ੍ਰਾਪਤੀ ਤੋਂ ਬਾਅਦ ਦੱਬੇ ਕੁਚਲੇ ਸਮਾਜ ਦੇ ਹੱਕਾਂ ਦੀ ਪ੍ਰਾਪਤੀ ਲਈ ਆਪਣਾ ਸਵਾਸ ਸਵਾਸ ਲਗਾਇਆ। ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਵੀ ਜਨ ਜਨ ਤੱਕ ਪਹੁੰਚਾਇਆ। ਗੁਰੂ ਰਵਿਦਾਸ ਸਭਾ ਨਿਊਯਾਰਕ ਜਿੱਥੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਦਿਵਸ ਸਾਰੇ ਦਿਨ ਮਨਾਉਂਦੀ ਹੈ, ਉਥੇ ਗੁਰਬਾਣੀ ਤੋਂ ਆਪਾ ਵਾਰਨ ਵਾਲਿਆਂ ਨੂੰ ਯਾਦ ਕਰਦੀ ਹੈ। ਸਟੇਜ ਦੀ ਜ਼ਿੰਮੇਵਾਰੀ ਪਰਮਜੀਤ ਲਾਲ ਨੇ ਨਿਭਾਈ।

## ਪ੍ਰਭੂ ਯਿਸੂ ਨੂੰ ਸਲੀਬ ਦੇਣ ਦੀ ਸਾਜਿਸ਼ ਰਚਣ ਵਾਲੇ ਸਭ ਤਬਾਹ ਹੋ ਗਏ



ਫਰੈਡੀ ਜੋਜ਼ਫ
ਖੁਦਾਈ ਖਿਦਮਤਗਾਰ

ਪ੍ਰਭੂ ਯਿਸੂ ਨੇ ਸਲੀਬ ਤੇ ਲਟਕਦਿਆਂ ਖੁਦਾ ਤੋਂ ਦੁਆ ਮੰਗੀ ''ਐ ਖੁਦਾ ਇਨ੍ਹਾਂ ਨੂੰ ਮਾਫ ਕਰ ਕਿਉਂਕਿ ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ।''

(ੳ) ਪਵਿੱਤਰ ਬਾਈਬਲ ਵਿਚ ਲਿਖਿਆ ਹੈ ਕਿ ਪ੍ਰਭੂ ਯਿਸੂ ਨੂੰ ਸਲੀਬ ਦੇਣ ਦੀ ਸਾਜਿਸ਼ ਵਿਚ ਸ਼ਾਮਲ ਯੂਹਦਾ ਅਸਕਰੂਤੀ ਬਹੁਤ ਖਤਰਨਾਕ ਮੌਤ ਮਰਿਆ ਹਾਲਾਂਕਿ ਉਸਦਾ ਪਛ-ਤਾਵਾ ਬੇਮਿਸਾਲ ਸੀ।

(2) ਹੈਰੋਦੇਸ ਜਿਸਨੇ ਪ੍ਰਭੂ ਯਿਸੂ ਨੂੰ ਮਰਵਾਉਣ ਲਈ ਬੈਤਲਹਮ ਨਗਰ ਦੇ ਨਿੱਕੇ ਨਿੱਕੇ ਬੱਚੇ ਕਤਲ ਕਰਵਾ ਦਿੱਤੇ ਸਨ, ਉਹ ਕੀੜੇ ਪੈ ਕੇ ਮਰਿਆ। ਉਸਦੀ ਲਾਸ਼ ਕੀੜਿਆਂ ਦਾ ਇਕੋ ਭੌਣ ਹੀ ਸੀ ਜਿਸ ਵਿਚੋਂ ਬਹੁਤ ਬੂ ਆ ਰਹੀ ਸੀ।

(3) ਰਾਜਪਾਲ ਪਿਲਾਤੁਸ ਜਿਸਨੇ ਪ੍ਰਭੂ ਯਿਸੂ ਨੂੰ ਨਿਰਦੋਸ਼ ਕਰਾਰ ਦੇਣ ਦੇ ਬਾਵਜੂਦ ਉਸਨੂੰ ਮਾਰਨ ਲਈ ਉਸਦੇ ਦੁਸ਼ਮਣ ਯਹੂਦੀਆਂ ਦੇ ਹਵਾਲੇ ਕਰ ਦਿੱਤਾ ਸੀ। ਇਸ ਘੋਰ ਅਨਿਆ ਕਾਰਨ ਰੋਮ ਸਰਕਾਰ ਨੇ ਉਸਨੂੰ ਰਾਜਪਾਲ ਦੇ ਅਹੁਦੇ ਤੋਂ ਲਾਹ ਦਿੱਤਾ। ਸਦਮਾ ਬਰਦਾਸ਼ਤ ਨਾ ਹੋਣ ਕਾਰਨ ਉਹ ਪਾਗਲ ਹੋ ਗਿਆ ਅਤੇ ਪਾਗਲਪਣ ਵਿਚ ਹੀ ਉਸਨੇ ਖੁਦਕੁਸ਼ੀ ਕਰ ਲਈ।

(ਸ) ਜਿਨ੍ਹਾਂ ਯਹੂਦੀਆਂ ਨੇ ਕਿਹਾ ਸੀ ਇਸਦਾ ਖ਼ੂਨ ਸਾਡੇ ਅਤੇ ਸਾਡੀ ਔਲਾਦ ਤੇ ਹੋਵੇ ਉਹ ਸਾਰੇ ਭਿਆਨਕ ਮੌਤ ਮਾਰੇ ਗਏ। ਇਕ ਰੋਮੀ ਹਾਕਮ ਨੇ ਯਰੂਸ਼ਲਮ ਨੂੰ ਘੇਰਾ ਪਾ ਲਿਆ ਤੇ ਉਹਨਾਂ ਸਾਰੇ ਯਹੂਦੀਆਂ ਨੂੰ ਬੰਦੀ ਬਣਾ ਲਿਆ। ਉਥੇ ਭੁੱਖ ਦੇ ਮਾਰੇ ਇਨ੍ਹਾਂ ਯਹੂਦੀਆਂ ਨੇ ਆਪਣੇ ਬੱਚੇ ਮਾਰ ਮਾਰ ਖਾਧੇ ਤੇ ਪਾਣੀ ਦੀ ਥਾਂ ਆਪਣਾ ਪਿਸ਼ਾਬ ਪੀਣ ਲਈ ਬੇਵੱਸ ਹੋ ਗਏ ਅਤੇ ਆਖਿਰ ਇਨ੍ਹਾਂ ਹਾਲਾਤ ਵਿਚ ਹੀ ਸਾਰੇ ਮਾਰੇ ਗਏ।

## ਸ਼੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਖਾਨਪੁਰ ਦਾ ਮੈਗਜ਼ੀਨ "ਦਿਸ਼ਾ" ਜਾਰੀ



**ਮੁਕੰਦਪੁਰ (ਰੇਸ਼ਮ ਕਰਨਾਣਵੀ)–** ਬੱਚਿਆਂ 'ਚ ਲਿਖਣ ਦੀ ਚੇਤਨਾ ਪੈਦਾ ਕਰਨ ਦੇ ਯਤਨਾਂ ਨੂੰ ਸਾਰਥਿਕ ਬਣਾਉਣ ਲਈ ਮੈਗਜ਼ੀਨ 'ਦਿਸ਼ਾ' ਦਾ ਸੰਪਾਦਨ ਕੀਤਾ ਗਿਆ। ਜਿਸ ਨੂੰ ਸਕੂਲ ਦੇ ਸਟਾਫ ਤੇ ਪ੍ਰਬੰਧਕੀ ਬੋਰਡ ਵਲੋਂ ਜਾਰੀ ਕੀਤਾ ਗਿਆ। ਮੈਗਜ਼ੀਨ ਵਿਚ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਦੇ ਵੱਖ-ਵੱਖ ਸੈਕਸ਼ਨ ਬਣਾਏ ਗਏ। ਜਿਨ੍ਹਾਂ ਵਿੱਚ ਮੁੱਖ ਸੰਪਾਦਕ ਹਰ ਸੈਕਸ਼ਨ ਦੇ ਸੰਪਾਦਕ ਦੀ ਸੰਪਾਦਕੀ ਅਤੇ ਵਿਦਿਆਰਥੀਆਂ ਦੀਆਂ ਰਚਨਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਮੈਗਜ਼ੀਨ ਜਾਰੀ ਕਰਨ ਮੌਕੇ ਪ੍ਰਧਾਨ ਪ੍ਰਦੀਪ ਰਤਨ ਸ਼ਰਮਾ, ਪ੍ਰਿੰਸੀਪਲ ਪ੍ਰਕਾਸ਼ ਸਿੰਘ,ਮੁੱਖ ਸੰਪਾਦਕ ਅਤੇ ਹਿੰਦੀ ਦੇ ਸੰਪਾਦਕ ਰਾਜੇਸ਼ ਕੁਮਾਰ ਤਿਵਾੜੀ, ਹਿੰਦੀ ਸੈਕਸ਼ਨ ਦੇ ਸੰਪਾਦਕ ਰੀਨਾ ਤਿਵਾੜੀ, ਪੰਜਾਬੀ ਸੈਕਸ਼ਨ ਦੇ ਸੰਪਾਦਕ ਰੇਸ਼ਮੋ ਰਾਣੀ ਹਾਜ਼ਰ ਹੋਏ।

## ਪ੍ਰੋ: ਮੋਹਨ ਸਿੰਘ ਯਾਦਗਾਰੀ ਫਾਊਡੇਸ਼ਨ ਦੀ ਪਲੇਠੀ ਮੀਟਿੰਗ ਆਯੋਜਿਤ

**ਲੁਧਿਆਣਾ– (ਬੀ ਕੇ ਰੱਤੂ)** ਵਿਸ਼ਵ-ਭਰ ਅੰਦਰ ਪੰਜਾਬੀ ਸੱਭਿਆਚਾਰ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਵਾਲੀ ਅੰਤਰ-ਰਾਸ਼ਟਰੀ ਪੱਧਰ ਦੀ ਸੰਸਥਾ ਪ੍ਰੋ: ਮੋਹਨ ਸਿੰਘ ਯਾਦਗਾਰੀ ਫਾਊਡੇਸ਼ਨ ਦੀ ਪਲੇਠੀ ਮੀਟਿੰਗ ਸ. ਜਗਦੇਵ ਸਿੰਘ ਜੱਸੋਵਾਲ ਵੱਲੋਂ ਰਿਲੀਜ਼ ਕਰ ਦਿੱਤਾ ਜਾਵੇਗਾ। ਇਸ ਮੌਕੇ ਸ. ਜਸਵੰਤ ਸਿੰਘ ਢਿੱਲੋਂ ਇੰਚਾਰਜ ਕੈਨੇਡਾ ਇਕਾਈ ਵੱਲੋਂ ਲਿਖੀ ਕਵਿਤਾਵਾਂ ਦੀ ਕਿਤਾਬ 'ਪਿਆਰ ਦੀਆਂ ਤਰੰਗਾਂ' ਨੂੰ ਰਿਲੀਜ਼ ਕੀਤਾ ਗਿਆ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਸ. ਸਾਹਿਬ ਸਿੰਘ ਥਿੰਦ



ਦੇ ਅਕਾਲ ਚਲਾਣਾ ਕਰ ਜਾਣ ਪਿੱਛੋਂ ਪ੍ਰਧਾਨ ਪਰਗਟ ਸਿੰਘ ਗਰੇਵਾਲ ਦੀ ਪ੍ਰਧਾਨਗੀ ਹੇਠ ਵਿਰਾਸਤ ਭਵਨ ਪਾਲਮ ਵਿਹਾਰ ਵਿਖੇ ਹੋਈ। ਇਸ ਵਿੱਚ ਫਾਊਡੇਸ਼ਨ ਦੇ ਸਮੂਹ ਅਹੁੱਦੇਦਾਰਾਂ ਅਤੇ ਮੈਂਬਰਾਨ ਨੇ ਸਰਵ-ਸੰਮਤੀ ਨਾਲ ਜੱਸੋਵਾਲ ਦੇ ਛੋਟੇ ਭਰਾ ਇੰਦਰਜੀਤ ਸਿੰਘ ਗਰੇਵਾਲ ਨੂੰ ਫਾਊਡੇਸ਼ਨ ਦਾ ਚੇਅਰਮੈਨ ਅਤੇ ਜਗਦੇਵ ਸਿੰਘ ਜੱਸੋਵਾਲ ਚੈਰੀਟੇਬਲ ਟਰੱਸਟ ਦਾ ਸਰਪ੍ਰਸਤ ਚੁਣ ਲਿਆ। ਮੀਟਿੰਗ ਦੀ ਸ਼ੁਰੂਆਤ ਸਮੇਂ ਫਾਊਡੇਸ਼ਨ ਦੇ ਬਾਨੀ ਚੇਅਰਮੈਨ ਜਗਦੇਵ ਸਿੰਘ ਜੱਸੋਵਾਲ ਨੂੰ 2 ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਉਨ੍ਹਾਂ ਦੀਆਂ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਲਈ ਕੀਤੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਫਾਊਡੇਸ਼ਨ ਦੇ ਪ੍ਰਧਾਨ ਪ੍ਰਗਟ ਸਿੰਘ ਗਰੇਵਾਲ ਨੇ ਦੱਸਿਆ ਕਿ ਮੀਟਿੰਗ ਵਿੱਚ ਸਰਵ-ਸੰਮਤੀ ਨਾਲ ਇਹ ਵੀ ਫੈਸਲਾ ਲਿਆ ਗਿਆ ਕਿ ਜੱਸੋਵਾਲ ਦੀ ਯਾਦ ਨੂੰ ਸਦੀਵੀਂ ਬਰਕਰਾਰ ਰੱਖਿਆ ਜਾਵੇਗਾ। 30 ਅਪ੍ਰੈਲ 2015 ਨੂੰ ਜੱਸੋਵਾਲ ਦਾ 81ਵਾਂ ਜਨਮ ਦਿਹਾੜਾ ਸਦਭਾਵਨਾ ਦਿਵਸ ਅਤੇ ਨਸ਼ਿਆਂ ਦੇ ਵਿਰੋਧ ਵਿੱਚ ਮਨਾਇਆ ਜਾਵੇਗਾ। ਇਸ ਮੌਕੇ ਪੰਜਾਬ ਦੀ ਉਘੀ ਸਮਾਜਿਕ ਸਖਸ਼ੀਅਤ ਨੂੰ ਫਾਊਡੇਸ਼ਨ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜੱਸੋਵਾਲ ਦੀ ਯਾਦ ਵਿੱਚ ਸਮ੍ਰਿਤੀ ਗ੍ਰੰਥ ਤਿਆਰ ਕਰਨ ਦਾ ਵੀ ਫੈਸਲਾ ਲਿਆ ਗਿਆ ਹੈ ਜਿਸ ਵਿੱਚ ਉਨ੍ਹਾਂ ਦੇ ਦੋਸਤਾਂ ਮਿੱਤਰਾਂ ਤੋਂ ਇਲਾਵਾ ਉਨ੍ਹਾਂ ਨਾਲ ਜੁੜੇ ਹੋਏ ਕਲਾ ਪ੍ਰੇਮੀਆਂ ਅਤੇ ਵਿਦਵਾਨਾਂ ਦੀਆਂ ਰਚਨਾਵਾਂ ਨੂੰ ਸ਼ਾਮਲ ਕੀਤਾ ਜਾਵੇਗਾ। ਇਸ ਸਮ੍ਰਿਤੀ ਗ੍ਰੰਥ ਨੂੰ ਅਗਲੇ ਪ੍ਰੋ: ਮੋਹਨ ਸਿੰਘ ਮੇਲੇ ਮੌਕੇ ਫਾਊਡੇਸ਼ਨ ਪ੍ਰਧਾਨ ਫਾਊਡੇਸ਼ਨ ਕੈਨੇਡਾ ਇਕਾਈ, ਜਸਵੰਤ ਸਿੰਘ ਢਿੱਲੋਂ ਪ੍ਰਧਾਨ ਅਮਰੀਕਾ ਇਕਾਈ ਅਤੇ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਬਰਨਾਲਾ ਤੋਂ ਸੁਦਰਸ਼ਨ ਕੁਮਾਰ ਗੁੱਡੂ, ਮੋਗਾ ਤੋਂ ਸ. ਰਾਜਿੰਦਰ ਪਾਲ ਸਿੰਘ ਥਰਾਜ, ਅੰਮ੍ਰਿਤਸਰ ਤੋਂ ਦਿਲਬਾਗ ਸਿੰਘ ਖਤਰਾਏ ਕਲਾਂ, ਪਟਿਆਲਾ ਨਾਭਾ ਤੋਂ ਸੁਖਦੇਵ ਸਿੰਘ ਢੀਂਡਸਾ, ਮੁਹਾਲੀ ਤੋਂ ਬਲਰਾਜ ਸਿੰਘ ਗਿੱਲ, ਹੁਸ਼ਿਆਰਪੁਰ ਤੋਂ ਕੁਲਦੀਪ ਕੁਮਾਰ ਲਵਲੀ ਅਤੇ ਟਰੱਸਟ ਦੇ ਚੇਅਰਮੈਨ ਸਾਧੂ ਸਿੰਘ ਗਰੇਵਾਲ, ਜਗਪਾਲ ਸਿੰਘ ਖੰਗੂੜਾ, ਸ. ਮਲਕੀਤ ਸਿੰਘ ਦਾਖਾ, ਇਕਬਾਲ ਸਿੰਘ ਰੁੜਕਾ, ਗੁਰਨਾਮ ਸਿੰਘ ਧਾਲੀਵਾਲ, ਹਰਭਜਨ ਰਾਣਾ, ਲੋਕ ਗਾਇਕ ਰਵਿੰਦਰ ਗਰੇਵਾਲ, ਦੇਵ ਥਰੀਕਿਆਂ ਵਾਲਾ, ਜਗਰੂਪ ਸਿੰਘ ਜਰਖੜ, ਗੁਰਮੀਤ ਸਿੰਘ ਸਰਪੰਚ ਜੱਸੋਵਾਲ, ਹਰਵਿੰਦਰ ਪਾਲ ਸਿੰਘ ਜੱਸੋਵਾਲ, ਲੋਕ ਗਾਇਕ ਹਰਬੰਸ ਸਹੋਤਾ, ਚਮਕ ਚਮਕੀਲਾ, ਜਸਬੀਰ ਜੱਸ, ਸਰਬਜੀਤ ਸਿੰਘ ਵਿਰਦੀ, ਪਰਮਜੀਤ ਸਿੰਘ ਪੰਮੀ, ਗੁਰਮੀਤ ਬੜੂੰਦੀ, ਬਲਤੇਜ ਸਰਾਂ, ਜਸਵੰਤ ਸਿੰਘ ਛਾਪਾ, ਗੁਰਭੇਜ ਸਿੰਘ ਛਾਬੜਾ, ਕੇ.ਕੇ.ਬਾਵਾ, ਸ. ਬਲਬੀਰ ਸਿੰਘ ਭਾਟੀਆ (ਚੁਆਇਸ ਵੀਡਿਓ), ਰਵਿੰਦਰ ਰਵੀ, ਪ੍ਰੀਤ ਅਰਮਾਨ, ਗੁਰਮੇਲ ਜੀਦਾ, ਵਰਿੰਦਰ ਸਿੰਘ ਸੇਖੋਂ, ਟਹਿਲ ਸਿੰਘ ਖੀਵਾ, ਗੁਰਨਾਮ ਸਿੰਘ ਰਾਜਨ ਅਤੇ ਹੋਰਾਂ ਨੇ ਆਪੋ ਆਪਣੇ ਸੁਝਾਅ ਅਤੇ ਵਿਚਾਰ ਰੱਖੇ। ਅੰਤ ਵਿੱਚ ਅਮਰਿੰਦਰ ਸਿੰਘ ਜੱਸੋਵਾਲ (ਪੋਤਰਾ ਸਵ: ਜਗਦੇਵ ਸਿੰਘ ਜੱਸੋਵਾਲ) ਨੇ ਸਾਰਿਆਂ ਦਾ ਮੀਟਿੰਗ ਵਿੱਚ ਆਉਣ ਲਈ ਆਪਣੇ ਕੀਮਤੀ ਸੁਝਾਅ ਅਤੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

## ਗਰੇਵਾਲ ਪਰਿਵਾਰ ਨੂੰ ਭਾਰੀ ਸਦਮਾ
## ਜਗਜੀਤ ਸਿੰਘ ਗਰੇਵਾਲ ਨਹੀਂ ਰਹੇ

ਸਮੂਹ ਭਾਈਚਾਰੇ ਵਿੱਚ ਇਹ ਖ਼ਬਰ ਬੜੇ ਦੁਖੀ ਹਿਰਦੇ ਨਾਲ ਪੜ੍ਹੀ ਜਾਵੇਗੀ ਕਿ ਬਹੁਤ ਹੀ ਮਿੱਠ-ਬੋਲੜੇ ਅਤੇ ਨੇਕ ਸੁਭਾਓ ਦੇ ਮਾਲਿਕ ਸਰਦਾਰ ਜਗਜੀਤ ਸਿੰਘ ਗਰੇਵਾਲ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦਾ ਪਿਛਲਾ ਪਿੰਡ ਮਹਿਮਾ ਸਿੰਘ ਵਾਲਾ (ਲੁਧਿਆਣਾ) ਸੀ। ਉਨ੍ਹਾਂ ਦੇ ਪਿਤਾ ਦਾ ਨਾਮ ਸ. ਗੁਰਦਿਆਲ ਸਿੰਘ ਗਰੇਵਾਲ ਅਤੇ ਮਾਤਾ ਜੀ ਹਰਜੀਤ ਕੌਰ ਹੈ।



**Funeral Date:**
**March 29,2015**
**Time : 1-3PM**
**Address :2992 Mission Blvd Hayward, CA**
**Funeral Home**
**Ph:(510) 471-3363**

**for more details call**
**408.712.1011 or 408.896.0408**

# ਫਰਿਜ਼ਨੋ ਵਾਲੀਵਾਲ ਕਮੇਟੀ ਵੱਲੋਂ ਟੂਰਨਾਮੈਂਟ 4 ਅਤੇ 5 ਅਪ੍ਰੈਲ ਨੂੰ, ਤਿਆਰੀਆਂ ਮੁਕੰਮਲ

**ਫਰਿਜ਼ਨੋ–** ਸਥਾਨਕ ਵਾਲੀਵਾਲ ਕਮੇਟੀ ਵੱਲੋਂ ਦੂਜਾ ਸਾਲਾਨਾ ਵਾਲੀਵਾਲ ਸ਼ੂਟਿੰਗ (ਪੇਂਡੂ ਰੂਰਲ ਗੇਮ) ਅਤੇ ਬੱਚਿਆਂ ਦਾ ਫੁਟਬਾਲ ਟੂਰਨਾਮੈਂਟ 4 ਅਤੇ 5 ਅਪ੍ਰੈਲ ਨੂੰ ਫਰਿਜ਼ਨੋ ਦੇ ਮਸ਼ਹੂਰ ਬੌਂਬੇ ਬਿਜਨਸ ਪਾਰਕ ਵਿਚ ਕਰਵਾਇਆ ਜਾ ਰਿਹਾ ਹੈ। ਇਸਦੇ ਨਾਲ ਨਾਲ ਰੱਸਾਕਸ਼ੀ ਅਤੇ ਘੋੜ ਸਵਾਰੀ, ਬਾਬਿਆਂ ਦੀਆਂ ਸੀਪ ਦੀਆਂ ਖੇਡਾਂ ਵੀ ਕਰਵਾਈਆਂ ਜਾਣਗੀਆਂ, ਜਿਹੜੀਆਂ ਦਰਸ਼ਕਾਂ ਲਈ ਖਾਸ ਖਿੱਚ ਦਾ ਕੇਂਦਰ ਹੋਣਗੀਆਂ। ਇਹ ਪਾਰਕ ਬਿਲਮੌਂਟ ਅਤੇ ਹਾਈਵੇ 99 ਦੇ ਕਾਰਨਰ ਵਿਚ ਸਥਿਤ ਹੈ। ਇਸ ਖੁੱਲ੍ਹੇ ਟਰੱਕ ਯਾਰਡ ਵਿਚ ਪਾਰਕਿੰਗ ਦੀ ਕੋਈ ਮੁਸ਼ਕਿਲ ਨਹੀਂ ਹੈ। ਇਸ ਟੂਰਨਾਮੈਂਟ ਦੀ ਕੋਈ ਟਿਕਟ ਨਹੀਂ ਲੱਗੇਗੀ। ਟੂਰਨਾਮੈਂਟ ਵਿਚ ਭਾਗ ਲੈਣ ਲਈ ਵਾਲੀਵਲ ਅਤੇ ਫੁਟਬਾਲ ਦੀਆਂ ਬਹੁਤ ਸਾਰੀਆਂ ਟੀਮਾਂ ਹੁੰਮ-ਹੁੰਮਾ ਕੇ ਕੈਨੇਡਾ ਅਤੇ ਅਮਰੀਕਾ ਦੇ ਦੂਰ ਦੁਰਾਡੇ ਦੇ ਸ਼ਹਿਰਾਂ ਤੋਂ ਪਹੁੰਚ ਰਹੀਆਂ ਹਨ। ਪ੍ਰਬੰਧਕਾਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਇਸ ਟੂਰਨਾਮੈਂਟ ਵਿਚ ਭਾਗ ਲੈਣ ਦਾ ਖੁੱਲ੍ਹਾ ਸੱਦਾ ਹੈ।

ਟੂਰਨਾਮੈਂਟ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਇਕ ਅਹਿਮ ਮੀਟਿੰਗ ਬਾਂਬੇ ਬਿਜਨਸ ਪਾਰਕ ਵਿਚ ਹੋਈ, ਜਿਸ ਵਿਚ ਭਾਰਤ ਤੋਂ ਖਾਸ ਕਰਕੇ ਟੂਰਨਾਮੈਂਟ ਵਿਚ ਸ਼ਾਮਲ ਹੋਣ ਲਈ ਪਹੁੰਚੇ ਸ਼੍ਰੋਮਣੀ ਕਮੇਟੀ ਮੈਂਬਰ ਜੁਗਰਾਜ ਸਿੰਘ ਦੌਧਰ ਨੇ ਵੀ ਆਪਣੇ ਵਿਚਾਰ ਰੱਖੇ। ਉਘੇ ਕਬੱਡੀ ਪ੍ਰਮੋਟਰ ਅਤੇ ਟਰਾਂਸਪੋਰਟਰ ਸ: ਨਾਜ਼ਰ ਸਿੰਘ ਸਹੋਤਾ ਨੇ ਦੱਸਿਆ ਕਿ ਰਵਾਇਤੀ ਖੇਡਾਂ ਨੂੰ ਜਿਉਂਦਾ ਰੱਖਣ ਦੇ ਮਕਸਦ ਨਾਲ ਇਹ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ ਅਤੇ ਅਸੀਂ ਸਮੂਹ ਪੰਜਾਬੀ ਭਾਈਚਾਰੇ ਤੋਂ ਸਹਿਯੋਗ ਦੀ ਮੰਗ ਕਰਦੇ ਹਾਂ। ਫਰਿਜ਼ਨੋ ਵਾਲੀਵਾਲ ਕਮੇਟੀ ਦੇ ਮੋਢੀ ਮੈਂਬਰ ਬਬਲਾ ਢਿੱਲੋਂ ਨੇ ਕਿਹਾ ਕਿ ਇਸ ਟੂਰਨਾਮੈਂਟ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਅਸੀਂ ਆਸ ਕਰਦੇ ਹਾਂ ਕਿ ਦਰਸ਼ਕ ਵੱਡੀ ਗਿਣਤੀ ਵਿਚ ਪਹੁੰਚ ਕੇ ਸਾਡਾ ਮਾਣ ਅਤੇ ਹੌਸਲਾ ਵਧਾਉਣਗੇ।

# ਟਾਈਟਲਰ ਨੂੰ ਫਿਰ ਕਲੀਨ ਚਿੱਟ ਦਿੱਤੀ, ਸਿੱਖ ਭਾਈਚਾਰੇ ਵਿਚ ਰੋਸ

ਚਲ ਰਹੇ ਮਾਣਹਾਨੀ ਦੇ ਮਾਮਲੇ 'ਚ ਦਾਖ਼ਲ ਸ਼ਿਕਾਇਤ 'ਤੇ ਕੋਈ ਫ਼ੈਸਲਾ ਸੁਣਾਉਣ 'ਤੇ ਰੋਕ ਲਾ ਦਿੱਤੀ ਹੈ।

ਹੇਠਲੀ ਅਦਾਲਤ ਨੇ 2 ਮਾਰਚ ਨੂੰ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕੀਤੇ ਸਨ। ਟਾਈਟਲਰ ਵੱਲੋਂ ਦਾਖ਼ਲ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਸਟਿਸ ਸੁਨੀਲ ਗੌੜ 'ਤੇ ਆਧਾਰਿਤ ਸਿੰਗਲ ਬੈਂਚ ਨੇ ਸਟੇਟ ਅਤੇ ਐਚ ਐਸ ਫੂਲਕਾ ਨੂੰ 28 ਅਗਸਤ ਲਈ ਨੋਟਿਸ ਜਾਰੀ ਕਰ ਦਿੱਤੇ। ਅਦਾਲਤ ਨੇ ਉਸ ਸਮੇਂ ਤਕ ਹੇਠਲੀ ਅਦਾਲਤ ਨੂੰ ਕੋਈ ਫ਼ੈਸਲਾ ਲੈਣ ਤੋਂ ਰੋਕ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਇਸ ਮਾਮਲੇ 'ਚ ਸ੍ਰੀ ਫੂਲਕਾ ਨੇ ਕਾਂਗਰਸ ਆਗੂ ਖ਼ਿਲਾਫ਼ ਮਾਮਲਾ ਦਰਜ ਕਰਾਇਆ ਸੀ।

### ਕੀ ਹੈ ਟਾਈਟਲਰ ਨਾਲ ਸਬੰਧਤ ਮਾਮਲਾ

ਲਖਵਿੰਦਰ ਕੌਰ ਦੇ ਪਤੀ ਬਾਦਲ ਸਿੰਘ ਅਤੇ ਦੋ ਹੋਰ ਠਾਕੁਰ ਸਿੰਘ ਅਤੇ ਗੁਰਚਰਨ ਸਿੰਘ ਨੂੰ ਗੁਰਦੁਆਰਾ ਪੁਲ ਬੰਗਸ਼ ਨੇੜੇ ਭੜਕੀ ਹੋਈ ਭੀੜ ਨੇ ਕਤਲ ਕਰ ਦਿੱਤਾ ਸੀ। ਕਾਂਗਰਸ ਆਗੂ ਜਗਦੀਸ਼ ਟਾਈਟਲਰ 'ਤੇ ਲਖਵਿੰਦਰ ਕੌਰ ਨੇ ਦੋਸ਼ ਲਾਇਆ ਸੀ ਕਿ ਭੀੜ ਦੀ ਅਗਵਾਈ ਉਹ ਕਰ ਰਹੇ ਸਨ। ਅਦਾਲਤ ਨੇ ਦਸੰਬਰ 2007 'ਚ ਸੀਬੀਆਈ ਵੱਲੋਂ ਦਾਖ਼ਲ ਕਲੋਜ਼ਰ ਰਿਪੋਰਟ ਨੂੰ ਅਸਵੀਕਾਰ ਕਰਦਿਆਂ ਇਸ ਮਾਮਲੇ ਦੀ ਮੁੜ ਤੋਂ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਸਨ। ਸੀਬੀਆਈ ਨੇ 2 ਅਪਰੈਲ 2009 ਨੂੰ ਸਬੂਤਾਂ ਦੀ ਘਾਟ ਦਾ ਦਾਅਵਾ ਕਰਦਿਆਂ ਫਿਰ ਟਾਈਟਲਰ ਨੂੰ ਕਲੀਨ ਚਿੱਟ ਦੇ ਦਿੱਤੀ ਸੀ ।

# ਹੁਣ ਸ਼ੋਸਲ ਮੀਡੀਆ ਫੇਸਬੁੱਕ, ਟਵਿੱਟਰ 'ਤੇ ਟਿੱਪਣੀ ਕਰਨ 'ਤੇ ਨਹੀ ਹੋਵੇਗੀ ਕਾਨੂੰਨੀ ਕਾਰਵਾਈ

ਨਵੀਂ ਦਿੱਲੀ– ਭਾਰਤੀ ਸੁਪਰੀਮ ਕੋਰਟ ਨੇ ਅੱਜ ਇਕ ਇਤਿਹਾਸਕ ਫ਼ੈਸਲੇ 'ਚ ਸੰਵਿਧਾਨ ਦੀ ਧਾਰਾ 19 (2) ਦਾ ਉਲੰਘਣ ਕਰਦੀ ਸੂਚਨਾ ਤਕ ਨੀਕ ਕਾਨੂੰਨ (ਆਈ. ਟੀ. ਐਕਟ) ਦੀ ਧਾਰਾ 66 (ਏ) ਨੂੰ ਖ਼ਤਮ ਕਰ ਦਿੱਤਾ ਹੈ।ਆਈ. ਟੀ. ਕਾਨੂੰਨ ਦੀ ਧਾਰਾ 66 (ਏ) ਮੁਤਾਬਿਕ ਸੋਸ਼ਲ ਸਾਈਟਾਂ 'ਤੇ ਇਤਰਾਜ਼ਯੋਗ ਟਿੱਪਣੀ ਪਾਉਣ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ। ਜਿਥੇ ਸੰਵਿਧਾਨ ਦੀ ਧਾਰਾ 19(2) ਕਿਸੇ ਵੀ ਨਾਗਰਿਕ ਨੂੰ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦਿੰਦੀ ਹੈ ਉਥੇ 66(ਏ) ਮੁਤਾਬਿਕ ਵੈੱਬਸਾਈਟਾਂ 'ਤੇ ਕਥਿਤ ਅਪਮਾਨਜਨਕ ਟਿੱਪਣੀ ਪਾਉਣ ਕਾਰਨ ਪੁਲਿਸ ਨੂੰ ਸੰਬੰਧਿਤ ਵਿਅਕਤੀ ਨੂੰ ਜੇਲ੍ਹ 'ਚ ਪਾਉਣ ਦੀ ਆਜ਼ਾਦੀ ਮਿਲੀ ਹੋਈ ਸੀ।

ਜਸਟਿਸ ਆਰ. ਐਫ. ਨਾਰੀਮਨ ਨੇ ਅੱਜ ਧਾਰਾ 66 (ਏ) ਨੂੰ 'ਅਸੰਵਿਧਾਨਕ' ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਜਨਤਾ ਦਾ ਜਾਣਕਾਰੀ ਹਾਸਲ ਕਰਨ ਦਾ ਹੱਕ ਸਿੱਧੇ ਤੌਰ 'ਤੇ ਪ੍ਰਭਾਵਿਤ ਹੁੰਦਾ ਹੈ।ਪਹਿਲਾਂ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਅਦਾਲਤ ਨੇ 26 ਫਰਵਰੀ ਨੂੰ ਆਪਣਾ ਫ਼ੈਸਲਾ ਰਾਖਵਾਂ ਰੱਖਿਆ ਸੀ। ਮਾਮਲੇ ਦੀ ਸੁਣਵਾਈ ਦੌਰਾਨ ਸਰਕਾਰ ਦਾ ਪੱਖ ਰੱਖਦਿਆਂ ਅਦਾਲਤ 'ਚ ਕਿਹਾ ਗਿਆ ਕਿ ਭਾਰਤ 'ਚ ਸਾਈਬਰ ਖੇਤਰ 'ਚ ਕੁਝ ਪਾਬੰਦੀਆਂ ਹੋਣੀਆਂ ਚਾਹੀਦੀਆਂ ਹਨ, ਕਿਉਂਕਿ ਸੋਸ਼ਲ ਸਾਈਟ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।ਹਾਲ 'ਚ ਜਾਰੀ ਇਕ ਰਿਪੋਰਟ ਮੁਤਾਬਿਕ ਵਿਸ਼ਵ ਭਰ 'ਚ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ 'ਚ ਭਾਰਤ ਤੀਜੇ ਨੰਬਰ 'ਤੇ ਹੈ।ਇਕ ਅਨੁਮਾਨ ਮੁਤਾਬਿਕ ਤਕਰੀਬਨ 12 ਕਰੋੜ ਲੋਕ ਭਾਰਤ 'ਚ ਇੰਟਰਨੈੱਟ ਦੀ ਵਰਤੋਂ ਕਰਦੇ ਹਨ ਅਤੇ ਟੈਲੀਕਾਮ ਰੈਗੂਲੇਟਰੀ ਅਥਾਰਿਟੀ ਆਫ ਇੰਡੀਆ ਵੱਲੋਂ ਲਾਏ ਅਨੁਮਾਨ ਮੁਤਾਬਿਕ ਆਉਣ ਵਾਲੇ ਸਾਲਾਂ 'ਚ 20 ਕਰੋੜ ਲੋਕ ਹੋਰ ਜੁੜਨ ਦੀ ਸੰਭਾਵਨਾ ਹੈ।

# ਸਮਾਜਿਕ ਬੁਰਾਈਆਂ ਖ਼ਿਲਾਫ਼ ਹਸਪਤਾਲ ਵਿਚ ਨਾਟਕ ਖੇਡੇ



**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਕੈਲਾਸ਼ ਕਪੂਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਾਇਮਰੀ ਹੈਲਥ ਸੈਂਟਰ ਸੜੋਆ ਵਿਖੇ ਪੀ. ਐਂਡ ਡੀ. ਟੀ. ਐਕਟ ਦੇ ਤਹਿਤ ਡਾ. ਸਤਵਿੰਦਰ ਪਾਲ ਸਿੰਘ ਸਰਜਨ ਸੜੋਆ ਦੀ ਦੇਖ ਰੇਖ ਵਿਚ ਨੁੱਕੜ ਨਾਟਕਾਂ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਤੇ ਮਾਇਆ ਫਿਲਮ ਗਰੁੱਪ ਜਲੰਧਰ ਵੱਲੋਂ ਨਾਟਕ ਵਾਰਸ ਦਾ ਮੰਚਨ ਕੀਤਾ ਗਿਆ। ਇਸ ਨਾਟਕ ਰਾਹੀਂ ਲੜਕੀਆਂ ਪ੍ਰਤੀ ਮਾੜੀ ਸੋਚ ਅਪਣਾਉਣ ਵਾਲੇ ਦ੍ਰਿਸ਼ ਪੇਸ਼ ਕੀਤੇ ਗਏ। ਇਸ ਮੌਕੇ ਤੇ ਸਰਕਾਰੀ ਐਲੀਮੈਂਟਰੀ ਸਕੂਲ ਦੀ ਵਿਦਿਆਰਥਣ ਜਯੋਤੀ ਅਤੇ ਸਿਮਰਨ ਵੱਲੋਂ ਕਵਿਤਾਵਾਂ ਪੜ੍ਹ ਕੇ ਲੜਕੀਆਂ ਦੀ ਘੱਟ ਰਹੀ ਗਿਣਤੀ ਬਾਰੇ ਸੰਦੇਸ਼ ਪਹੁੰਚਾਇਆ। ਇਸ ਮੌਕੇ ਤੇ ਡਾ. ਸਤਵਿੰਦਰਪਾਲ ਸਿੰਘ ਨੇ ਕਿਹਾ ਕਿ ਭਰੂਣ ਦੀ ਜਾਂਚ ਕਰਨਾ ਤੇ ਕਰਵਾਉਣਾ ਦੋਵੇਂ ਕਾਨੂੰਨੀ ਜੁਰਮ ਹਨ। ਲੜਕੀਆਂ ਦੀ ਹੋਂਦ ਤੋਂ ਬਿਨਾਂ ਸਮਾਜ ਦੀ ਕਲਪਨਾ ਕਰਨੀ ਵੀ ਅਸੰਭਵ ਹੈ। ਦਿਨ ਪ੍ਰਤੀ ਦਿਨ ਲੜਕੀਆਂ ਦੀ ਘੱਟ ਰਹੀ ਗਿਣਤੀ ਬਾਰੇ ਵੀ ਉਹਨਾਂ ਚਿੰਤਾ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਤੇ ਡੈਂਟਲ ਸਰਜਨ ਡਾ. ਅਵਤਾਰ ਸਿੰਘ ਮਨੋਹਰ ਲਾਲ, ਕੁਲਤਾਰ ਸਿੰਘ ਮੀਆਂਪੁਰ, ਆਦਰਸ਼ ਕੁਮਾਰ, ਸ਼ਿਵ ਕੁਮਾਰ, ਸੁਰਿੰਦਰ ਕੁਮਾਰ ਅਤੇ ਅਸ਼ੋਕ ਕੁਮਾਰ ਆਦਿ ਵੀ ਹਾਜ਼ਰ ਸਨ।

# ਗੱਤਕਾ ਖੇਡ ਨੈਸ਼ਨਲ ਯੂਨੀਵਰਸਿਟੀ ਖੇਡ ਕੈਲੰਡਰ ਵਿਚ ਸ਼ਾਮਲ ਹੋਈ-ਢੀਂਡਸਾ

**ਪਟਿਆਲਾ–** ਵਿਸਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਅੱਜ ਇੱਥੇ ਐਲਾਨ ਕੀਤਾ ਕਿ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀ ਸਪੋਰਟਸ ਬੋਰਡ ਨੇ ਚਾਲੂ ਅਕਾਦਮਿਕ ਵਰੇ ਤੋਂ ਗੱਤਕਾ ਖੇਡ ਨੂੰ ਨੈਸ਼ਨਲ ਯੂਨੀਵਰਸਿਟੀ ਖੇਡ ਕੈਲੰਡਰ ਵਿਚ ਸ਼ਾਮਲ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਫੈਡਰੇਸ਼ਨ ਨੇ ਗੱਤਕਾ ਨੂੰ ਕੌਮਾਂਤਰੀ ਪੱਧਰ 'ਤੇ ਪੜਾਅਵਾਰ ਤਰੀਕੇ ਨਾਲ ਪ੍ਰਫੁੱਲਿਤ ਕਰਨ ਲਈ ਅਗਲੇ 20 ਸਾਲਾਂ ਦਾ "ਦ੍ਰਿਸ਼ਟੀ ਪੱਤਰ" (ਵਿਜ਼ਨ ਡਾਕੂਮੈਂਟ) ਵੀ ਤਿਆਰ ਕੀਤਾ ਹੈ। ਇਹ ਪ੍ਰਗਟਾਵਾ ਉਨਾਂ ਅੱਜ ਇੱਥੇ ਪੰਜਾਬੀ ਯੂਨੀਵਰਸਿਟੀ ਵੱਲੋਂ ਕਰਵਾਈ ਤੀਜੀ ਆਲ ਇੰਡੀਆ ਅੰਤਰ-ਯੂਨੀਵਰਸਿਟੀ ਗੱਤਕਾ ਚੈਂਪੀਅਨਸ਼ਿਪ ਦੇ ਉਦਘਾਟਨ ਮੌਕੇ ਵਾਈਸ ਚਾਂਸਲਰ ਡਾ: ਜਸਪਾਲ ਸਿੰਘ ਦੀ ਹਾਜਰੀ ਵਿਚ ਮੁੱਖ ਮਹਿਮਾਨ ਵੱਜੋਂ ਗੱਤਕਾ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਅੰਤਰ-ਵਰਸਿਟੀ ਟੂਰਨਾਮੈਂਟ ਵਿੱਚ ਵੱਖ-ਵੱਖ ਰਾਜਾਂ ਦੀਆਂ 17 ਯੂਨੀਵਰਸਿਟੀਆਂ ਤੋਂ ਲੜਕੇ ਅਤੇ ਲੜਕੀਆਂ ਦੀਆਂ ਗੱਤਕਾ ਟੀਮਾਂ ਹਿੱਸਾ ਲੈ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਵੀ ਇਸ ਵਿਰਾਸਤੀ ਖੇਡ ਨੂੰ ਪੂਰਾ ਮਾਣ-ਸਤਿਕਾਰ ਦਿੰਦਿਆਂ ਰਾਜ ਸਰਕਾਰ ਦੀ ਖੇਡ ਨੀਤੀ ਅਨੁਸਾਰ ਬਣਾਈ ਗ੍ਰੇਡੇਸ਼ਨ ਸੂਚੀ ਵਿਚ ਸ਼ਾਮਲ ਕਰ ਲਿਆ ਹੈ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ

ARMAAN MUSIC PRODUCTION STUDIO

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਸਾਡੇ ਕੋਲ ਪੂਰੇ ਹੈ ਹਾਈਟੈਕ Equipment

ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-242-3642

Email:-

NEWZINDGI@GMAIL.COM





ਦੇਸ਼ ਦੁਆਬਾ

# ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ

ਮਾਰਚ ਦਾ ਮਹੀਨਾ ਭਾਰਤ ਦੇ ਮਹਾਨ ਸ਼ਹੀਦਾਂ ਦੀਆਂ ਸ਼ਹਾਦਤਾਂ ਦਾ ਮਹੀਨਾ ਹੁੰਦਾ ਹੈ। ਇਸ ਮਹੀਨੇ ਹੀ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ 23 ਮਾਰਚ ਨੂੰ ਸ਼ਹੀਦੀ ਦਿਹਾੜਾ ਮਨਾਇਆ ਗਿਆ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਛੇ ਹੋਰ ਗਦਰੀ ਬਾਬਿਆਂ ਦਾ ਸ਼ਤਾਬਦੀ ਸ਼ਹੀਦੀ ਦਿਹਾੜਾ ਦੇਸ਼-ਵਿਦੇਸ਼ ਵਿਚ ਮਨਾਇਆ ਜਾ ਰਿਹਾ ਹੈ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਭਾਰਤ ਦੀ ਆਜ਼ਾਦੀ ਲਈ ਜੂਝਣ ਵਾਲੇ ਮਹਾਨ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ ਕਰਦਾ ਹੈ।

ਭਾਰਤ ਦੇ ਆਜ਼ਾਦੀ ਸੰਘਰਸ਼ ਵਿਚ ਇਹਨਾਂ ਮਹਾਨ ਸ਼ਹੀਦਾਂ ਨੇ ਜੋ ਬਲੀਦਾਨ ਦਿੱਤਾ, ਉਸ ਦਾ ਨਤੀਜਾ ਹੈ ਕਿ ਭਾਰਤੀ ਨਾਗਰਿਕ ਅੱਜ ਆਜ਼ਾਦ ਮੁਲਕ ਦੇ ਵਾਰਸ ਬਣੇ ਹਨ। ਭਾਰਤ ਦੀ ਆਜ਼ਾਦੀ ਵਿਚ ਸ਼ਹਾਦਤਾਂ ਪਾਉਣ ਵਾਲੇ ਇਹਨਾਂ ਮਹਾਨ ਸ਼ਹੀਦਾਂ ਨੇ ਸਿਰਫ ਦੇਸ਼ ਦੀ ਆਜ਼ਾਦੀ ਦਾ ਹੀ ਨਾਅਰਾ ਨਹੀਂ ਦਿੱਤਾ, ਬਲਕਿ ਭਾਰਤ ਵਿਚ ਸਦੀਆਂ ਤੋਂ ਚਲੀਆਂ ਆ ਰਹੀਆਂ ਕੁ-ਪ੍ਰਥਾਵਾਂ ਦੇ ਵਿਰੁੱਧ ਵੀ ਆਵਾਜ਼ ਬੁਲੰਦ ਕੀਤੀ। ਸ਼ਹੀਦ ਭਗਤ ਸਿੰਘ ਨੇ ਜਾਤੀ ਪ੍ਰਥਾ ਉਤੇ ਵੀ ਆਪਣੀ ਕ੍ਰਾਂਤੀਕਾਰੀ ਛਾਪ ਛੱਡੀ। ਇਹਨਾਂ ਸ਼ਹੀਦਾਂ ਨੇ ਭਾਰਤ ਦੇ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਸਾਰੇ ਖੇਤਰਾਂ ਵਿਚ ਹੋ ਰਹੇ ਵਿਤਕਰੇ ਅਤੇ ਧੱਕੇਸ਼ਾਹੀਆਂ ਦੇ ਵਿਰੁੱਧ ਆਵਾਜ਼ ਬੁਲੰਦ ਕਰਕੇ ਭਾਰਤ ਨੂੰ ਇਕ ਸਰਵ-ਸੰਮਤ ਕਲਿਆਣਕਾਰੀ ਰਾਜ ਬਣਾਉਣ ਦਾ ਨਾਅਰਾ ਦਿੱਤਾ। ਪਰ ਅਫਸੋਸ ਇਸ ਗੱਲ ਦਾ ਹੈ ਕਿ ਅੱਜ ਭਾਰਤ ਕੁਝ ਮੁੱਠੀ ਭਰ ਅੰਗਰੇਜ਼ੀ ਰਾਜ ਦੇ ਚਮਚਿਆਂ ਦੀਆਂ ਔਲਾਦਾਂ ਦੇ ਹੀ ਵੱਸ ਪਿਆ ਹੋਇਆ ਹੈ। ਭਾਰਤ ਇਕ ਪੁਰਾਤਨ ਸਭਿਅਤਾ ਹੈ ਅਤੇ ਭਾਰਤ ਇਕ ਅਵਾਮ ਹੈ, ਇਕ ਸਭਿਅਤਾ ਹੈ, ਇਕ ਸੰਗਠਿਤ ਸਮਾਜ ਹੈ। ਇਸ ਸਮਾਜ ਵਿਚ ਸਦੀਆਂ ਤੋਂ ਜਾਤੀ ਪ੍ਰਥਾ ਵਰਗੀਆਂ ਊਣਤਾਈਆਂ ਨੇ ਇਸ ਮੁਲਕ ਨੂੰ ਵਿਦੇਸ਼ੀ ਹਮਲਾਵਰਾਂ ਦੇ ਕਬਜੇ ਹੇਠ ਲਿਆਂਦਾ। ਭਾਰਤ ਦੇ ਮੂਲ ਨਿਵਾਸੀਆਂ ਦਾ ਦੱਬ ਕੇ ਸ਼ੋਸ਼ਣ ਕੀਤਾ ਗਿਆ। ਇਹਨਾਂ ਬੁਰਾਈਆਂ ਦੇ ਵਿਰੁੱਧ ਸ਼ੋਸ਼ਣ ਦਾ ਸ਼ਿਕਾਰ ਵਰਗ ਨੇ ਤਾਂ ਆਵਾਜ਼ ਉਠਾਈ ਪਰ ਅਫਸੋਸ ਇਸ ਆਵਾਜ਼ ਨੂੰ ਉਹਨਾਂ ਕੌਮਾਂ ਵਿਚੋਂ ਬਹੁਤ ਘੱਟ ਸਮਰਥਨ ਮਿਲਿਆ, ਜਿਹੜੀਆਂ ਇਸ ਵਿਵਸਥਾ ਦੀਆਂ ਜਨਮਦਾਤੀਆਂ ਸਨ। ਸਾਨੂੰ ਮਾਣ ਹੈ ਕਿ ਸਾਡੇ ਮਹਾਨ ਸ਼ਹੀਦਾਂ ਤੇ ਹੋਰ ਸਮਾਜਿਕ ਕ੍ਰਾਂਤੀਕਾਰੀ ਮਹਾਂਪੁਰਸ਼ਾਂ ਨੇ ਇਸ ਜਾਤੀ ਪ੍ਰਥਾ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਅਤੇ ਅੱਜ ਭਾਰਤ ਦਾ ਸਮੂਹ ਦਲਿਤ ਅਤੇ ਸ਼ੋਸ਼ਣ ਦਾ ਸ਼ਿਕਾਰ ਵਰਗ ਸ਼ਹੀਦਾਂ ਦੇ ਸੁਪਨਿਆਂ ਉਤੇ ਡਟ ਕੇ ਪਹਿਰਾ ਦੇ ਰਿਹਾ ਹੈ। ਭਾਰਤ ਨੂੰ ਕਲਿਆਣਕਾਰੀ ਸੰਵਿਧਾਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੀ ਦੇਣ ਹੈ ਅਤੇ ਇਸ ਸੰਵਿਧਾਨ ਨੇ ਭਾਰਤ ਦੀ ਸਦੀਆਂ ਪੁਰਾਣੀ ਜਾਤੀ-ਪ੍ਰਥਾ ਵਰਗੀ ਬੁਰਾਈ ਉਤੇ ਜ਼ੋਰਦਾਰ ਵਾਰ ਕੀਤਾ ਹੈ। ਪਰ ਅਫਸੋਸ ਦੀ ਗੱਲ ਹੈ ਕਿ ਅੱਜ ਵੀ ਉਹ ਕੁਸ਼ਾਸਕ ਲੋਕ ਭਾਰਤ ਵਿਚ ਮਨੂੰ ਸਿਮ੍ਰਤੀ ਵਰਗੇ ਕਾਨੂੰਨ ਲਾਗੂ ਕਰਨ ਨੂੰ ਫਿਰਦੇ ਹਨ। ਭਾਰਤ ਦਾ ਸ਼ੋਸ਼ਿਤ ਅਤੇ ਦਲਿਤ ਵਰਗ ਡਾ. ਅੰਬੇਦਕਰ ਵਰਗੀਆਂ ਮਹਾਨ ਸ਼ਖਸੀਅਤਾਂ ਦੀ ਲੰਮੇਰੀ ਸੂਝ ਸਦਕਾ ਅੱਜ ਆਪਣਾ ਸਰਵ-ਪੱਖੀ ਵਿਕਾਸ ਕਰਨ ਦੇ ਯੋਗ ਹੋਇਆ ਹੈ ਪਰ ਵਿਚ-ਵਿਚ ਉਹੀ ਤਾਕਤਾਂ ਫਿਰ ਸਿਰ ਚੁੱਕਦੀਆਂ ਹਨ, ਜਿਹੜੀਆਂ ਭਾਰਤ ਨੂੰ ਇਕ ਮਹਾਨ ਰਾਸ਼ਟਰ ਬਣਨ ਦੇ ਰਸਤੇ ਵਿਚ ਸਦੀਆਂ ਤੋਂ ਅੜਿੱਕਾ ਬਣਦੀਆਂ ਚਲੀਆਂ ਆ ਰਹੀਆਂ ਹਨ। ਇਸ ਕਰਕੇ ਅੱਜ ਸਮੂਹ ਭਾਰਤ ਵਾਸੀਆਂ ਨੂੰ ਇੱਕਜੁਟ ਹੋ ਕੇ ਮਹਾਨ ਸ਼ਹੀਦਾਂ ਦੀ ਸੋਚ ਅਤੇ ਸੁਪਨਿਆਂ ਤੇ ਪਹਿਰਾ ਦੇਣਾ ਜ਼ਰੂਰੀ ਹੈ ਤਾਂ ਹੀ ਭਾਰਤ ਦੁਬਾਰਾ ਇਕ ਮਹਾਨ ਦੇਸ਼ ਬਣ ਸਕੇਗਾ।



- ਤਰਸੇਮ ਜਲੰਧਰੀ

# ਭਾਰਤ ਵਿਚ ਡੇਰਾਵਾਦ ਅੰਧਵਿਸ਼ਵਾਸ਼ ਦਾ ਪ੍ਰਤੀਕ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ

ਭਾਰਤ ਵਿਚ ਅਨਪੜ੍ਹਤਾ ਵਧੇਰੇ ਹੋਣ ਕਰਕੇ ਲੋਕ ਡੇਰਾਵਾਦ ਵੱਲ ਪ੍ਰੇਰਤ ਹੋ ਰਹੇ ਹਨ। ਇਸ ਦਾ ਮੁਖ ਕਾਰਨ ਬੇਰੋਜ਼ਗਾਰੀ, ਗਰੀਬੀ, ਮਾਨਸਿਕ ਤਣਾਓ ਅਤੇ ਸੰਤੁਸ਼ਟੀ ਦਾ ਨਾ ਹੋਣਾ ਹੈ। ਭਾਰਤ ਵਿਚ ਵੱਖ-ਵੱਖ ਧਰਮਾ, ਬੋਲੀਆਂ ਅਤੇ ਅਕੀਦਿਆਂ ਵਾਲੇ ਲੋਕ ਰਹਿੰਦੇ ਹਨ, ਪ੍ਰੰਤੂ ਇਨ੍ਹਾਂ ਧਰਮਾ ਦੇ ਪੈਰੋਕਾਰ ਆਪਣੀ ਜ਼ਿੰਮੇਵਾਰੀ ਸੁਚੱਜੇ ਢੰਗ ਨਾਲ ਨਿਭਾਉਣ ਵਿਚ ਅਸਫਲ ਰਹੇ ਹਨ, ਇਸ ਕਰਕੇ ਲੋਕ ਆਪੋ ਆਪਣੇ ਧਰਮਾਂ ਦੀ ਵਿਚਾਰਧਾਰਾ ਨਾਲੋਂ ਦਿਨ-ਬਦਿਨ ਟੁੱਟ ਰਹੇ ਹਨ, ਅਤੇ ਡੇਰਾਵਾਦ ਪ੍ਰਚਲਿਤ ਹੋ ਰਿਹਾ ਹੈ। ਅਸਲ ਵਿਚ ਧਾਰਮਿਕ ਕਿਰਦਾਰਾਂ ਵਿਚ ਗਿਰਾਵਟ ਵੀ ਆ ਗਈ ਹੈ, ਜਿਸ ਕਰਕੇ ਘੱਟ ਪੜ੍ਹੇ ਲਿਖੇ ਲੋਕ ਅੰਧਾਧੁੰਦ ਅਜੇਹੇ ਡੇਰਿਆਂ ਦੇ ਚੁੰਗਲ ਵਿਚ ਫਸ ਜਾਂਦੇ ਹਨ। ਬੇਰੋਜ਼ਗਾਰੀ ਅਤੇ ਗ਼ਰੀਬੀ ਦੋ ਮੁਖ ਕਾਰਨ ਹਨ,ਜਿਨ੍ਹਾਂ ਕਰਕੇ ਲੋਕ ਅਜਿਹੇ ਸਥਾਨਾ ਦੇ ਭਰਮ ਜਾਲਾਂ ਵਿਚ ਫਸ ਜਾਂਦੇ ਹਨ। ਅਸਲ ਵਿਚ ਇਹ ਡੇਰੇ ਦੁਕਾਨਦਾਰੀਆਂ ਹਨ, ਡੇਰਿਆਂ ਦੇ ਮੁਖੀ ਆਪਣੀਆਂ ਗੁਝੀਆਂ ਚਾਲਾਂ ਨਾਲ ਭੋਲੇ ਭਾਲੇ ਲੋਕਾਂ ਨੂੰ ਭਰਮ ਜਾਲਾਂ ਵਿਚ ਫਸਾ ਕੇ ਗੁਮਰਾਹ ਕਰਨ ਵਿਚ ਸਫਲ ਹੋ ਜਾਂਦੇ ਹਨ। ਬਾਪੂ ਆਸਾ ਰਾਮ ਦੀ ਪੋਲ ਖੁਲ੍ਹਣ ਤੋਂ ਬਾਅਦ ਹਰਿਆਣਾ ਵਿਚ ਸੰਤ ਰਾਮ ਪਾਲ ਦੇ 'ਸਤਲੋਕ ਆਸ਼ਰਮ' ਦਾ ਭਾਂਡਾ ਫੁਟਣ ਨਾਲ ਆਮ ਲੋਕਾਂ ਵਿਚ ਥੋੜ੍ਹੀ ਜਿਹੀ ਜਾਗ੍ਰਤੀ ਆਉਣ ਦੀ ਆਸ ਜਾਗੀ ਹੈ। ਬਾਪੂ ਆਸਾ ਰਾਮ ਅਜੇ ਤੱਕ ਜੇਲ੍ਹ ਦੀ ਹਵਾ ਖਾ ਰਿਹਾ ਹੈ ਅਤੇ ਰਾਮ ਪਾਲ ਦੇ ਜੇਲ੍ਹ ਵਿਚੋਂ ਬਾਹਰ ਨਿਕਲਣ ਦੀ ਆਸ ਨਹੀਂ। ਆਸਾ ਰਾਮ ਦੇ ਸੈਕਸ ਸਕੈਂਡਲਾਂ ਤੋਂ ਬਾਅਦ ਰਾਮਪਾਲ ਦੇ ਸਕੈਂਡਲ ਵੀ ਸਾਮ੍ਹਣੇ ਆਉਣੇ ਸ਼ੁਰੂ ਹੋ ਗਏ ਹਨ। ਆਸ਼ੂਤੋਸ਼ ਮਹਾਰਾਜ ਦੀ ਅਜੇ ਸਮਾਧੀ ਖੁਲ੍ਹਣ ਦੀ ਝਾਕ ਬਾਕੀ ਹੈ। ਰਾਮ ਪਾਲ ਹਰਿਆਣਾ ਸਰਕਾਰ ਦੇ ਸਿੰਜਾਈ ਵਿਭਾਗ ਦਾ ਜੂਨੀਅਰ ਇੰਜਨੀਅਰ ਸੀ,ਜਿਸ ਨੇ 21 ਮਈ 1995 ਨੂੰ ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ ਲੈ ਕੇ ਲੋਕਾਂ ਨੂੰ ਮੁਕਤੀ ਦਿਵਾਉਣ ਦਾ ਢਕਵੰਜ ਰਚ ਕੇ ਕਰੋੜਾਂ ਪਤੀ ਬਣ ਗਿਆ। ਮੁਢਲੇ ਤੌਰ ਤੇ ਉਹ 25 ਸਾਲ ਹਨੂੰਮਾਨ ਭਗਤ ਰਿਹਾ। ਫਿਰ ਉਹ ਸਵਾਮੀ ਰਾਮਾ ਨੰਦ ਕਬੀਰ ਪੰਥੀ ਦਾ ਚੇਲਾ ਬਣ ਗਿਆ। ਉਸ ਦਾ ਜਨਮ 8 ਸਤੰਬਰ 1951 ਵਿਚ ਪਿੰਡ ਧਨਾਨਾ ਵਿਖੇ ਇੱਕ ਕਿਸਾਨ ਨੰਦ ਲਾਲ ਅਤੇ ਮਾਤਾ ਇੰਦਰਾ ਦੇਵੀ ਦੇ ਘਰ ਹੋਇਆ। ਉਹ ਸ਼ਾਦੀ ਸ਼ੁਦਾ ਹੈ, ਉਸ ਦੇ ਦੋ ਲੜਕੇ ਅਤੇ ਦੋ ਲੜਕੀਆਂ ਹਨ। ਲੜਕੇ ਸ਼ਾਸਤਰੀ ਨਗਰ ਰੋਹਤਕ ਵਿਚ ਰਹਿੰਦੇ ਹਨ ਅਤੇ ਲੜਕੀਆਂ ਵਿਆਹੀਆਂ ਹੋਈਆਂ ਹਨ। ਸਭ ਤੋਂ ਪਹਿਲਾਂ ਉਸ ਨੇ 1999 ਵਿਚ ਰੋਹਤਕ ਤੋਂ 15 ਕਿਲੋਮੀਟਰ ਦੂਰ ਕਰੋਂਥਾ ਪਿੰਡ ਵਿਖੇ 4 ਏਕੜ ਥਾਂ ਵਿਚ ਆਸ਼ਰਮ ਬਣਾ ਲਿਆ। ਫਿਰ ਉਸ ਨੇ ਹਰਿਆਣਾ ਦੇ ਵੱਖ ਵੱਖ ਇਲਾਕਿਆਂ ਵਿਚ ਕਬੀਰ ਪੰਥੀਆਂ ਦੀ ਆਪਣੀ ਬਰਾਦਰੀ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਦੇ ਪਿੰਡਾਂ ਵਿਚ ਜਾ ਕੇ ਭਜਨ ਗਾਉਣੇ ਸ਼ੁਰੂ ਕੀਤੇ। ਇਹ ਲੋਕ ਆਮ ਤੌਰ ਤੇ ਗ਼ਰੀਬ ਹਨ, ਇਸੇ ਲਈ ਉਹ ਉਸ ਦੇ ਪਰਪੰਚ ਵਿਚ ਫਸ ਗਏ ਅਤੇ 6 ਸਾਲਾਂ ਵਿਚ ਹੀ ਰਾਮ ਪਾਲ ਇਨ੍ਹਾਂ ਲੋਕਾਂ ਵਿਚ ਕਾਫੀ ਹਰਮਨ ਪਿਆਰਾ ਹੋ ਗਿਆ ਅਤੇ ਪਤਵੰਤੇ ਸਿਆਸਤਦਾਨ ਵੋਟਾਂ ਲਈ ਉਸ ਦੇ ਆਸ਼ਰਮ ਵਿਚ ਗੇੜੇ ਮਾਰਨ ਲੱਗੇ। ਇਸ ਕਰਕੇ ਉਸ ਨੂੰ ਆਪਦੀ ਲੋਕਾਂ ਨੂੰ ਗੁਮਰਾਹ ਕਰਨ ਦੀ ਕਾਬਲੀਅਤ ਤੇ ਘੁਮੰਡ ਹੋ ਗਿਆ। ਭਜਨ ਗਾਉਣ ਸਮੇਂ ਰਾਮਪਾਲ ਹੋਰ ਧਰਮਾਂ ਅਤੇ ਉਨ੍ਹਾਂ ਦੇ ਗ੍ਰੰਥਾਂ ਬਾਰੇ ਸਖ਼ਤ ਟਿਪਣੀਆਂ ਕਰਦਾ ਰਿਹਾ, ਖ਼ਾਸ ਤੌਰ ਤੇ ਆਰੀਆ ਸਮਾਜ ਦੇ ਫਾਊਂਡਰ ਸਵਾਮੀ ਦਿਆ ਨੰਦ ਸ਼ਾਸਤਰੀ ਦੀ ਸਤਿਆਰਥ ਪ੍ਰਕਾਸ਼ ਬਾਰੇ ਉਨ੍ਹਾਂ 2006 ਵਿਚ ਕਿਹਾ ਕਿ ਇਹ ਮਿਥਹਾਸ ਹੈ, ਜਿਥੋਂ ਉਹ ਚਰਚਾ ਵਿਚ ਆਇਆ। ਸਾਡੇ ਦੇਸ਼ ਵਿਚ ਧਾਰਮਕ ਸ਼ਹਿਨਸ਼ੀਲਤਾ ਦੀ ਕਮੀ ਹੈ। ਇਸ ਲਈ ਝਗੜਾ ਐਨਾ ਵਧ ਗਿਆ ਕਿ ਕਰੌਂਥਾ ਆਸ਼ਰਮ ਵਿਚੋਂ ਗੋਲੀ ਚਲਾਉਣ ਨਾਲ ਇੱਕ ਨੌਜਵਾਨ ਲੜਕਾ ਸੋਨੂੰ ਸਵਰਗ ਸਿਧਾਰ ਗਿਆ। ਰਾਮ ਪਾਲ ਅਤੇ ਉਸ ਦੇ 38 ਚੇਲਿਆਂ ਵਿਰੁਧ ਮਰਡਰ ਦਾ ਕੇਸ ਦਰਜ ਹੋ ਗਿਆ ਅਤੇ ਰਾਮਪਾਲ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਅਤੇ ਉਸ ਦਾ ਆਸ਼ਰਮ ਸਰਕਾਰ ਨੇ 13 ਜੁਲਾਈ 2006 ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। 18 ਮਹੀਨੇ ਜੇਲ੍ਹ ਵਿਚ ਗੁਜਾਰਨ ਤੋਂ ਬਾਅਦ ਰਾਮਪਾਲ ਦੀ 2008 ਵਿਚ ਜ਼ਮਾਨਤ ਹੋਈ। ਕਰੌਂਥੇ ਵਾਲਾ ਆਸ਼ਰਮ 2009 ਵਿਚ ਰਾਮ ਪਾਲ ਨੂੰ ਵਾਪਸ ਮਿਲਿਆ। ਰਾਮਪਾਲ ਨੇ ਇੱਕ ਹੋਰ ਆਸ਼ਰਮ ਜਿਸ ਦਾ ਨਾਂ 'ਸਤਲੋਕ ਆਸ਼ਰਮ' ਰੱਖਿਆ ਗਿਆ,ਸਿਰਸੇ ਜਿਲ੍ਹੇ ਦੇ ਬਰਬਾਲਾ ਪਿੰਡ ਵਿਚ 16 ਏਕੜ ਰਕਬੇ ਵਿਚ ਬਣਾ ਲਿਆ ਅਤੇ ਇਸ ਨੂੰ ਆਪਣਾ ਮੁਖ ਕੇਂਦਰ ਬਣਾ ਕੇ ਧਾਰਮਕ ਸਰਗਰਮੀਆਂ ਏਥੋਂ ਹੀ ਸ਼ੁਰੂ ਕਰ ਦਿੱਤੀਆਂ। ਇਸ ਆਸ਼ਰਮ ਲਈ 52 ਏਕੜ ਹੋਰ ਜ਼ਮੀਨ 15 ਕਰੋੜ ਰੁਪਏ ਦੀ ਖ਼੍ਰੀਦੀ ਜਾ ਰਹੀ ਸੀ,ਜਿਸ ਦਾ 5 ਕਰੋੜ ਰੁਪਏ ਦਾ ਬਿਆਨਾ ਦਿੱਤਾ ਜਾ ਚੁਕਾ ਸੀ ਪ੍ਰੰਤੂ ਕਚਹਿਰੀ ਵਿਚ ਹਾਜ਼ਰ ਨਾ ਹੋਣ ਕਰਕੇ ਉਸ ਦੀ ਹੋਈ ਗ੍ਰਿਫ਼ਤਾਰੀ ਵੱਜੋਂ ਇਹ ਸੌਦਾ ਸਿਰੇ ਨਹੀਂ ਚੜ੍ਹ ਸਕਿਆ। ਇਹੋ ਕੇਂਦਰ ਰਾਮਪਾਲ ਦੇ ਪਤਨ ਦਾ ਕਾਰਨ ਬਣਿਆਂ। 12 ਮਈ 2013 ਨੂੰ ਰਾਮ ਪਾਲ ਅਤੇ ਉਸ ਦੇ ਚੇਲਿਆਂ ਦਾ ਆਰੀਆ ਸਮਾਜੀਆਂ ਨਾਲ ਫਿਰ ਝਗੜਾ ਹੋ ਗਿਆ, ਜਿਸ ਦੇ ਸਿੱਟੇ ਵਜੋਂ 3 ਵਿਅਕਤੀ ਮਾਰੇ ਗਏ ਤੇ ਲਗਪਗ 100 ਵਿਅਕਤੀ ਜਖ਼ਮੀ ਹੋਏ। ਇਹ ਆਸ਼ਰਮ ਕਿਲ੍ਹੇ ਦੀ ਤਰ੍ਹਾਂ ਬਣਾਇਆ ਹੋਇਆ ਸੀ। ਜਿਥੇ ਰਾਮਪਾਲ ਸਿੰਘਾਸਨ ਤੇ ਬੈਠਕੇ ਸੰਗਤਾਂ ਨੂੰ ਪ੍ਰਬਚਨ ਕਰਦਾ ਸੀ, ਸਿੰਘਾਸਨ ਤੇ ਉਹ ਇੱਕ ਸ਼ਹਿਨਸ਼ਾਹ ਦੀ ਤਰ੍ਹਾਂ ਸਜ ਧਜ ਕੇ ਬੈਠਦਾ ਸੀ। ਉਥੇ ਆਪਣੀ ਕੁਰਸੀ ਹਾਈਡਰੋਲਿਕ ਪ੍ਰਣਾਲੀ ਨਾਲ ਉਪਰ ਹੇਠਾਂ ਕਰਨ ਵਾਲੀ ਬਣਾਈ ਹੋਈ ਸੀ। ਇਹ ਸਟੇਜ ਬੁਲਟ ਪ੍ਰੂਫ ਸੀ। ਆਪ ਹੀ ਬਟਨ ਦੱਬ ਕੇ ਸਮੇਤ ਕੁਰਸੀ ਗਾਇਬ ਹੋ ਜਾਂਦਾ ਸੀ। ਪੰਜ ਸੁਰੰਗਾਂ ਬਣਾਈਆਂ ਹੋਈਆਂ ਸਨ, ਉਨ੍ਹਾਂ ਰਾਹੀਂ ਦੂਜੇ ਥਾਂ ਚਲਾ ਜਾਂਦਾ ਸੀ,

(ਬਾਕੀ ਸਫਾ 9 ਤੇ)

# ਗਿਆਨ-ਵਿਗਿਆਨ



ਮੇਘ ਰਾਜ ਮਿੱਤਰ
+91-98887-87440

### ਧਰਤੀ ਥੱਲੇ ਕੋਇਲਾ ਕਿਵੇਂ ਬਣਿਆ?

ਅਸੀਂ ਜਾਣਦੇ ਹਾਂ ਕਿ ਕੋਇਲਾ ਸਾਨੂੰ ਧਰਤੀ ਹੇਠਲੀਆਂ ਖਾਣਾਂ ਵਿੱਚੋਂ ਮਿਲਦਾ ਹੈ। ਪਰ ਧਰਤੀ ਦੀਆਂ ਪਰਤਾਂ ਥੱਲੇ ਇਹ ਕੋਇਲਾ ਕਿੱਥੋਂ ਆਇਆ? ਅੱਜ ਤੋਂ ਲਗਭਗ 16 ਕਰੋੜ ਸਾਲ ਪਹਿਲਾਂ ਧਰਤੀ ਉੱਤੇ ਜੰਗਲ ਹੀ ਜੰਗਲ ਹੁੰਦੇ ਸਨ। ਕਰੋੜਾਂ ਸਾਲਾਂ ਵਿੱਚ ਦਰੱਖਤਾਂ ਦੀਆਂ ਲੱਖਾਂ ਨਸਲਾਂ ਅਰਬਾਂ ਦੀ ਗਿਣਤੀ ਵਿੱਚ ਧਰਤੀ ਦੀਆਂ ਦਲਦਲਾਂ ਵਿੱਚ ਡਿਗਦੀਆਂ ਰਹੀਆਂ ਤੇ ਬੈਕਟੀਰੀਆ ਇਹਨਾਂ ਨੂੰ ਕਾਲੇ ਰੰਗ ਦੇ ਪਦਾਰਥ ਵਿੱਚ ਬਦਲਦਾ ਰਿਹਾ। ਹਵਾ ਦੀ ਅਣਹੋਂਦ ਕਾਰਨ ਇਹ ਦਰੱਖਤ ਪੂਰੀ ਤਰ੍ਹਾਂ ਖਤਮ ਨਹੀਂ ਹੋ ਸਕੇ ਸਨ। ਇਹ ਧਰਤੀ ਦੀਆਂ ਚਟਾਨਾਂ ਤੇ ਮਿੱਟੀ ਦੀਆਂ ਤੈਹਾਂ ਥੱਲੇ ਦੱਬਦੇ ਰਹੇ। ਕਰੋੜਾਂ ਸਾਲ ਵਿੱਚ ਇਹ ਧਰਤੀ ਦੀਆਂ ਪਰਤਾਂ ਦੇ ਦਬਾਅ ਸਦਕਾ ਪੱਥਰ ਦੇ ਕੋਇਲੇ ਦੇ ਰੂਪ ਵਿੱਚ ਬਦਲ ਗਏ ਹਨ। ਅੱਜ ਸਾਨੂੰ ਧਰਤੀ ਦੀਆਂ ਤੈਹਾਂ ਵਿੱਚ ਮੀਲਾਂ ਲੰਬੀਆਂ, ਮੀਲਾਂ ਚੌੜੀਆਂ ਤੇ ਕਈ ਮੀਟਰ ਮੋਟੀਆਂ ਕੋਲੇ ਦੀਆਂ ਖਾਣਾਂ ਮਿਲਦੀਆਂ ਹਨ। ਇਹਨਾਂ ਵਿੱਚ ਅਰਬ ਟਨ ਕੋਇਲਾ ਹਰ ਸਾਲ ਪ੍ਰਾਪਤ ਹੁੰਦਾ ਹੈ।

### ਧਰਤੀ ਦੀਆਂ ਪਰਤਾਂ ਵਿੱਚ ਪੈਟਰੋਲੀਅਮ ਕਿਵੇਂ ਬਣਿਆ?

ਸਮੁੰਦਰ ਵਿੱਚ ਲੱਖਾਂ ਹੀ ਕਿਸਮ ਦੀ ਸੂਖਮ ਜੀਵ ਹੁੰਦੇ ਹਨ। ਕਰੋੜਾਂ ਸਾਲਾਂ ਵਿੱਚ ਇਹਨਾਂ ਦੀਆ ਕਰੋੜਾ ਨਸਲਾਂ ਮਰਨ ਤੇ ਬਾਅਦ ਸਮੁੰਦਰ ਦੇ ਥੱਲਿਆਂ ਤੇ ਜਾਮ੍ਹਾਂ ਹੁੰਦੀਆਂ ਰਹੀਆਂ। ਅਸੀਂ ਜਾਣਦੇ ਹਾਂ ਕਿ ਹਰ ਜੀਵ ਵਿੱਚ ਚਰਬੀ ਹੁੰਦੀ ਹੈ। ਹੌਲੀ ਹੌਲੀ ਇਹ ਜੀਵ ਰੇਤ ਮਿੱਟੀ ਨਾਲ ਢੱਕੇ ਜਾਂਦੇ ਹਨ। ਲੱਖਾਂ ਸਾਲਾਂ ਦੇ ਸਮੇਂ ਵਿੱਚ ਗਰਮੀ ਦਬਾਉ ਤੇ ਹੋਰ ਰਸਾਇਣਿਕ ਕ੍ਰਿਆਵਾਂ ਰਾਹੀਂ ਇਹ ਜੀਵ ਪੈਟਰੋਲੀਅਮ ਵਿੱਚ ਬਦਲਦੇ ਰਹੇ ਹਨ। ਇਹ ਪੈਟਰੋਲੀਅਮ ਮੁਸਾਮਦਾਰ ਚਟਾਨਾਂ ਰਾਹੀਂ ਉੱਪਰ ਉਠਦਾ ਰਹਿੰਦਾ ਹੈ। ਜਿੰਨਾ ਚਿਰ ਇਸ ਨੂੰ ਰੋਕਣ ਲਈ ਕੋਈ ਮੁਸਾਮ ਰਹਿਤ ਚਟਾਨ ਰਸਤੇ ਵਿੱਚ ਨਹੀਂ ਆ ਜਾਂਦੀ ਹੈ। ਇਸ ਤਰ੍ਹਾਂ ਪੈਟਰੋਲੀਅਮ ਦੇ ਵੱਡੇ ਵੱਡੇ ਭੰਡਾਰ ਜਮਾਂ ਹੁੰਦੇ ਰਹੇ। ਤੇਲ ਪ੍ਰਾਪਤ ਕਰਨ ਲਈ ਮੁਸਾਮ ਰਹਿਤ ਚਟਾਨਾਂ ਵਿੱਚ ਵਰਮਿਆਂ ਦੀ ਸਹਾਇਤਾ ਨਾਲ ਛੇਕ ਕੀਤੇ ਜਾਂਦੇ ਹਨ। ਫਿਰ ਸ਼ਕਤੀਸਾਲੀ ਇੰਜਣਾਂ ਜਾਂ ਮੋਟਰਾਂ ਦੀ ਸਹਾਇਤਾ ਨਾਲ ਇਸ ਪੈਟਰੋਲੀਅਮ ਨੂੰ ਬਾਹਰ ਕੱਢਿਆ ਜਾਂਦਾ ਹੈ। ਇਸ ਤਰ੍ਹਾਂ ਪ੍ਰਾਪਤ ਪੈਟਰੋਲੀਅਮ ਨੂੰ ਗਰਮ ਕਰਕੇ ਵਾਸ਼ਪਾਂ ਤੋਂ ਪ੍ਰੈਟਰੋਲ, ਮਿੱਟੀ ਦਾ ਤੇਲ, ਡੀਜ਼ਲ, ਮੋਗਲਾਇਲ, ਲੁੱਕ ਅਤੇ ਹੋਰ ਪੈਟਰੋਲੀਅਮ ਪਦਾਰਥ ਪ੍ਰਾਪਤ ਕੀਤੇ ਜਾਂਦੇ ਹਨ।

### ਜਵਾਲਾ ਜੀ ਵਿਖੇ ਲਾਟਾਂ ਕਿਵੇਂ ਬਲਦੀਆਂ ਹਨ?

ਪੰਜਾਬ ਤੇ ਗੁਆਂਢੀ ਰਾਜ ਹਿਮਾਚਲ ਦਾ ਇੱਕ ਸ਼ਹਿਰ ਜਵਾਲਾ ਜੀ ਹੈ। ਇਸ ਸਥਾਨ ਤੇ ਇੱਕ ਦੇਵੀ ਦਾ ਮੰਦਰ ਬਣਿਆ ਹੋਇਆ ਹੈ। ਇਸ ਮੰਦਰ ਨੂੰ ਲਾਟਾਂ ਵਾਲੀ ਦੇਵੀ ਦਾ ਮੰਦਰ ਕਿਹਾ ਜਾਂਦਾ ਹੈ। ਇਸ ਮੰਦਰ ਵਿੱਚ ਲਗਭਗ ਨੌ ਸਥਾਨ ਅਜਿਹੇ ਹਨ ਜਿਨ੍ਹਾ ਥਾਵਾਂ ਤੇ ਕੁਦਰਤੀ ਢੰਗ ਨਾਲ ਲਾਟਾਂ ਬਲ ਰਹੀਆਂ ਹਨ। ਇਹਨਾਂ ਲਾਟਾਂ ਸਬੰਧੀ ਬਹੁਤ ਸਾਰੀਆਂ ਕਾਲਪਨਿਕ ਕਹਾਣੀਆਂ ਸਾਰੇ ਉੱਤਰੀ ਭਾਰਤ ਵਿੱਚ ਪ੍ਰਚਲਿਤ ਹਨ। ਅਸੀਂ ਜਾਣਦੇ ਹਾਂ ਕਿ ਜਦੋਂ ਧਰਤੀ ਤੋਂ ਵਰਮਿਆਂ ਰਾਹੀ ਸੁਰਾਖ ਕਰਕੇ ਪੈਟਰੋਲੀਅਮ ਕੱਢਿਆ ਜਾਂਦਾ ਹੈ ਤਾਂ ਉਸ ਦੇ ਨਾਲ ਬਹੁਤ ਸਾਰੀ ਗੈਸ ਵੀ ਪ੍ਰਾਪਤ ਹੁੰਦੀ ਹੈ। ਜੋ ਮੁੱਖ ਤੌਰ ਤੇ ਮਿਥੇਨ ਹੁੰਦੀ ਹੈ।

ਇਸ ਪਹਾੜੀ ਇਲਾਕੇ ਵਿੱਚ ਵੀ ਮੁਸਾਮਦਾਰ ਚਟਾਨਾਂ ਵਿੱਚੋਂ ਇਹ ਕੁਦਰਤੀ ਗੈਸ ਹੀ ਰਿਸ ਕੇ ਬਾਹਰ ਆ ਰਹੀ ਹੈ। ਕਿਉਂਕਿ ਗੈਸ ਦੀ ਮਾਤਰਾ ਬਹੁਤ ਥੋੜੀ ਹੈ ਇਸ ਲਈ ਇਹ ਬਹੁਤ ਘੱਟ ਦਬਾਉ ਨਾਲ ਬਾਹਰ ਨਿਕਲ ਰਹੀ ਹੈ ਇਸ ਲਈ ਧੀਮੀਆਂ ਲਾਟਾਂ ਵਿੱਚ ਇਹ ਗੈਸ ਹੀ ਬਲ ਰਾਹੀ ਹੈ। ਇਸ ਸ਼ਹਿਰ ਵਿੱਚ ਭਾਰਤੀ ਤੇਲ ਦੇ ਕੁਦਰਤੀ ਗੈਸ ਕਮਿਸ਼ਨ ਦੇ ਦਫਤਰ ਇਸ ਗੈਸ ਦੀ ਪੁਸ਼ਟੀ ਕਰਦੇ ਹਨ ਕਿ ਇਸ ਥਾਂ ਤੇ ਖੋਜ ਪੜਤਾਲ ਦਾ ਕੰਮ ਜਾਰੀ ਹੈ। ਉਹ ਦਿਨ ਦੂਰ ਨਹੀਂ ਜਦੋਂ ਇਸ ਸਥਾਨ ਤੋਂ ਗੈਸ ਦੀ ਪ੍ਰਾਪਤੀ ਹੋ ਸਕੇਗੀ।

### ਰੇਗਿਸਤਾਨ ਕਿਵੇਂ ਹੋਂਦ ਵਿੱਚ ਆਉਂਦੇ ਹਨ?

ਸਾਡੀ ਧਰਤੀ ਤੇ ਅਨੇਕਾਂ ਸਥਾਨ ਅਜਿਹੇ ਹਨ ਜਿੱਥੇ ਚਾਰ ਪਾਸੇ ਰੇਤਾ ਨਜ਼ਰ ਆਉਂਦਾ ਹੈ। ਸਾਡੇ ਭਾਰਤ ਵਿੱਚ ਰਾਜਸਥਾਨ ਸਭ ਤੋਂ ਵੱਡਾ ਰੇਗਿਸਤਾਨ ਹੈ ਤੇ ਦੁਨੀਆਂ ਦਾ ਸਭ ਤੋਂ ਵੱਡਾ ਮਾਰੂਥਲ ਅਫਰੀਕਾ ਵਿੱਚ ਸਹਾਰਾ ਹੈ। ਇਹ ਰੇਗਿਸਤਾਨ ਲਗਭਗ3200 ਮੀਲ ਲੰਬਾ ਅਤੇ 1100 ਮੀਲ ਚੌੜਾ ਹੈ। ਆਉ ਵੇਖੀਏ ਕਿ ਰੇਗਿਸਤਾਨ ਕਿਉਂ ਹੋਂਦ ਵਿੱਚ ਆਉਂਦੇ ਹਨ।

ਅਸੀਂ ਜਾਣਦੇ ਹਾਂ ਕਿ ਭੂ-ਮੱਧ ਰੇਖਾ ਤੇ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ। ਇਸ ਲਈ ਇਸ ਸਥਾਨ ਦਾ ਵਾਤਾਵਰਨ ਦੂਸਰੇ ਸਥਾਨਾਂ ਦੇ ਮੁਕਾਬਲੇ ਗਰਮ ਹੈ। ਦੁਨੀਆਂ ਦੇ ਬਹੁਤੇ ਰੇਗਿਸਤਾਨ ਇਹਨਾਂ ਥਾਵਾਂ ਤੇ ਹੀ ਸਥਿਤ ਹਨ। ਜਦੋਂ ਹਵਾਵਾਂ ਇੱਕ ਹੀ ਦਿਸ਼ਾਂ ਵੱਲ ਚਲਦੀਆਂ ਰਹਿਣ ਤਾਂ ਇਹ ਉਸ ਇਲਾਕੇ ਦੀ ਨਮੀ ਚੂਸ ਲੈਂਦੀਆਂ ਹਨ। ਸਿੱਟੇ ਵਜੋਂ ਪੌਦੇ ਸੁੱਕ ਜਾਂਦੇ ਹਨ। ਇਹ ਵੀ ਰੇਗਿਸਤਾਨ ਨੂੰ ਪੈਦਾ ਕਰਨ ਵਿੱਚ ਸਹਾਈ ਹੁੰਦਾ ਹੈ। ਜਦੋਂ ਕਿਸੇ ਸਥਾਨ ਦੇ ਇੱਕ ਪਾਸੇ ਸਮੁੰਦਰ ਹੋਵੇ ਤੇ ਵਿਚਕਾਰ ਉੱਚੇ ਪਹਾੜ ਹੋਣ ਤਾਂ ਇਹ ਪਹਾੜ ਸਮੁੰਦਰ ਤੋਂ ਆਉਣ ਵਾਲੀਆਂ ਹਾਵਾਵਾਂ ਨੂੰ ਆਪਣੇ ਵੱਲ ਹੀ ਰੋਕ ਲੈਂਦੇ ਹਨ ਤਾਂ ਉਹਨਾਂ ਪਰਬਤਾਂ ਦੇ ਦੂਸਰੇ ਪਾਸੇ ਵਰਖਾ ਨਹੀਂ ਹੋਵੇਗੀ। ਸਿੱਟੇ ਵਜੋਂ ਅਜਿਹੇ ਇਲਾਕੇ ਵੀ ਮਾਰੂਥਲ ਬਣ ਜਾਂਦੇ ਹਨ। ਅਜਿਹੇ ਖੇਤਰ ਵੀ ਮਾਰੂਥਲ ਬਣ ਸਕਦੇ ਹਨ ਜਿੱਥੇ ਬੱਦਲਾਂ ਨੂੰ ਰੋਕ ਕੇ ਬਰਸਾਤ ਕਰਵਾਉਣ ਲਈ ਪਹਾੜ ਉੱਚੇ ਨਾ ਹੋਣ।

### ਪਹਾੜ ਕਿਵੇਂ ਹੋਂਦ ਵਿੱਚ ਆਉਂਦੇ ਹਨ?

ਦੁਨੀਆਂ ਵਿੱਚ ਸਭ ਤੋਂ ਉੱਚੀ ਪਹਾੜੀ ਮਾਂਉਟ ਐਵਰੈਸਟ ਭਾਰਤ ਦੇ ਗੁਆਢੀ ਰਾਜ ਨੇਪਾਲ ਵਿੱਚ ਸਥਿਤ ਹੈ। ਭਾਰਤ ਦਾ ਹਿਮਾਲਾ ਪਰਬਤ ਦੁਨੀਆਂ ਦੇ ਸਭ ਤੋਂ ਵੱਡਾ ਪਹਾੜ ਹੈ।

ਇਹ ਪਹਾੜ ਕਿਵੇਂ ਬਣਦੇ ਹਨ? ਇਹਨਾਂ ਪਹਾੜਾਂ ਦੇ ਬਣਨ ਕਾਰਨ ਵੀ ਕਈ ਹੋ ਸਕਦੇ ਹਨ। ਅਸੀਂ ਜਾਣਦੇ ਹਾਂ ਕਿ ਸਾਡੀ ਧਰਤੀ ਦੀਆਂ ਅੰਦਰਲੀਆਂ ਪਰਤਾਂ ਹੇਠਾਂ ਬਹੁਤ ਸਾਰਾ ਲਾਵਾਂ ਪਿਘਲੀਆਂ ਹੋਈਆਂ ਹਾਲਤਾਂ ਵਿੱਚ ਹੈ। ਧਰਤੀ ਦੇ ਕਈ ਸਥਾਨਾਂ ਤੋਂ ਇਹ ਲਾਵਾਂ ਬਾਹਰ ਆਉਣ ਸ਼ੁਰੂ ਹੋ ਜਾਂਦਾ ਹੈ। ਇਸ ਲਈ ਅਜਿਹੇ ਸਥਾਨਾਂ ਤੇ ਗੁੰਬਦ ਪਰਬਤ ਬਣ ਜਾਂਦੇ ਹਨ। ਕਰੋੜਾ ਸਾਲਾ ਵਿੱਚ ਧਰਤੀ ਕਰੋੜਾਂ ਹੀ ਵਾਰ ਰਿੜਕੀ ਗਈ ਹੈ। ਅਜਿਹੀਆਂ ਹਾਲਤਾਂ ਵਿੱਚ ਵੱਡੀਆਂ ਵੱਡੀਆਂ ਚਟਾਨਾਂ ਵਾਲੇ ਪਹਾੜ ਬਣੇ ਹਨ। ਇਹਨਾਂ ਦੇ ਸ਼ਿਲਾ ਖੰਡ ਸੈਂਕੜੇ ਮੀਲ ਲੰਬੇ ਅਤੇ ਚੌੜੇ ਵੀ ਹਨ।

ਅਜਿਹੇ ਪਰਬਤਾਂ ਨੂੰ ਸ਼ਿਲਾ ਪਰਬਤ ਕਹਿੰਦੇ ਹਨ। ਕੁਝ ਹੋਰ ਪਰਬਤ ਜਿਹਨਾਂ ਵਿੱਚੋਂ ਲਾਵਾ ਠੋਸ ਰੂਪ ਵਿੱਚ ਬਾਹਰ ਨਿੱਕਲਦਾ ਰਹਿੰਦਾ ਹੈ ਇਹਨਾਂ ਨੂੰ ਜਵਾਲਾ-ਮੁਖੀ ਪਰਬਤ ਕਹਿੰਦੇ ਹਨ। ਧਰਤੀ ਦੇ ਅੰਦਰੋਂ ਸੁੰਗੜਨ ਤੇ ਦਬਾਉ ਕਰਕੇ ਪਹਾੜਾਂ ਦੀਆਂ ਪਰਤਾਂ ਦੀਆਂ ਪਰਤਾਂ ਬਹਾਰ ਆ ਜਾਂਦੀਆਂ ਹਨ। ਇਹਨਾਂ ਨੂੰ ਤਹਿਦਾਰ ਪਹਾੜੀਆਂ ਕਿਹਾ ਜਾਂਦਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਛੂਤ ਦਾ ਸਵਾਲ ਅਤੇ ਅਮਰ ਸ਼ਹੀਦ ਭਗਤ ਸਿੰਘ



ਡਾ. ਜੀ.ਸੀ. ਕੌਲ,
ਐਮ.ਏ., ਪੀ. ਐਚ. ਡੀ.,
91-94632-23223

ਭਾਰਤ ਵਿਚ ਆਰੀਅਨ ਦੇ ਪ੍ਰਵੇਸ਼ ਨਾਲ ਹੀ ਸੁੱਚ,ਭਿੱਟ, ਸੂਤਕ, ਕਰਮ-ਕਾਂਡ, ਵਰਨ-ਵੰਡ, ਛੂਤ-ਅਛੂਤ, ਅੰਧ-ਵਿਸ਼ਵਾਸ, ਬਹੁ-ਦੇਵਵਾਦ ਵਰਗੇ ਅਪ੍ਰਕ੍ਰਿਤਕ, ਅਤਾਰਕਿਕ, ਅਣਮਨੁੱਖੀ ਅਤੇ ਅਸਮਾਨਤਾ ਭਰੇ ਵਰਤਾਰਿਆਂ ਦੀ ਸ਼ੁਰੂਆਤ ਵੀ ਹੋ ਜਾਂਦੀ ਹੈ। ਆਰੀਅਨ ਨੇ ਇਸ ਦੇਸ਼ ਵਿਚ ਪ੍ਰਭੂਸੱਤਾ ਕਾਇਮ ਕਰਨ ਲਈ ਚਾਰ ਵੇਦਾਂ, ਅਨੇਕ ਸਿਮ੍ਰਿਤੀਆਂ, ਸ਼ਾਸਤਰਾਂ ਅਤੇ ਅਖੌਤੀ ਧਾਰਮਿਕ ਗ੍ਰੰਥਾਂ ਦੀ ਰਚਨਾ ਦੁਆਰਾ ਇਕ ਅਜਿਹਾ ਰਾਜਨੀਤਕ, ਅਧਿਆਤਮਿਕ, ਸਮਾਜਿਕ ਅਤੇ ਆਰਥਿਕ ਸਿਸਟਮ ਉਸਾਰ ਲਿਆ ਕਿ ਸਦੀਆਂ ਬੀਤ ਜਾਣ ਉਪਰੰਤ ਅਜੋਕੇ ਵਿਗਿਆਨਕ ਯੁੱਗ ਵਿਚ ਵੀ ਹਜ਼ਾਰਾਂ ਜਾਤਾਂ ਵਿਚ ਵੰਡੇ ਹੋਏ ਭਾਰਤੀ ਆਪਣੀ ਜਾਤੀ ਸ੍ਰੇਸ਼ਟਤਾ ਅਤੇ ਧਾਰਮਿਕ ਉੱਚਤਾ ਦੇ ਵਿਚਾਰ ਅਧੀਨ ਆਪਣੇ ਹੀ ਦੇਸ਼ ਵਾਸੀਆਂ ਨੂੰ ਘ੍ਰਿਣਾ ਅਤੇ ਹਿਕਾਰਤ ਭਰੀ ਨਜ਼ਰ ਨਾਲ ਦੇਖਦੇ ਹਨ।

1923 ਵਿਚ ਕਾਕੀਨਾੜਾ (ਆਂਧਰਾ ਪ੍ਰਦੇਸ਼) ਵਿਚ ਕਾਂਗਰਸ ਦੇ ਸਾਲਾਨਾ ਅਜਲਾਸ ਵਿਚ ਮੁਹੰਮਦ ਅਲੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਭਾਰਤ ਦੇ ਅਛੂਤਾਂ ਨੂੰ ਹਿੰਦੂ, ਮੁਸਲਮਾਨ ਅਤੇ ਈਸਾਈ ਮਿਸ਼ਨਰੀ ਸੰਸਥਾਵਾਂ ਵਿਚ ਵੰਡ ਦੇਣ ਦਾ ਸੁਝਾਅ ਪੇਸ਼ ਕੀਤਾ। ਅਰਥਾਤ ਅਛੂਤਾਂ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਅਤੇ ਤਿੰਨਾਂ ਹੀ ਧਰਮਾਂ ਵਿਚ ਸ਼ਾਮਿਲ ਕਰਕੇ ਇਨ੍ਹਾਂ ਨੂੰ ਪੱਕੇ ਤੌਰ 'ਤੇ ਗੁਲਾਮ ਬਣਾਏ ਜਾਣ ਦੀ ਸਾਜਿਸ਼ ਰਚੀ ਜਾਣ ਲੱਗੀ। ਇਨ੍ਹਾਂ ਦੀ ਇਸ ਸੋਚ ਵਿਰੁੱਧ ਹੀ ਭਾਰਤ ਦੇ ਵਿਭਿੰਨ ਖੇਤਰਾਂ ਵਿਚ ਆਦਿ ਧਰਮੀ, ਆਦਿ ਹਿੰਦੂ ਅਤੇ ਆਦਿ ਦ੍ਰਾਵਿੜ ਵਰਗੇ ਵੱਖੋ-ਵੱਖਰੇ ਅੰਦੋਲਨ ਦਲਿਤ ਅਥਵਾ ਅਛੂਤਾਂ ਵਿਚ ਆਰੰਭ ਹੁੰਦੇ ਹਨ। ਪੰਜਾਬ ਵਿਚ ਬਾਬੂ ਮੰਗੂ ਰਾਮ ਮੁੱਗੋਵਾਲ ਦੀ ਅਗਵਾਈ ਹੇਠ 11-12 ਜੂਨ 1926 ਨੂੰ ਆਦਿ ਧਰਮੀਆਂ ਦੇ ਅਸਤਿਤਵ ਦੀ ਲੜਾਈ ਲੜਨ ਅਤੇ ਇਨ੍ਹਾਂ ਦੇ ਮਾਨਵੀ ਅਧਿਕਾਰਾਂ ਦੀ ਸੁਰੱਖਿਆ ਲਈ ਆਦਿ ਧਰਮ ਮੰਡਲ ਦੀ ਸਥਾਪਨਾ ਹੁੰਦੀ ਹੈ।

ਭਾਰਤੀ ਸਮਾਜ ਦੀ ਇਸ ਸਮਾਜਿਕ ਸੰਰਚਨਾ ਅਧੀਨ ਇਥੋਂ ਦੇ ਆਦਿਵਾਸੀ ਮਿਹਨਤਕਸ਼ ਸ਼ਿਲਪਕਾਰਾਂ ਨੂੰ ਅਛੂਤ ਬਣਾਏ ਜਾਣ ਉਪਰੰਤ ਉਨ੍ਹਾਂ ਦੀ ਹੋ ਰਹੀ ਖਰੀਦੋ-ਫਰੋਖਤ, ਨਿਰਾਦਰੀ ਅਤੇ ਦੁਰਦਸ਼ਾ ਬਾਰੇ ਪੰਜਾਬ ਦੇ ਅਮਰ ਸ਼ਹੀਦ ਇਨਕਲਾਬੀ ਨੌਜਵਾਨ ਭਗਤ ਸਿੰਘ ਦੁਆਰਾ 'ਕਿਰਤੀ' ਜੂਨ 1928 ਦੇ ਅਖ਼ਬਾਰ ਵਿਚ 'ਅਛੂਤ ਦਾ ਸਵਾਲ' ਸਿਰਲੇਖ ਅਧੀਨ ਇਕ ਇਤਿਹਾਸਕ ਲੇਖ ਲਿਖਿਆ ਗਿਆ। ਇਸ ਲੇਖ ਵਿਚ ਉਨ੍ਹਾਂ ਨੇ ਭਾਰਤ ਦੇ ਅਖੌਤੀ ਉੱਚ ਵਰਗ ਦੀ ਗ੍ਰਹਿਣੀ ਹੋਈ ਕਲੰਕਿਤ ਸੋਚ ਦੀਆਂ ਧੱਜੀਆਂ ਉਡਾਈਆਂ ਹਨ। ਉਨ੍ਹਾਂ ਨੇ ਹਿੰਦੂਆਂ ਵਲੋਂ ਅਛੂਤਾਂ ਨਾਲ ਕੀਤੇ ਜਾਂਦੇ ਅਣਮਨੁੱਖੀ ਵਰਤਾਰੇ ਦੇ ਕਈ ਧਾਰਮਿਕ ਸ਼ਾਬਦਿਕ ਚਿੱਤਰ ਇਸ ਲੇਖ ਵਿਚ ਉਲੀਕੇ ਹਨ। ਅਛੂਤਾਂ ਨਾਲ ਛੂਹੇ ਜਾਣ 'ਤੇ ਭ੍ਰਿਸ਼ਟੇ ਜਾਂਦੇ ਧਰਮ, ਮੰਦਿਰ ਪ੍ਰਵੇਸ਼ 'ਤੇ ਦੇਵਤਿਆਂ ਦੀ ਨਾਰਾਜ਼ਗੀ ਅਤੇ ਅਛੂਤਾਂ ਵਲੋਂ ਖੂਹ ਤੋਂ ਪਾਣੀ ਕੱਢ ਲੈਣ ਉਪਰੰਤ ਭਿੱਟੇ ਜਾਂਦੇ ਖੂਹ ਆਦਿ ਦੇ ਦਕੀ-ਆਨੂਸੀ ਵਿਚਾਰਾਂ 'ਤੇ ਤਿੱਖੇ ਵਿਅੰਗ ਇਸ ਲੇਖ ਵਿਚ ਕੀਤੇ ਗਏ ਹਨ। ਸ਼ਹੀਦ ਭਗਤ ਸਿੰਘ ਲਿਖਦੇ ਹਨ।

"ਸਾਡੇ ਮੁਲਕ ਜਿੰਨੀ ਭੈੜੀ ਹਾਲਤ ਕਿਸੇ ਹੋਰ ਮੁਲਕ ਦੀ ਨਹੀਂ। ਇਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹੁੰਦੇ ਹਨ, ਜਿਨ੍ਹਾਂ ਨੂੰ ਸੁਣਦਿਆਂ ਹੀ ਸ਼ਰਮ ਆਉਂਦੀ।"

ਭਾਰਤ ਦੇ ਅਧਿਆਤਮਵਾਦੀ ਫਲਸਫੇ ਦੇਸ਼ ਹੋਣ ਅਤੇ ਅੰਗਰੇਜ਼ਾਂ ਤੋਂ ਬਰਾਬਰੀ ਦੇ ਅਧਿਕਾਰ ਮੰਗੇ ਜਾਣ 'ਤੇ ਵੀ ਭਗਤ ਸਿੰਘ ਹੋਰਾਂ ਨੇ ਤਿੱਖਾ ਕਟਾਖਸ਼ ਕੀਤਾ ਹੈ। ਅਛੂਤ ਦੇ ਸਵਾਲ 'ਤੇ ਆਪਦਾ ਮੱਤ ਸੀ ਕਿ ਭਾਰਤ ਦੀ ਰੂਹਾਨੀਅਤ ਨਾਲੋਂ ਮਾਇਆਵਾਦੀ ਯੋਰਪ ਤੇ ਅਮਰੀਕਾ ਚੰਗੇ ਹਨ, ਜੋ ਕਈ ਸਦੀਆਂ ਤੋਂ ਨਸਲੀ ਭਿੰਨ ਭੇਦ ਮਿਟਾ ਕੇ ਬਰਾਬਰੀ ਦੇ ਸਿਧਾਂਤ ਉਪਰ ਚੱਲਣ ਦੀ ਵਕਾਲਤ ਕਰਦੇ ਹਨ। ਪਰ ਰੱਬ ਦੀ ਗੱਲ ਕਰਨ ਵਾਲੇ ਅਛੂਤਾਂ ਨੂੰ ਬਰਾਬਰੀ ਦਾ ਹੱਕ ਦੇਣ ਨੂੰ ਤਿਆਰ ਨਹੀਂ ਹਨ। ਇਨ੍ਹਾਂ ਅਨੁਸਾਰ ਅਛੂਤ ਦੇ ਮੰਦਿਰ-ਪ੍ਰਵੇਸ਼ ਨਾਲ ਰੱਬ ਨਾਰਾਜ਼ ਤੇ ਪਲੀਤ ਹੁੰਦਾ ਹੈ। ਇਨਕਲਾਬੀ ਭਗਤ ਸਿੰਘ ਵਲੋਂ ਇਸ ਲੇਖ ਵਿਚ ਅੰਕਿਤ ਨਿਮਨ-ਲਿਖਤ ਦ੍ਰਿਸ਼ਟਾਂਤ ਤੇ ਸਤਰਾਂ ਵਾਚਣਯੋਗ ਹਨ।

(ੳ) ਅਸੀਂ ਸਦਾ ਹੀ ਆਤਮਾ ਪਰਮਾਤਮਾ ਦੇ ਰੋਣੇ ਰੋਣ ਵਾਲੇ ਅੱਜ ਵੀ ਇਸ ਗੱਲ 'ਤੇ ਜ਼ੋਰ ਨਾਲ ਬਹਿਸ ਕਰਦੇ ਹਾਂ ਕਿ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ ? ਕੀ ਉਹ ਵੇਦ ਸ਼ਾਸਤਰ ਪੜ੍ਹਨ ਦੇ ਹੱਕਦਾਰ ਹਨ, ਕਿ ਨਹੀਂ। ਅਸੀਂ ਨਾ-ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿਚ ਸਾਡੇ ਨਾਲ ਚੰਗਾ ਸਲੂਕ ਨਹੀਂ ਹੁੰਦਾ। ਗੋਰੇਸ਼ਾਹੀ ਵਿਚ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਹੈ, ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ ?

(ਅ) ਪਟਨਾ ਹਿੰਦੂ ਮਹਾਂ ਸਭਾ ਹੋਈ।....ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ, ਕਿ ਕੀ ਅਛੂਤਾਂ ਨੂੰ ਯਗੋ-ਪਵੀਤ (ਜਨੇਊ) ਪਾਉਣ ਦਾ ਹੱਕ ਹੈ ? ਤੇ ਕੀ ਉਨ੍ਹਾਂ ਨੂੰ ਵੇਦ ਸ਼ਾਸਤਰ ਪੜ੍ਹਨ ਦਾ ਹੱਕ ਹੈ?... ਕ ੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿਚ ਨਿਸ਼ੰਗ ਫਿਰਦਾ ਹੈ, ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬਸ ਧਰਮ ਖ਼ਰਾਬ ਹੋ ਜਾਂਦਾ ਹੈ, ਫੇਰ ਤਾਂ ਪੰਡਿਤ ਮਾਲਵੀਆ ਜੀ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮੀ ਹੋਰ ਵੀ ਨਾ ਜਾਣੇ ਕੀ-ਕੀ ਪਹਿਲੋਂ ਇਕ ਸਵੀਪਰ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿਛੋਂ ਕੱਪੜਿਆਂ ਸਮੇਤ ਇਸ਼ਨਾਨ ਕੀ-ਤਿਆਂ ਬਿਨਾਂ ਆਪਣੇ ਆਪ ਨੂੰ ਅਸ਼ੁਧ ਸਮਝਦੇ ਹਨ। ਕਿਆ ਖ਼ੂਬ ਇਹ ਚਾਲ ਹੈ।

(ੲ) ਸਭ ਨੂੰ ਪਿਆਰ ਕਰਨ ਵਾਲਾ ਰੱਬ। ਉਸ ਦੀ ਪੂਜਾ ਕਰਨ ਵਾਸਤੇ ਮੰਦਿਰ ਬਣਿਆ ਹੈ, ਉਥੇ ਉਹ ਗਰੀਬ ਜਾ ਵੜੇ ਤਾਂ ਮੰਦਿਰ ਪਲੀਤ ਹੋ ਜਾਂਦਾ ਹੈ, ਰੱਬ ਨਾਰਾਜ਼ ਹੋ ਜਾਂਦਾ ਹੈ।

(ਸ) ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸ਼ਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ ?

ਸ਼ਹੀਦ ਭਗਤ ਸਿੰਘ ਦਾ ਇਹ ਸਪੱਸ਼ਟ ਮੱਤ ਸੀ ਕਿ ਭਾਰਤ ਦੇ ਆਦਿਵਾਸੀ, ਆਦਿ ਧਰਮੀ ਸ਼ਿਲਪਕਾਰਾਂ ਨੂੰ ਸਦੀਵੀ ਗੁਲਾਮ ਬਣਾਉਣ ਲਈ ਆਰੀਅਨ ਨੇ ਅਧਿਆਤਮਵਾਦੀ ਫਲਸਫੇ ਅਧੀਨ ਪੁਨਰ ਜਨਮ ਦਾ ਪ੍ਰਪੰਚ ਰਚਿਆ ਹੈ। ਅਛੂਤਾਂ ਦੀ ਭੁੱਖ, ਨੰਗ, ਗੁਰਬਤ ਅਤੇ ਕਾਇਮ ਕੀਤੀ ਗਈ ਜਾਤ-ਪਾਤ ਦੀ ਵਿਵਸਥਾ ਨੂੰ ਆਰੀਅਨ ਨੇ ਮਿੱਥ ਕਥਾਵਾਂ ਘੜ ਕੇ ਪੁਰਾਣੇ ਜਨਮਾਂ ਦੇ ਪਾਪਾਂ ਨਾਲ ਜੋੜ ਦਿੱਤਾ। ਦਰਅਸਲ ਇਹ ਸਾਰਾ ਆਡੰਬਰ ਆਰੀਅਨ ਨੇ ਅਛੂਤਾਂ ਨੂੰ ਸਦੀਵੀ ਗੁਲਾਮ ਬਣਾਈ ਰੱਖਣ ਲਈ ਹੀ ਸਿਰਜਿਆ। ਇਥੇ ਅਮਰ ਸ਼ਹੀਦ ਦੇ ਇਹ ਸ਼ਬਦ ਜ਼ਿਕਰਯੋਗ ਹਨ।

"ਇਨ੍ਹਾਂ ਵਰਗਿਆਂ ਆਦਮੀਆਂ ਨਾਲ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਨ੍ਹਾਂ ਨੂੰ ਨੀਚ ਕਹਿਕੇ ਪਰੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਤੇ ਨਾਲ ਹੀ ਇਹ ਵੀ ਫਿਕਰ ਪਿਆ ਕਿ ਇਹ ਬਗਾਵਤ ਨਾ ਕਰ ਦੇਣ, ਤਦੋਂ ਪੁਨਰ ਜਨਮ ਦੀ ਫਿਲਾਸਫੀ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ ? ਚੁੱਪ ਕਰਕੇ ਗੁਜ਼ਾਰਾ ਕਰੋ।"

ਅਮਰ ਸ਼ਹੀਦ ਭਗਤ ਸਿੰਘ ਨੇ ਉਸ ਸਮੇਂ ਅਛੂਤਾਂ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਅਤੇ ਜ਼ੁਲਮਾਂ ਨੂੰ ਆਪਣੇ ਇਸ ਲੇਖ ਵਿਚ ਬੜੀ ਹੀ ਬੇਬਾਕੀ ਨਾਲ ਪ੍ਰਸਤੁਤ ਕਰਦਿਆਂ ਨਾਲ ਹੀ ਸੁਝਾਅ ਵੀ ਪੇਸ਼ ਕੀਤੇ ਹਨ। ਆਦਿ ਧਰਮ ਮੰਡਲ ਦੇ ਅੰਦੋਲਨ ਸਬੰਧੀ ਆਪ ਨੇ ਬੜੇ ਉਸਾਰੂ ਵਿਚਾਰ ਪੇਸ਼ ਕੀਤੇ ਹਨ। ਉਹ ਲਿਖਦੇ ਹਨ।

(ੳ) "ਇਧਰ ਜਦ ਅਛੂਤਾਂ ਦੇਖਿਆ ਕਿ ਸਾਡੀ ਖਾਤਰ ਇਨ੍ਹਾਂ ਵਿਚ ਫਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਖ਼ੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਤ ਹੋਈਏ। ਆਦਿ ਧਰਮ ਮੰਡਲ ਆਦਿਕ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ।

(ਅ) ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖ਼ਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਨ੍ਹਾਂ ਭਰਾਵਾਂ ਨੂੰ ਅੱਜ ਤੀਕ ਅਛੂਤ ਕਿਹਾ ਕਰਦੇ ਸਾਂ ਉਨ੍ਹਾਂ ਕੋਲੋਂ ਆਪਣੇ ਇਸ ਪਾਪ ਵਾਸਤੇ ਖ਼ਿਮਾਂ ਮੰਗਣੀ ਅਤੇ ਉਨ੍ਹਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆਂ, ਕਲਮਾ ਪੜ੍ਹਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਸ ਨੂੰ ਆਪਣੇ ਵਿਚ ਰਲਾ ਲੈਣਾ, ਉਸ ਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ।

(ੲ) ਜਦੋਂ ਪਿੰਡਾਂ ਵਿਚ ਕਿਰਤੀ ਪ੍ਰਚਾਰ ਸ਼ੁਰੂ ਹੋਇਆ ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਗੱਲ ਸਮਝਾ ਕੇ ਭੜਕਾਣ ਕਿ ਦੇਖੋ ਇਹ ਸਵੀਪਰਾਂ ਨੂੰ ਸਿਰ 'ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਉਂਦੇ ਹਨ। ਬੱਸ ਜੱਟ ਇੰਨੇ ਵਿਚ ਹੀ ਭੂਤਰ ਪਏ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਦੀ ਹਾਲਤ ਉਨਾਂ ਚਿਰ ਨਹੀਂ ਸੁਧਰ ਸਕਦੀ ਜਿੰਨਾ ਚਿਰ ਕਿ ਉਹ ਇਨ੍ਹਾਂ ਗਰੀਬਾਂ ਨੂੰ ਕਮੀਨ ਅਤੇ ਨੀਚ ਕਹਿਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ।

(ਸ) ਕਿਹਾ ਜਾਂਦਾ ਹੈ ਕਿ ਉਹ ਸਾਫ਼ ਨਹੀਂ ਰਹਿੰਦੇ ? ਇਸ ਦਾ ਜਵਾਬ ਸਾਫ਼ ਹੈ, ਉਹ ਗਰੀਬ ਹਨ। ਗ਼ਰੀਬੀ ਦਾ ਇਲਾਜ ਕਰੋ। ਉੱਚੀਆਂ ਕੁਲਾਂ ਦੇ ਗਰੀਬ ਲੋਕੀਂ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ਼ ਕਰਨ ਨਾਲ ਸਵੀਪਰ ਤੇ ਅਛੂਤ ਨਹੀਂ ਹੋ ਜਾਂਦੀਆਂ।

(ਹ) ਪਰ ਇਹ ਕੰਮ ਉਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਤ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਨ੍ਹਾਂ ਦਾ ਆਪਣੇ-ਆਪ ਨੂੰ ਵੱਖਰਾ ਜਥੇਬੰਦ ਕਰਨਾ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿਚ ਹੋਣ ਕਰਕੇ ਉਨ੍ਹਾਂ ਦੇ ਬਰਾਬਰ ਹੱਕ ਹਕੂਕ ਮੰਗਣਾ ਬੜੀ ਆਸਾ ਜਨਕ ਤਹਿਰੀਕ ਹੈ। ਜਾਂ ਤਾਂ ਫਿਰਕਾਵਾਰਾਨ ਨਿਆਬਤ ਦਾ ਟੰਟਾ ਹੀ ਮੁਕਾਉ ਨਹੀਂ ਤੇ ਉਨ੍ਹਾਂ ਦੇ ਵੱਖਰੇ ਹਕੂਕ ਉਨ੍ਹਾਂ ਨੂੰ ਦੇਵੋ। ਕੌਂਸਲਾਂ ਅਤੇ ਅਸੈਂਬਲੀਆਂ ਦਾ ਫਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਆਜ਼ਾਦੀ ਇਨ੍ਹਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ ਲੈ ਜਾ ਕੇ ਉਨ੍ਹਾਂ ਨੂੰ ਖੂਹਾਂ 'ਤੇ ਚੜ੍ਹਾਉਣ, ਨਾਲ ਲੈ ਜਾ ਕੇ ਉਨ੍ਹਾਂ ਦੇ ਮੁੰਡਿਆਂ ਨੂੰ ਮਦਰੱਸਿਆਂ ਵਿਚ ਭਰਤੀ ਕਰਾਉਣ। ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ?

ਅਸੀਂ ਤਾਂ ਸਾਫ ਕਹਿੰਦੇ ਹਾਂ ਕਿ ਉਠੋ। ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉਠੋ! ਆਪਣਾ ਇਤਿਹਾਸ ਦੇਖੋ! ਗੁਰੂ ਗੋਬਿੰਦ ਸਿੰਘ ਦੀ ਫੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਇਹ ਸਭ ਕੁਝ ਕਰ ਸਕਿਆ, ਜਿਸ ਨਾਲ ਕਿ ਅੱਜ ਉਸ ਦਾ ਨਾਂ ਜ਼ਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਹਨ। ਸਮਾਜਿਕ ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਅਤੇ ਰਾਜਨੀਤਕ ਤੇ ਆਰਥਿਕ ਇਨਕਲਾਬ ਵਾਸਤੇ ਕਮਰ-ਕੱਸੇ ਕਰ ਲਵੋ।"

ਇਨਕਲਾਬੀ ਨੌਜਵਾਨ ਅਮਰ ਸ਼ਹੀਦ ਭਗਤ ਸਿੰਘ ਵਲੋਂ ਅਛੂਤਾਂ ਨੂੰ ਦਿੱਤਾ ਇਹ ਪੈਗ਼ਾਮ ਅੱਜ ਵੀ ਦਲਿਤਾਂ ਨੂੰ ਜਥੇਬੰਦ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੀ ਵਿਦਰੋਹ ਭਰੀ ਪ੍ਰੇਰਨਾ ਦੇ ਰਿਹਾ ਹੈ। ਸੋ, ਸਾਨੂੰ ਚਾਹੀਦੈ ਕਿ ਅਸੀਂ ਅੱਜ ਲੀਰੋ-ਲੀਰ ਹੋ ਰਹੇ ਸਮਾਜ ਨੂੰ ਏਕਤਾ ਦੀ ਲੜੀ ਵਿਚ ਪ੍ਰੋਣ ਦੇ ਪੁਰਜ਼ੋਰ ਯਤਨ ਕਰੀਏ। ਨਿੱਜੀ ਸਵਾਰਥ ਅਤੇ ਚੌਧਰਾਂ ਨੂੰ ਤਿਆਗ ਕੇ ਇਕ ਮੰਚ 'ਤੇ ਇਕੱਠੇ ਹੋਈਏ, ਤਾਂ ਹੀ ਖੁੱਸੇ ਹੋਏ ਅਧਿਕਾਰਾਂ ਦੀ ਪ੍ਰਾਪਤੀ ਹੋ ਸਕਦੀ ਹੈ।

## ਦਸ ਸਾਲ ਦੇ ਵਿਦਿਆਰਥੀ ਨਵਰਾਜ ਸਰੋਆ ਨੇ ਲਿਖੀ ਆਮ ਜਾਣਕਾਰੀ ਤੇ ਪੁਸਤਕ

**ਮੁਕੰਦਪੁਰ (ਰੇਸ਼ਮ ਕਰਨਾਣਵੀ)**-'ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ' ਵਾਲੀ ਕਹਾਵਤ ਨੂੰ ਸੱਚ ਸਾਬਤ ਕਰਦੀ ਇੱਕ ਉਦਾਹਰਨ ਨਵਰਾਜ ਸਰੋਆ ਨੇ ਆਪਣੀ ਤੀਖਣ ਬੁੱਧੀ ਨਾਲ਼ ਦਸ ਸਾਲ ਦੀ ਉਮਰ ਵਿੱਚ ਹੀ ਆਮ ਜਾਣਕਾਰੀ ਦੀ ਪੁਸਤਕ ਲਿਖ ਕੇ ਸਭ ਨੂੰ ਹੈਰਾਨ ਕੀਤਾ ਹੈ। ਚੌਥੀ ਜਮਾਤ ਦੇ ਵਿਦਿਆਰਥੀ ਨਵਰਾਜ ਸਰੋਆ ਆਮ ਜਾਣਕਾਰੀ ਦੀ ਪੁਸਤਕ ਲਿਖ ਕੇ ਇਹ ਕੀਰਤੀਮਾਨ ਰਚਿਆ ਹੈ। ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਪੱਲੀ ਉੱਚੀ ਦਾ ਜੰਮਪਲ ਹੈ ਅਤੇ ਪਿੰਡ ਦੇ ਹੀ ਸਰਕਾਰੀ ਪ੍ਰਾਇਮਰੀ ਸਕੂਲ ਦਾ ਵਿਦਿਆਰਥੀ ਹੈ। ਇਸ ਪੁਸਤਕ ਵਿੱਚ ਪੰਜਾਬੀ, ਸਾਇੰਸ, ਇਤਿਹਾਸ, ਨਾਗਰਿਕ ਸ਼ਾਸ਼ਤਰ, ਭੂਗੋਲ, ਪ੍ਰਾਂਤ, ਦੇਸ਼ ਅਤੇ ਦੁਨੀਆਂ ਦੀ ਕਈ ਵਿਸ਼ਿਆਂ ਨਾਲ਼ ਸਬੰਧਤ ਆਮ ਜਾਣਕਾਰੀ ਸ਼ਾਮਲ ਹੈ। ਇਸ ਪੁਸਤਕ ਵਿੱਚੋਂ ਕੋਈ ਵੀ ਸਵਾਲ ਪੁੱਛਣ ਤੇ ਉਸ ਦਾ ਤੁਰੰਤ ਜਵਾਬ ਦੇ ਕੇ ਉਹ ਹੈਰਾਨ ਕਰ ਦਿੰਦਾ ਹੈ। ਪ੍ਰਾਇਮਰੀ ਸਕੂਲ ਦੇ ਅਧਿਆਪਕ ਪਰਮਜੀਤ ਸਰੋਆ ਅਤੇ ਸੰਤੋਸ਼ ਕੁਮਾਰੀ ਦਾ ਹੋਣਹਾਰ ਸਪੁੱਤਰ ਨਵਰਾਜ




ਸਰੋਆ ਪੜ੍ਹਾਈ ਵਿੱਚ ਪਹਿਲੀ ਜਮਾਤ ਤੋਂ ਹੀ ਲਗਾਤਾਰ ਪਹਿਲਾ ਸਥਾਨ ਪ੍ਰਾਪਤ ਕਰਦਾ ਆ ਰਿਹਾ ਹੈ। ਉਸ ਦੇ ਪਿਤਾ ਪਰਮਜੀਤ ਸਰੋਆ ਦੀ ਇਸ ਗੱਲ ਵਿੱਚ ਵੀ ਵਡਿਆਈ ਹੈ ਕਿ ਉਸ ਨੇ ਕਿਸੇ ਮਹਿੰਗੇ ਪਬਲਿਕ ਸਕੂਲ ਵਿੱਚ ਦਾਖਲ ਕਰਵਾਉਣ ਦੀ ਬਜਾਏ ਸਰਕਾਰੀ ਸਕੂਲ ਨੂੰ ਹੀ ਪਹਿਲ ਦਿੱਤੀ ਹੈ। ਸਕੂਲ ਦੇ ਮੁੱਖ ਅਧਿਆਪਕ ਅਤੇ ਸਮੂਹ ਸਟਾਫ ਉਸ ਦੀ ਪ੍ਰਤਿਭਾ ਤੇ ਮਾਣ ਮਹਿਸੂਸ ਕਰਦੇ ਹੋਏ ਉਸ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦੇ ਹਨ।

ਨਵਰਾਜ ਦਾ ਕਹਿਣ ਹੈ ਕਿ ਪੰਜਾਬੀ ਵਿੱਚ ਤਿਆਰ ਕੀਤੀ ਇਸ ਪੁਸਤਕ ਦੇ ਹੋਰ ਐਡੀਸ਼ਨ ਵੀ ਤਿਆਰ ਕਰੇਗਾ। ਉਸ ਦੇ ਪਿਤਾ ਪਰਮਜੀਤ ਸਰੋਆ ਅਤੇ ਮਾਤਾ ਸੰਤੋਸ਼ ਕੁਮਾਰੀ ਨੂੰ ਆਪਣੇ ਹੋਣਹਾਰ ਪੁੱਤਰ ਨਵਰਾਜ ਦੀ ਮਿਹਨਤੀ ਕਾਰਗੁਜ਼ਾਰੀ ਦਾ ਸਿੱਟਾ ਇਹ ਪੁਸਤਕ ਹੈ। ਨਵਰਾਜ ਦਾ ਮੁੱਖ ਟੀਚਾ ਆਈ. ਏ.ਐੱਸ ਅਧਿਕਾਰੀ ਬਣਨ ਦਾ ਹੈ। ਨਵਰਾਜ ਦੀ ਇਸ ਪੁਸਤਕ ਕਰਕੇ ਉਸ ਨੂੰ ਸਕੂਲ ਕਈ ਹੋਰ ਸੰਸਥਾਵਾਂ ਅਤੇ ਵਿਸ਼ੇਸ਼ ਸਖ਼ਸ਼ੀਅਤਾਂ ਵਲੋਂ ਸਨਮਾਨਤ ਕੀਤਾ ਗਿਆ ਹੈ।

## ਸਕੂਲ ਸਟਾਫ ਅਤੇ ਪੰਚਾਇਤ ਵਲੋਂ ਡੀ. ਐੱਸ. ਪੀ. ਦਾ ਵਿਸ਼ੇਸ਼ ਸਨਮਾਨ

**ਮੁਕੰਦਪੁਰ -(ਰੇਸ਼ਮ ਕਰਨਾਣਵੀ)**- ਬਲਾਕ ਔੜ ਦੇ ਪਿੰਡ ਸ਼ੇਖੂਪੁਰ ਦੇ ਸਰਕਾਰੀ ਪ੍ਰਇਮਰੀ ਸਕੂਲ ਅਤੇ ਗ੍ਰਾਮ ਪੰਚਾਇਤ ਵਲੋਂ ਸਮਾਜ ਹਿੱਤੂ ਅਤੇ ਡੀ. ਐੱਸ.ਪੀ. ਬਿਕਰਮਜੀਤ ਸਿੰਘ ਲਾਖਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਡੀ. ਐੱਸ.ਪੀ. ਬਿਕਰਮਜੀਤ ਸਿੰਘ ਲਾਖਾ ਨੇ ਕਿਹਾ ਕਿ ਮੈਂ ਅੱਜ ਜੋ ਵੀ ਹਾਂ ਇਸ ਸਕੂਲ ਦੇ ਸਟਾਫ ਤੋਂ ਪ੍ਰਾਪਤ ਸਿੱਖਿਆ ਕਰਕੇ ਹਾਂ ਅਤੇ ਇਸ



ਕਰਕੇ ਹੀ ਮੈਂ ਇਹ ਕਾਮਯਾਬੀ ਹਾਸਲ ਕੀਤੀ ਹੈ। ਉਨ੍ਹਾਂ ਨੇ ਆਪਣੀਆਂ ਸਕੂਲ ਨਾਲ਼ ਜੁੜੀਆਂ ਯਾਦਾਂ ਤਾਜ਼ਾ ਕੀਤੀਆਂ।

ਉਨ੍ਹਾਂ ਨੇ ਸਕੂਲ ਸਟਾਫ ਨੂੰ ਅਪੀਲ ਕੀਤੀ ਕਿ ਬੱਚਿਆਂ ਨੂੰ ਪੂਰੀ ਮਿਹਨਤ ਨਾ਼ਲ ਸਿੱਖਿਅਤ ਕਰਨ ਕਿਉਂਕਿ ਮਾਪਿਆਂ ਦੀ ਆਸ ਆਪਣੇ ਬੱਚਿਆਂ ਤੇ ਹੁੰਦੀ ਹੈ। ਉਨ੍ਹਾਂ ਨੇ ਬੱਚਿਆਂ ਨੂੰ ਵੀ ਪੂਰੀ ਲਗਨ ਨਾ਼ਲ ਪੜ੍ਹਨ ਲਈ ਪ੍ਰੇਰਨਾ ਦਿੱਤੀ।

ਇਸ ਸਮੇਂ ਮੈਡਮ ਸੁਦੇਸ਼ ਤਲਵੰਡੀ, ਕਾਬਲ ਰਾਮ ਮੈਂਬਰ ਪੰਚਾਇਤ ਅਤੇ ਪਵਨ ਕੁਮਾਰ ਵਲੋਂ ਡੀ. ਐੱਸ. ਪੀ. ਦਾ ਸਕੂਲ ਵਾਸਤੇ ਵਾਟਰ ਕੂਲਰ ਦੇਣ ਅਤੇ ਕਮਰੇ ਦੇ ਕਾਰਜਾਂ ਲਈ ਧੰਨਵਾਦ ਕੀਤਾ। ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਮੈਡਮ ਬਲਵੀਰ ਕੌਰ, ਮੈਡਮ ਸੁਖਜੀਤ ਕੌਰ, ਅਧਿਆਪਕ ਕਮਲ ਕੁਮਾਰ, ਅਮਰਜੀਤ ਲਾਖਾ ਅਤੇ ਪਿੰਡ ਵਾਸੀ ਹਾਜ਼ਰ ਸਨ।

## ਪਿੰਡ ਸਹੂੰਗੜਾ ਵਿਚ ਹੋਈ ਚਮਕੀਲਾ ਤੇ ਅਮਰਜੋਤ ਦੀ ਫਿਲਮ ਦੀ ਸ਼ੂਟਿੰਗ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਬੀਤੇ ਦਿਨੀ. ਪਿੰਡ ਸਹੂੰਗੜਾ ਵਿਖੇ ਮਸ਼ਹੂਰ ਸਵਰਗਵਾਸੀ ਗਾਇਕ ਅਮਰ ਸਿੰਘ ਚਮਕੀਲਾ ਤੇ ਬੀਬਾ ਅਮਰਜੋਤ ਕੌਰ ਦੀ ਯਾਦ ਨੂੰ ਸਮਰਪਿਤ ਪੰਜਾਬੀ ਫਿਲਮ 'ਚਮਕੀਲਾ ਦਾ ਲੈਜੈਂਡ' ਦੀ ਸ਼ੂਟਿੰਗ ਕੀਤੀ ਗਈ। ਪਿੰਡ ਸਹੂੰਗੜਾ ਵਿਚ ਡਾਇਰੈਕਟਰ ਸ਼ਮਸ਼ੇਰ ਸਿੰਘ ਰਾਏ ਮੁਤਾਬਕ





ਬੋਹੜ ਦਾ ਪੁਰਾਣਾ ਦਰਖਤ, ਪੁਰਾਣਾ ਖੂਹ ਤੇ ਪੁਰਾਣਾ ਚਲਦਾ ਛੱਪੜ ਹੋਣ ਕਾਰਨ ਇੱਥੋਂ ਦੀ ਲੁਕੇਸ਼ਨ ਸ਼ੂਟਿੰਗ ਵਾਸਤੇ ਬਹੁਤ ਵਧੀਆ ਲੱਗ ਰਹੀ ਸੀ ਅਤੇ ਇਸੇ ਤਰ੍ਹਾਂ ਪਿੰਡ ਜਫਰਪੁਰ ਵਿਚ ਵੀ ਸ਼ੂਟਿੰਗ ਕੀਤੀ ਗਈ। ਪਿੰਡ ਸਹੂੰਗੜਾ ਦੇ ਸਰਪੰਚ ਹਰਭਜਨ ਸਿੰਘ ਦੀ ਅਤੇ ਪਿੰਡ ਵਾਸੀਆਂ ਦੀ ਆਮ ਸਹਿਮਤੀ ਨਾਲ ਇਸ ਪਿੰਡ ਦੀ ਸ਼ੂਟਿੰਗ ਪਿੰਡ ਵਿਚ ਕੀਤੀ ਗਈ। ਪਿੰਡ ਚੀਮਾ ਔਰਤਾਂ, ਬੱਚੇ, ਬਜ਼ੁਰਗ ਤਕਰੀਬਨ ਰਾਤ 3 ਵਜੇ ਤੱਕ ਪਿੰਡ ਵਿਚ ਹੋ ਰਹੀ ਇਸ ਸ਼ੂਟਿੰਗ ਦਾ ਨਜ਼ਾਰਾ ਲੈਂਦੇ ਰਹੇ। ਚਮਕੀਲਾ ਤੇ ਅਮਰਜੋਤ ਦੇ ਆਖਰੀ ਮੌਤ ਵਾਲੇ ਸੀਨ ਵੀ ਇਸ ਪਿੰਡ ਵਿਚ ਫਿਲਮਾਏ ਗਏ। ਜੈਸਮੀਨ ਰਾਏ ਪ੍ਰੋਡਕਸ਼ਨ ਦੇ ਬੈਨਰ ਹੇਠ ਬਣ ਰਹੀ ਇਸ ਫਿਲਮ ਦੇ ਡਾਇਰੈਕਟਰ ਸ਼ਮਸ਼ੇਰ ਸਿੰਘ ਰਾਏ ਸਮੇਤ ਚਮਕੀਲੇ ਦੇ ਕਿਰਦਾਰ ਵਿਚ ਦੀਪਾ ਰਾਏ, ਅਮਰਜੋਤ ਦੇ ਕਿਰਦਾਰ ਵਿਚ ਗੁਰਲੀਨ ਕੌਰ, ਪੂਨਮ ਕੌਰ ਵੱਲੋਂ ਚਮਕੀਲੇ ਦੀ ਪਹਿਲੀ ਪਤਨੀ ਗੁਰਮੇਲ ਕੌ ਦੇ ਕਿਰਦਾਰ ਨਿਭਾਏ ਜਾ ਰਹੇ ਹਨ। ਸ਼ੂਟਿੰਗ ਦੌਰਾਨ ਪ੍ਰਕਾਸ਼ ਗਾਦੂ ਉਘੇ ਕਮੇਡੀਅਨ (ਗੁਰਚੇਤ ਚਿੱਤਰਕਾਰ) ਦੇ ਸਾਥੀ ਆਪਣੀ ਕਮੇਡੀ ਭਰੀਆਂ ਸ਼ੈਤਾਨੀਆਂ ਨਾਲ ਸਾਰਿਆਂ ਦੇ ਦਿਲਾਂ ਤੇ ਛਾਏ ਰਹੇ।

## ਸਾਵਧਾਨ! ਗੁਲਾਮੀ ਦੇ ਦਿਨ ਆਉਣ ਵਾਲੇ ਹਨ

## ਫਿਰ ਲਿਖੀ ਜਾਵੇਗੀ 'ਮਨੂਸਿਮ੍ਰਤੀ', 5 ਸਾਲ ਵਿਚ ਆਵੇਗੀ ਸਾਹਮਣੇ

**ਇੰਦੌਰ-** ਲੱਗਭੱਗ ਕੋਈ ਪੰਜ ਹਜ਼ਾਰ ਸਾਲ ਪਹਿਲਾਂ ਅਚਾਰੀਆ ਮਨੂੰ ਦੁਆਰਾ ਦੱਸੇ ਗਏ ਕਾਇਦੇ-ਕਾਨੂੰਨ (ਮਨੂਸਿਮ੍ਰਤੀ) ਨੂੰ ਇਕ ਵਾਰ ਫਿਰ ਲਿਖਣ ਦੀ ਤਿਆਰੀ ਹੈ। ਪੰਜ ਸਾਲ ਦੇ ਅੰਦਰ ਨਵਾਂ ਸਿਮ੍ਰਤੀ ਗ੍ਰੰਥ ਸਾਹਮਣੇ ਆ ਜਾਵੇਗਾ। ਇਸ ਗ੍ਰੰਥ ਨੂੰ ਲਿਖਣ ਵਿਚ ਜੁਟੇ ਕੀਰਤਨ ਕਾਰ ਡਾ. ਸ਼ੰਕਰ ਅਭਿਅੰਕਰ ਦੀ ਸ਼ੰਕਰਾਚਾਰੀਆ ਅਤੇ ਸੰਘ ਮੁਖੀ ਮੋਹਨ ਭਾਗਵਤ ਸਮੇਤ ਹੋਰ ਅਹੁਦੇਦਾਰਾਂ ਨਾਲ ਲੰਮੀ ਚਰਚਾ ਤੋਂ ਬਾਅਦ ਇਸਦਾ ਖਾਕਾ ਤਿਆਰ ਹੋ ਚੁੱਕਾ ਹੈ। ਪੰਜੇ ਪੀਠ ਦੇ ਸ਼ੰਕਰਾਚਾਰੀਆ ਅਤੇ ਕਈ ਵਿਦਵਾਨ ਜਲਦੀ ਹੀ ਇਕ ਬੈਠਕ ਫਿਰ ਕਰਨਗੇ। ਇਸ ਤੋਂ ਬਾਅਦ ਗਾਈਡ ਲਾਈਨ ਤਹਿ ਹੋਵੇਗੀ।

# ਬਾਬਾ ਸੋਹਣ ਸਿੰਘ ਭਕਨਾ
## (4 ਜਨਵਰੀ 1870 ਤੋਂ 20 ਦਸੰਬਰ 1968)

ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ



ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!

**- ਪਸ਼ੌਰਾ ਸਿੰਘ ਢਿੱਲੋਂ** (1-559-708-4399)

### (ਛੇਵੀ ਕਿਸ਼ਤ)
### ਕਾਮਾਗਾਟਾ ਮਾਰੂ ਦਾ ਵੈਨਕੂਵਰ (ਕੈਨੇਡਾ) ਨੂੰ ਜਾਣਾ

23 ਮਈ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਵੈਨਕੂਵਰ (ਕੈਨੇਡਾ) ਪਹੁੰਚਿਆ। ਪਰ ਕੈਨੇਡਾ ਸਰਕਾਰ ਨੇ ਜਹਾਜ਼ ਨੂੰ ਬੰਦਰਗਾਹ ਤੇ ਲੱਗਣੋਂ ਰੋਕ ਦਿੱਤਾ ਅਤੇ ਜਹਾਜ਼ ਬੰ-ਦਰਗਾਹ ਦੀ ਹੱਦ ਤੋਂ ਪਰ੍ਹਾਂ ਸਮੁੰਦਰ ਵਿਚ ਹੀ ਖੜ੍ਹਾ ਰਿਹਾ। ਬਾਹਰ ਕੈਨੇਡਾ ਦੇ ਹਿੰਦੀ, ਮੁਸਾਫਰਾਂ ਨੂੰ ਉਤਾਰਨ ਲਈ ਅਦ-ਾਲਤੀ ਲੜਾਈ ਲੜ ਰਹੇ ਸਨ। ਉਹਨੀਂ ਦਿਨੀਂ ਗਦਰ ਪਾਰਟੀ ਨੇ 'ਗਦਰ' ਅਖ਼ਬਾਰ ਦੇ ਖਾਸ ਨੰਬਰ ਕੱਢੇ ਤੇ ਕਾਮਾਗਾਟਾ ਮਾਰੂ ਦੀ ਸਹਾਇਤਾ ਲਈ ਹਿੰਦੀਆਂ ਨੂੰ ਅਪੀਲਾਂ ਕੀਤੀਆਂ। ਨਾਲੇ ਕੈਨੇਡਾ ਕਮੇਟੀ ਨੂੰ, ਜਿਹੜੀ ਕਿ ਕਾਮਾਗਾਟਾ ਮਾਰੂ ਦੇ ਹੱਕ ਵਿਚ ਘੋਲ ਕਰ ਰਹੀ ਸੀ- ਮਾਇਕ ਸਹਾਇਤਾ ਭੇਜੀ। 'ਗਦਰ' ਅਖ਼ਬਾਰ, ਗਦਰ ਦੀ ਗੂੰਜ ਤੇ ਦੂਸਰਾ ਪਾਰਟੀ ਸਾਹਿਤ ਵੈਨਕੂਵਰ ਕਮੇਟੀ ਰਾਹੀਂ ਜਹਾਜ਼ ਵਿਚ ਪਹੁੰਚਾਏ ਜਾਂਦੇ ਰਹੇ। ਅਖੀਰ ਕੈਨੇਡਾ ਸਰਕਾਰ ਨੇ ਹਾਂਗਕਾਂਗ ਤੱਕ ਮੁਸਾਫਰਾਂ ਦਾ ਰਾਸ਼ਨ ਤੇ ਕੁਝ ਹਰਜਾਨਾ ਦੇਣਾ ਮੰਨ ਲਿਆ। 23 ਜੁਲਾਈ 1914 ਜਹਾਜ਼ ਦੇ ਵਾਪਸ ਜਾਣ ਦੀ ਤਰੀਕ ਨੀਅਤ ਹੋ ਗਈ। ਜਦ ਤੱਕ ਗਦਰ ਪਾਰਟੀ ਦੇ ਜ਼ਿੰਮੇਵਾਰਾਂ ਨੇ ਫੈਸਲਾ ਕੀਤਾ ਕਿ ਪਾਰਟੀ ਦਾ ਇਕ ਜ਼ਿੰਮੇਵਾਰ ਆਗੂ ਕਾਮਾਗਾਟਾ ਮਾਰੂ ਦੇ ਨਾਲ-ਨਾਲ ਜਾਏ ਤੇ ਯੋਕੋਹਾਮਾ (ਜਪਾਨ) ਵਿਚ ਜਾ ਕੇ ਜਹਾਜ਼ ਦੇ ਮੁਸਾਫਰਾਂ ਨੂੰ ਮਿਲੇ ਤੇ ਉਹਨਾਂ ਨੂੰ ਇਨਕਲਾਬੀ ਲਾਈਨ ਸਮਝਾਏ। ਹਿੰਦੁਸਤਾਨ ਵਿਚ ਜਾ ਕੇ ਪਾਰਟੀ ਦਾ ਪ੍ਰਚਾਰ ਕਰੇ ਤੇ ਪਹਿਲੇ ਭੇਜੇ ਹੋਏ ਦੋ ਮੈਂਬਰਾਂ ਦੇ ਕੰਮ ਦਾ ਅੰਦਾਜ਼ਾ ਲਾਏ। ਇਸ ਕੰਮ ਲਈ ਮੇਰੀ ਡਿਊਟੀ ਲੱਗੀ। 200 ਪਸਤੌਲ ਅਤੇ 2000 ਗੋਲੀਆਂ ਦੋ ਪੇਟੀਆਂ ਵਿਚ ਬੰਦ ਕਰਕੇ ਜਹਾਜ਼ ਨੂੰ ਦੇਣ ਲਈ ਲਿਜਾਣੀਆਂ ਸਨ। ਇਸ ਦਾ ਬੰਦੋਬਸਤ ਭਾਈ ਭਗਵਾਨ ਸਿੰਘ ਤੇ ਕਰਤਾਰ ਸਿੰਘ ਸਰਾਭੇ ਤੇ ਸੁੱਟਿਆ ਗਿਆ। ਉਹਨਾਂ ਨੇ ਜਹਾਜ਼ ਤੇ ਇਕ ਕਮਰਾ ਰੀਜ਼ਰਵ ਕਰਵਾ ਕੇ ਜਹਾਜ਼ ਚੱਲਣ ਤੋਂ ਇਕ ਘੰਟਾ ਪਹਿਲਾਂ ਇਹ ਪੇਟੀਆਂ ਕਰਤਾਰ ਸਿੰਘ ਦੇ ਹੱਥੀਂ ਕਮਰੇ ਵਿਚ ਰਖਵਾ ਦਿੱਤੀਆਂ। ਮੈਂ ਬੜੇ ਖਿਆਲ ਨਾਲ ਯੁਗਾਂਤਰ ਆਸ਼ਰਮ ਵਿਚੋਂ ਨਿਕਲਿਆ ਤੇ ਰਸਤੇ ਵਿਚ ਦੂਜੀ ਕਾਰ ਬਦਲ ਕੇ ਜਹਾਜ਼ ਦੇ ਤੁਰਨ ਤੋਂ ਕੋਈ 15 ਮਿੰਟ ਪਹਿਲਾਂ ਜਹਾਜ਼ ਤੇ ਪਹੁੰਚਿਆ ਤੇ ਕਰਤਾਰ ਸਿੰਘ ਨੂੰ ਚਲੇ ਜਾਣ ਦਾ ਇਸ਼ਾਰਾ ਕਰਕੇ ਕਮਰੇ ਵਿਚ ਜਾ ਬੈਠਾ। ਅਜੇ ਮੇਰਾ ਜਹਾਜ਼ ਅਮਰੀਕਾ ਤੇ ਜਾਪਾਨ ਦੇ ਵਿਚਾਲੇ ਹੀ ਸੀ ਕਿ ਜਹਾਜ਼ ਵਾਲਿਆਂ ਨੇ ਜੰਗ ਛਿੜਨ ਦੀ ਖ਼ਬਰ ਸੁਣਾ ਦਿੱਤੀ।

ਹੁਣ ਮੇਰੇ ਸਾਹਮਣੇ ਪੇਟੀਆਂ ਉਤਾਰਨ ਤੇ ਮਹਿਫੂਜ਼ ਥਾਂ ਤੇ ਰੱਖਣ ਦਾ ਮਸਲਾ ਸੀ। ਪਰ ਮੇਰੇ ਅਮਰੀਕਾ ਤੋਂ ਚੱਲਣ ਵੇਲੇ ਮੌਲਾਨਾ ਬਰਕਤ ਉੱਲਾਹ ਨੇ ਜਾਪਾਨ ਵਿਚ ਆਪਣੀ ਸ਼ਾਖ ਦੇ ਮੈਂਬਰਾਂ ਨੂੰ ਮੇਰੇ ਆਉਣ ਦੀ ਖ਼ਬਰ ਤਾਰ ਰਾਹੀਂ ਭੇਜ ਦਿੱਤੀ ਸੀ। ਜਦੋਂ ਜਹਾਜ਼ ਯੋਕੋਹਾਮਾ (ਜਪਾਨ) ਪਹੁੰਚਿਆ ਤਾਂ ਪਾਰਟੀ ਮੈਂਬਰ ਮੈਨੂੰ ਲੈਣ ਲਈ ਜਹਾਜ਼ ਤੇ ਪਹੁੰਚੇ ਹੋਏ ਸਨ। ਮੈਂ ਪੇਟੀਆਂ ਉਹਨਾਂ ਦੇ ਸਪੁਰਦ ਕਰ ਦਿੱਤੀਆਂ ਤੇ ਉਹ ਕਾਰ ਵਿਚ ਬਿਠਾ ਕੇ ਮੈਨੂੰ ਇਕ ਹੋਟਲ ਵਿਚ ਲੈ ਗਏ। ਮੈਂ ਕਾਮਾਗਾਟਾ ਮਾਰੂ ਦੇ ਆਉਣ ਤੇ ਪੇਟੀਆਂ ਵਗੈਰਾ ਜਹਾਜ਼ ਉੱਤੇ ਪਹੁੰਚਾਣ ਅਤੇ ਹੋਰ ਕੰਮ ਨਿਬੇੜਨ ਤੱਕ ਹੋਟਲ ਅੰਦਰ ਹੀ ਠਹਿਰਿਆ। ਇਕ ਹੋਰ ਮਹੱਤਵਪੂਰਨ ਕੰਮ ਵੀ ਮੇਰੇ ਜ਼ਿੰਮੇ ਸੀ। ਜੰਗ ਛਿੜ ਚੁੱਕੀ ਸੀ ਤੇ ਡਰ ਸੀ ਕਿ ਜਰਮਨ ਡੁਬਕਣੀ ਐਡਮਿਨ, ਜੋ ਉਸ ਵੇਲੇ ਸਮੁੰਦਰ ਦਾ ਚੱਕਰ ਲਾ ਰਹੀ ਸੀ, ਕਿਤੇ ਕਾਮਾਗਾਟਾ ਮਾਰੂ ਨੂੰ ਡੋਬ ਨਾ ਦੇਵੇ। ਜਰਮਨ ਸਰਕਾਰ ਨਾਲ ਫੌਜੀ ਸਾਮਾਨ ਬਾਰੇ ਸਾਡਾ ਗੁਪਤ ਸਮਝੌਤਾ ਪਹਿਲਾਂ ਹੀ ਹੋ ਚੁੱਕਿਆ ਸੀ। ਹੁਣ ਕਾਮਾਗਾਟਾ ਮਾਰੂ ਦੇ ਬਚਾਅ ਦਾ ਪ੍ਰਬੰਧ ਕਰਨਾ ਸੀ। ਮੈਂ ਇਕ ਜਾਪਾਨੀ ਨੌਕਰ ਦੀ ਮਦਦ ਨਾਲ ਭੇਸ ਬਦਲ ਕੇ, ਚੋਰ ਦਰਵਾਜ਼ਿਉਂ ਜਰਮਨ ਕੌਂਸਲਰ ਨੂੰ ਜਾ ਮਿਲਿਆ ਤੇ ਕੋਡ (ਗੁਪਤ ਬੋਲੀ) ਮੁਕੱਰਰ ਕੀਤੇ ਤਾਂ ਜੋ ਐਡਮਿਨ, ਕਾਮਾਗਾਟਾ ਮਾਰੂ ਨੂੰ ਸਹੀ ਸਲਾਮਤ ਗੁਜ਼ਰ ਜਾਣ ਦੇਵੇ।

ਹਰ ਰੋਜ਼ ਕੋਈ ਨਾ ਕੋਈ ਪਾਰਟੀ ਮੈਂਬਰ ਆ ਕੇ ਮਿਲ ਜਾਂਦਾ। ਜਦ ਕਾਮਾਗਾਟਾ ਮਾਰੂ ਪਹੁੰਚਿਆ ਤਾਂ ਮੈਂਬਰਾਂ ਨੇ ਇਤਲਾਹ ਦਿੱਤੀ ਅਤੇ ਮੇਰੇ ਆਉਣ ਦੀ ਖ਼ਬਰ ਵੀ ਜਹਾਜ਼ ਵਾਲਿਆਂ ਨੂੰ ਪਹੁੰਚਾ ਦਿੱਤੀ, ਭਾਈ ਹਰਨਾਮ ਸਿੰਘ ਗੁੱਜਰਵਾਲ ਤੇ ਭਾਈ ਰਾਇ ਸਿੰਘ ਸਕੱਤਰ ਜਹਾਜ਼ ਕਮੇਟੀ ਮੈਨੂੰ ਆ ਕੇ ਮਿਲੇ। ਮੈਂ ਸਾਰੀ ਗੱਲ ਉਹਨਾਂ ਨੂੰ ਸਮਝਾ ਦਿੱਤੀ ਤੇ ਅਗਲੇ ਦਿਨ ਪੇਟੀਆਂ ਜਹਾਜ਼ ਤੇ ਪਹੁੰਚਾਣ ਅਤੇ ਜਹਾਜ਼ ਵਾਲਿਆਂ ਨਾਲ ਮੇਰੀ ਮੁਲਾਕਾਤ ਬਾਰੇ ਵੀ ਗੱਲ ਮਿੱਥ ਲਈ ਗਈ। ਅਗਲੇ ਦਿਨ ਪਾਰਟੀ ਮੈਂਬਰਾਂ ਨੇ ਸਾਰਾ ਕੰਮ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ।

ਅਜੇ ਕਾਮਾਗਾਟਾ ਮਾਰੂ ਨਾਲ ਸਬੰਧਿਤ ਕੰਮ ਤੋਂ ਕੁਝ ਵਿਹਲ ਮਿਲੀ ਹੀ ਸੀ ਕਿ ਕਰਤਾਰ ਸਿੰਘ ਸਰਾਭਾ ਇਕ ਹੋਰ ਸਾਥੀ ਸਮੇਤ ਹੋਟਲ ਵਿਚ ਆ ਮਿਲੇ ਤੇ ਪਾਰਟੀ ਦੇ ਉਸ ਫੈਸਲੇ ਦੀ ਇਤਲਾਹ ਦਿੱਤੀ ਜਿਸ ਦੇ ਅਨੁਸਾਰ ਪਾਰਟੀ ਨੇ ਮੌਕੇ ਦੇ ਹਾਲਾਤ ਸਾਹਮਣੇ ਰੱਖਦਿਆਂ ਹੋਇਆਂ ਅੰਗਰੇਜ਼ ਦੇ ਵਿਰੁੱਧ ਹਿੰਦੁਸਤਾਨ ਜਾ ਕੇ ਇਨਕਲਾਬ ਕਰਨ ਦਾ ਐਲਾਨ ਕਰ ਦਿੱਤਾ ਸੀ। ਮੈਂ ਯੋਕੋਹਾਮਾ ਤੋਂ ਜਹਾਜ਼ ਰਾਹੀਂ ਸ਼ੰਘਾਈ ਪਹੁੰਚਿਆ ਤੇ ਡਾਕਟਰ ਮਥਰਾ ਸਿੰਘ ਤੇ ਹੋਰ ਸਾਥੀਆਂ ਨੂੰ ਮਿਲਿਆ। ਭਾਈ ਗੁੱਜਰ ਸਿੰਘ ਭਕਨਾ ਸ਼ੰਘਾਈ ਪੁਲਿਸ ਵਿਚ ਨੌਕਰ ਸਨ ਤੇ ਪੁਲਿਸ ਵਿਚ ਪਾਰਟੀ ਦੀ ਜ਼ਬਰਦਸਤ ਸ਼ਾਖ ਬਣ ਚੁੱਕੀ ਸੀ। ਇੱਥੋਂ ਕੋਈ 30 ਪਾਰਟੀ ਮੈਂਬਰ ਨੌਕਰੀਆਂ ਛੱਡ ਕੇ ਤਿਆਰ ਹੋ ਪਏ ਤੇ ਅਸੀਂ ਸਾਰੇ ਹਾਂਗਕਾਂਗ ਪਹੁੰਚ ਗਏ।

ਹਾਂਗਕਾਂਗ ਵਿਚ ਅੰਗਰੇਜ਼ੀ ਸਰਕਾਰ ਨੇ ਅਮਰੀਕਾ, ਕੈਨੇਡਾ ਤੇ ਸ਼ੰਘਾਈ ਤੋਂ ਹਿੰਦੁਸਤਾਨ ਮੁੜਨ ਵਾਲੇ ਇਨਕਲਾਬੀਆਂ ਨੂੰ ਫਸਾਉਣ ਲਈ ਕਾਫੀ ਜਾਲ ਵਿਛਾ ਰੱਖਿਆ ਸੀ ਤੇ ਪੰਜਾਬ ਦੀ ਸੀ. ਆਈ. ਡੀ. ਭਾਰੀ ਗਿਣਤੀ ਵਿਚ ਉਥੇ ਪਹੁੰਚੀ ਹੋਈ ਸੀ। ਹਾਂਗਕਾਂਗ ਦੀ ਪੁਲਿਸ ਵਿਚ ਵੀ ਪੰਜਾਬੀ ਕਾਫੀ ਸਨ। ਇੱਥੇ ਪੁਲਿਸ ਸਭ ਆਉਣ ਵਾਲਿਆਂ ਦੇ ਨਾਂ ਪਤੇ ਦਰਜ ਕਰ ਲੈਂਦੀ ਸੀ ਤਾਂ ਹੀ ਜਹਾਜ਼ੀ ਟਿਕਟ ਮਿਲ ਸਕਦਾ। ਇਸ ਤਰ੍ਹਾਂ ਸਰਕਾਰ ਨੂੰ ਆਉਣ ਵਾਲਿਆਂ ਦਾ ਪਤਾ ਮਿਲ ਜਾਂਦਾ ਸੀ।

ਹਾਂਗਕਾਂਗ ਤੋਂ 100 ਮੁਸਾਫ਼ਰ 'ਨਾਮ ਸਿੰਗ' ਜਹਾਜ਼ ਤੇ ਸਵਾਰ ਹੋਏ ਜਿਹਨਾਂ ਵਿਚ ਬਹੁਗਿਣਤੀ ਪਾਰਟੀ ਦੇ ਇਨਕਲਾਬੀ ਮੈਂਬਰਾਂ ਦੀ ਸੀ। ਹਾਂਗਕਾਂਗ ਤੋਂ ਜਹਾਜ਼ ਚੱਲ ਕੇ ਇਕ ਦਿਨ ਸਿੰਗਾਪੁਰ ਠਹਿਰਿਆ। ਇਸ ਤੋਂ ਪਿੱਛੋਂ ਜਹਾਜ਼ ਪਿਨਾਂਗ ਆ ਕੇ ਲੱਗਿਆ ਤੇ ਰੋਕ ਲਿਆ ਗਿਆ। ਰੋਕੇ ਜਾਣ ਦਾ ਕਾਰਨ ਇਹ ਸੀ ਕਿ ਜਿਸ ਦਿਨ ਸਾਡਾ ਜਹਾਜ਼ ਪੀਨਾਂਗ ਪਹੁੰ-ਚਆ ਉਸ ਤੋਂ ਇਕ ਦਿਨ ਪਹਿਲਾਂ ਬਜ-ਬਜ ਘਾਟ ਕਲਕੱਤੇ ਦਾ ਮਸ਼ਹੂਰ ਸਾਕਾ ਹੋ ਚੁੱਕਿਆ ਸੀ।



### ਗ੍ਰਿਫਤਾਰੀ

ਇਕ ਹਫਤੇ ਪਿੱਛੋਂ ਸਾਡੇ ਜਹਾਜ਼ ਨੂੰ ਪੀਨਾਂਗ ਤੋਂ ਚੱਲਣ ਦੀ ਆਗਿਆ ਮਿਲੀ। ਜਦ ਜਹਾਜ਼ ਬੰਗਾਲ ਦੀ ਖਾੜੀ ਵਿਚ ਪਹੁੰਚਿਆ ਤਾਂ ਪੰਜਾਬ ਦੀ ਸੀ. ਆਈ ਡੀ. ਤੇ ਗੋਰੇ ਫੌਜੀ ਰੱਸੇ ਦੀਆਂ ਪੌੜੀਆਂ ਜਹਾਜ਼ ਤੇ ਸੁੱਟ ਕੇ ਉਪਰ ਚੜ੍ਹ ਆਏ।

ਗੋਰੇ ਸਿਪਾਹੀ ਗੋਲੀ ਹਥਿਆਰ ਸਮੇਤ ਜਹਾਜ਼ ਵਿਚ ਥਾਂ ਪੁਰ ਥਾਂ ਪਹਿਰੇ ਤੇ ਖਲੋ ਗਏ। ਜਦ ਜਹਾਜ਼ ਕਲਕੱਤੇ ਆ ਕੇ ਲੱਗਿਆ ਤਾਂ ਮੇਰੀ ਅਤੇ ਦੋ ਹੋਰ ਸਾਥੀ ਜੋ ਕੈਨੇਡਾ ਤੋਂ ਆਏ ਸਨ, ਤਿੰਨਾਂ ਦੀ ਪੁਲਿਸ ਨੇ ਗ੍ਰਿਫਤਾਰੀ ਕਰ ਲਈ ਤੇ ਬੰਦ ਗੱਡੀ ਵਿਚ ਬਿਠਾ ਕੇ ਫੌਜੀ ਪਹਿਰੇ ਹੇਠਾਂ ਕਲਕੱਤੇ ਦੀ ਕੋਤਵਾਲੀ ਵਿਚ ਲਿਆ ਕੇ ਬੰਦ ਕਰ ਦਿੱਤਾ। ਦੋ ਦਿਨ ਪਿੱਛੋਂ ਪੁਲਿਸ ਦੇ ਪਹਿਰੇ ਹੇਠਾਂ ਸਾਨੂੰ ਤਿੰਨਾਂ ਨੂੰ ਲੁਧਿਆਣੇ (ਪੰਜਾਬ) ਲੈ ਆਏ, ਕਿਉਂਕਿ ਲੁਧਿਆਣਾ ਜ਼ੈਲ-ਘਰ ਬਾਹਰ ਤੋਂ ਆਏ ਇਨਕਲਾਬੀਆਂ ਦੀ ਜਾਂਚ ਪੜਤਾਲ ਲਈ ਮੁਕੱਰਰ ਸੀ।

ਉਹਨਾਂ ਦੋਹਾਂ ਨੂੰ ਤਾਂ ਪੁੱਛ ਪੜਤਾਲ ਕਰਕੇ ਛੱਡ ਦਿੱਤਾ ਤੇ ਮੈਨੂੰ ਪੁਲਿਸ ਦੇ ਪਹਿਰੇ ਵਿਚ ਡਿਸਟ੍ਰਿਕਟ ਜੇਲ੍ਹ ਮੁਲਤਾਨ ਵਿਚ ਭੇਜ ਦਿੱਤਾ।

ਜਦੋਂ ਮੈਨੂੰ ਲੁਧਿਆਣੇ ਜੇਲ੍ਹ ਤੋਂ ਪੁਲਿਸ ਦੇ ਪਹਿਰੇ ਵਿਚ ਟਾਂਗੇ ਤੇ ਬਿਠਾ ਕੇ ਸਟੇਸ਼ਨ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਪਿੱਛੋਂ ਸਾਈਕਲ ਤੇ ਕਰਤਾਰ ਸਿੰਘ ਸਰਾਭਾ ਆ ਮਿਲਿਆ। ਉਹ ਖ਼ਤਰੇ ਵੇਲੇ ਸਭ ਤੋਂ ਅੱਗੇ ਰਹਿੰਦਾ ਸੀ। ਉਹ ਫੌਜੀ ਪਲਨਣਾਂ ਵਿਚ ਨਿਧੜਕ ਹੋ ਕੇ ਜਾਂਦਾ ਅਤੇ ਬਗੈਰ ਕਿਸੇ ਡਰ ਦੇ ਫੌਜੀਆਂ ਨੂੰ ਪ੍ਰੇਰਦਾ।

ਉਹਦੀ ਇਸ ਨਿਡਰਤਾ ਦਾ ਫੌਜੀਆਂ ਉੱਤੇ ਇੰਨਾ ਅਸਰ ਹੁੰਦਾ ਕਿ ਉਹ ਆਜ਼ਾਦੀ ਦੀ ਜੰਗ ਵਿਚ ਸ਼ਾਮਲ ਹੋਣ ਲਈ ਫੌਰਨ ਤਿਆਰ ਹੋ ਜਾਂਦੇ। ਮੈਂ ਉਹਨੂੰ ਦੱਸਿਆ ਕਿ ਮੇਰਾ ਚਲਾਨ ਡਿਸਟ੍ਰਿਕਟ ਜੇਲ੍ਹ ਮੁਲਤਾਨ ਵਿਚ ਹੋ ਗਿਆ ਹੈ ਤੇ ਤੁਸੀਂ ਜਾਓ। ਮੇਰੀ ਗ੍ਰਿਫਤਾਰੀ 1914 ਨੂੰ ਹੋਈ। ਬਾਹਰ ਦਾ ਜੀਵਨ ਸੰਗਰਾਮ ਖਤਮ ਹੋਇਆ।

**ਸੋਹਣ ਸਿੰਘ ਭਕਨਾ (ਬਾਬਾ)**
**ਬਕੱਲਮ ਖੁਦ**

## ਜਿਲਾ ਕਾਂਗਰਸ ਨੇ ਸ਼ਹੀਦਾਂ ਨੂੰ ਫੁੱਲਾਂ ਦਾ ਭੇਂਟ ਕਰਕੇ ਕੀਤਾ ਪ੍ਰਣਾਮ

**ਲੁਧਿਆਣਾ-(ਪ੍ਰਦੀਪ)** ਜਿਲ੍ਹਾ ਕਾਂਗਰਸ ਕਮੇਟੀ ਨੇ ਜਿਲ੍ਹਾ ਕਾਂਗਰਸ ਪ੍ਰਧਾਨ ਗੁਰਪ੍ਰੀਤ ਗੋਗੀ ਦੀ ਪ੍ਰਧਾਨਗੀ ਹੇਠ ਸ਼ਹੀਦੀ ਦਿਹਾੜੇ ਤੇ ਸ਼ਹੀਦ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਦੀ ਪ੍ਰਤਿਮਾ ਨੂੰ ਫੁੱਲਾਂ ਦੇ ਹਾਰ ਭੇਂਟ ਕਰਕੇ ਸ਼ਰਧਾ ਨਾਲ ਨਤਮਸਤਕ ਹੋ ਕੇ ਪ੍ਰਣਾਮ ਕੀਤਾ। ਗੋਗੀ ਨੇ ਸ਼ਹੀਦਾਂ ਨੂੰ ਨਮਨ ਕਰਦੇ ਹੋਏ ਕਿਹਾ ਕਿ ਸਾਡੇ ਸ਼ਹੀਦਾਂ ਨੇ ਅਪਣੇ ਪ੍ਰਾਣ ਗਵਾ ਕੇ ਅੰਗਰੇਜੀ ਹਕੂਮਤ ਵਿਚ ਕਦੇ ਨਾਂ ਡੁੱਬਣ ਵਾਲੇ ਸੂਰਜ ਨੂੰ ਭਾਰਤ ਦੀ ਧਰਤੀ ਤੇ ਡੁੱਬੋ ਕੇ ਮਾਤਰ ਭੂਮੀ ਦੀ ਗੋਦ ਵਿੱਚ ਜਨਮ ਲੈਣ ਅਤੇ ਖੇਡਣ ਦਾ ਕਰਜ ਚੁਕਾ ਕੇ ਭਾਰਤ ਨੂੰ ਆਜਾਦੀ ਦਿਵਾ ਕੇ ਅਪਣਾ ਫਰਜ ਨਿਭਾਇਆ। ਹੁਣ ਸਾਡੀ ਜ਼ਿੰਮੇਦਾਰੀ ਹੈ ਕਿ ਅਸੀਂ ਅਪਣੀ ਮਾਤਰ ਭੂਮੀ ਵੱਲ ਬੁਰੀ ਨਜਰ ਰੱਖਣ ਵਾਲਿਆਂ ਨੂੰ ਮਾਕੂਲ ਜਵਾਬ ਦੇ ਕੇ ਸ਼ਹੀਦਾਂ ਵੱਲੋਂ ਅਪਣਾ ਖੂਨ ਬਹਾ ਕੇ ਦਿਵਾਈ ਆਜਾਦੀ ਨੂੰ ਬਰਕਰਾਰ ਰਖੀਏ। ਇਸ ਮੌਕੇ ਕੁਲਵੰਤ ਸਿੱਧੂ, ਅਸ਼ੋਕ ਕਪੂਰ, ਮਨੀਸ਼ ਕਪੂਰ, ਅਨਿਲ ਪਾਸੀ, ਅਭੈ ਦੱਤ, ਯੋਗੇਸ਼ ਹਾਂਡਾ, ਹੈਪੀ ਲਾਲੀ, ਸੁਭਾਸ਼ ਚੰਦਰ, ਲਵ ਮੈਣੀ, ਅਵਿ ਮਲਹੋਤਰਾ ਅਤੇ ਹੋਰ ਵੀ ਹਾਜਰ ਸਨ।




## ਕੋਈ ਵੀ ਦੇਸ਼ ਜਾਂ ਸੂਬਾ ਸ਼ਹੀਦਾਂ ਦੇ ਪੂਰਨਿਆਂ 'ਤੇ ਚੱਲ ਕੇ ਹੀ ਤਰੱਕੀ ਕਰ ਸਕਦਾ ਹੈ : ਸ਼ਰਨਜੀਤ ਸਿੰਘ ਢਿੱਲੋਂ

**ਲੁਧਿਆਣਾ (ਪ੍ਰਦੀਪ)** ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਕੌਮ ਦੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਇਤਿਹਾਸਕ ਯਾਦਗਾਰਾਂ ਬਣਾਈਆਂ ਜਾ ਰਹੀਆਂ ਹਨ ਅਤੇ ਸ਼ਹੀਦਾਂ ਦੇ ਪਰਿਵਾਰਾਂ ਦੇ ਮਾਣ-ਸਤਿਕਾਰ ਨੂੰ ਪੂਰੀ ਤਰ੍ਹਾਂ ਕਾਇਮ ਰੱਖਣ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿੰਚਾਈ ਮੰਤਰੀ ਪੰਜਾਬ ਸ. ਸ਼ਰਨਜੀਤ ਸਿੰਘ ਢਿੱਲੋਂ ਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ ਦੇ ਸ਼ਹੀਦੀ ਦਿ-ਹਾੜੇ ਦੇ ਮੌਕੇ 'ਤੇ ਜਗਰਾਓਂ ਪੁਲ ਤੇ ਬਣੀ ਸ਼ਹੀਦਾਂ ਦੀ ਯਾਦਗਾਰ 'ਤੇ ਸ਼ਰਧਾਂਜਲੀ ਭੇਟ ਕਰਨ ਮਗਰੋਂ ਕੀਤਾ। ਸ. ਢਿੱਲੋਂ ਨੇ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਸ਼ਹੀਦਾਂ ਦੀਆਂ ਭਾਵਨਾਵਾਂ ਅਨੁਸਾਰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਸਾਡਾ ਸਾਰਿਆਂ ਦਾ ਮੁਢਲਾ ਫਰਜ਼ ਹੈ। ਉਨ੍ਹਾਂ ਆਖਿਆ ਕਿ ਕੋਈ ਵੀ ਦੇਸ਼ ਜਾਂ ਸੂਬਾ ਸ਼ਹੀਦਾਂ ਦੇ ਪੂਰਨਿਆਂ 'ਤੇ ਚੱਲ ਕੇ ਹੀ ਤਰੱਕੀ ਕਰ ਸਕਦਾ ਹੈ।



ਸਿੰਚਾਈ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸਰਕਾਰ ਵੱਲੋਂ ਵਿਆਪਕ ਪੱਧਰ 'ਤੇ ਕਦਮ ਚੁੱਕੇ ਗਏ ਹਨ। ਉਨ੍ਹਾਂ ਪੰਜਾਬ ਨੂੰ ਨਸ਼ਿਆਂ ਤੋਂ ਬਚਾਉਣ ਲਈ ਲੋਕਾਂ ਤੋਂ ਵੀ ਭਰਵੇਂ ਸਹਿਯੋਗ ਦੀ ਮੰਗ ਕੀਤੀ। ਸ. ਢਿੱਲੋਂ ਨੇ ਕਿਹਾ ਕਿ ਨਸ਼ਿਆਂ ਦੀ ਆਦਤ ਦਾ ਸ਼ਿਕਾਰ ਹੋਏ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਰਾਜ ਭਰ ਵਿੱਚ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਗਏ ਹਨ। ਉਹਨਾਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਸ਼ਹੀਦ ਸੁਖਦੇਵ ਥਾਪਰ ਦੀ ਯਾਦ ਵਿੱਚ ਲੁਧਿਆਣਾ ਵਿਖੇ ਕਰੋੜਾ ਰੁਪਏ ਦੀ ਲਾਗਤ ਨਾਲ ਇੱਕ ਅੰਤਰਰਾਜੀ ਬਹੁਮੰਤਵੀ ਬੱਸ ਅੱਡਾ ਵੀ ਉਸਾਰਿਆ ਹੈ।ਇਸ ਮੌਕੇ ਸਿੰਚਾਈ ਮੰਤਰੀ ਨੇ ਸ਼ਹੀਦ ਸਮਾਰਕ 'ਤੇ ਪੁਸ਼ਪ ਮਾਲਾਵਾਂ ਭੇਟ ਕੀਤੀਆਂ। ਇਸ ਮੌਕੇ ਸ਼੍ਰੀ ਹਰਭਜ਼ਨ ਸਿੰਘ ਡੰਗ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਸ਼ਹਿਰੀ), ਬਾਬਾ ਅਜੀਤ ਸਿੰਘ, ਸ. ਹਰਪਾਲ ਸਿੰਘ ਕੋਹਲੀ, ਸ. ਜਤਿੰਦਰ ਪਾਲ ਸਿੰਘ ਸਲੂਜਾ, ਸ. ਗੁਰਿੰਦਰ ਪਾਲ ਸਿੰਘ ਪੱਪੂ, ਸ. ਸਹਿਜਪ੍ਰੀਤ ਸਿੰਘ ਮਾਂਗਟ, ਯੂਥ ਸੇਵਾ ਸੇਵਾ ਸੁਸਾਇਟੀ ਦੇ ਸ਼੍ਰੀ ਪ੍ਰਭਜੀਤ ਸਿੰਘ ਅਨਮੋਲ, ਸ਼੍ਰੀ ਗੁਰਪਾਲ ਸਿੰਘ ਕਾਕਾ, ਸ਼੍ਰੀ ਪ੍ਰਦੀਪ ਕੋਹਲੀ, ਸ਼੍ਰੀ ਸਿਮਰਨਦੀਪ ਸਿੰਘ, ਸ਼੍ਰੀ ਮੇਜਰ ਸਿੰਘ, ਸ਼੍ਰੀ ਸੰਜੇ ਸੈਣੀ ਨੇ ਵੀ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ।

MAHEY
ARCHITECT DESIGNER
Bhupinder Kumar
Architect
98151-19953
Contact Us:
Khambra Gate, Nakodar Road Jalandhar
Email : Maheyarch.designer@gmail.com

Jaswant S. Sheemar (Jassi)
REALTOR®
DRE #01846330 Residential/Commercial
San Felipe Realty
SAN FELIPE REALTY & MORTGAGE, INC.
10956 Hayeshill Way
Mather, CA 95655
"The greatest compliment I can receive is your referral."
Cell 916-293-6030
Office 916-635-8882
Fax 916-635-8883
jaswantsheemar@yahoo.com

Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014
Rakesh Chander
Realtor
Cell: (916) 698-3808
Fax: (916) 725-5812
Mikasa Homes & Funding
DRE Lic.: 01866732
Email: mchander@comcast.net, Web: www.mikasafunding.com

# ਕੇਂਦਰੀ ਰੇਲਵੇ ਮੰਤਰੀ ਸ੍ਰੀ ਸੁਰੇਸ਼ ਪ੍ਰਭੂ ਅਤੇ ਸੁਖਬੀਰ ਸਿੰਘ ਬਾਦਲ ਵਲੋਂ ਦੋ ਤਖਤਾਂ ਨੂੰ ਜੋੜਨ ਵਾਲੀ ਰੇਲ ਗੱਡੀ ਰਵਾਨਾ

ਇਕ ਇਤਿਹਾਸਕ ਦਿਨ ਦਾ ਗਵਾਹ ਬਣਿਆ ਜਦ ਕੇਂਦਰੀ ਰੇਲਵੇ ਮੰਤਰੀ ਸ੍ਰੀ ਸੁਰੇਸ਼ ਪ੍ਰਭੂ ਅਤੇ ਪੰਜਾਬ ਦੇ ਉਪੱ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਸਿੱਖ ਪੰਥ ਦੇ ਦੋ ਤੱਖਤਾਂ ਤੱਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਸ੍ਰੀ ਅਕਾਲ ਤੱਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਜੋੜਨ ਵਾਲੀ ਐਕਸਪ੍ਰੈਸ ਰੇਲ ਗੱਡੀ ਨੂੰ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਨੰਗਲ-ਸ੍ਰੀ ਅਨੰਦਪੁਰ ਸਾਹਿਬ-ਅੰਮ੍ਰਿਤਸਰ ਲਈ ਸ਼ੁਰੂ ਕੀਤੀ ਰੇਲ ਗੱਡੀ ਵਿਸਾਖੀ ਤੋਂ ਰੋਜ਼ਾਨਾ ਚੱਲੇਗੀ ਜੋ ਕਿ ਸਮਰਾਲਾ, ਲੁਧਿਆਣਾ ਤੇ ਜਲੰਧਰ ਹੁੰਦੀ ਹੋਈ ਅੰਮ੍ਰਿਤਸਰ ਪੁੱਜਿਆ ਕਰੇਗੀ। ਅੱਜ ਇਥੇ ਸ੍ਰੀ ਅਨੰਦਪੁਰ ਸਾਹਿਬ ਦੇ ਰੇਲਵੇ ਸਟੇਸ਼ਨ ਤੇ ਇਕ ਪ੍ਰੋਗਰਾਮ ਦੌਰਾਨ ਕੇਂਦਰੀ ਰੇਲਵੇ ਮੰਤਰੀ ਨੇ ਕਿਹਾ ਕਿ ਖਾਲਸਾ ਪੰਥ ਦੀ ਜਨਮ ਭੂਮੀ ਤੋਂ ਦੋ ਤਖਤਾਂ ਨੂੰ ਜੋੜਨ ਵਾਲੀ ਗੱਡੀ ਨੂੰ ਰਵਾਨਾ ਕਰਨਾ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ ਸ਼ਰਧਾਲੂਆਂ ਨੂੰ ਬਲਕਿ ਵਪਾਰੀਆਂ ਤੇ ਹੋਰਨਾਂ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ। ਪੰਜਾਬ ਸਰਕਾਰ ਦੀ ਮੰਗ ਤੇ ਉਨ੍ਹਾਂ ਨੇ ਰੋਪੜ, ਗੜ੍ਹਸ਼ੰਕਰ, ਕੁਰਾਲੀ, ਘਰੋਟਾ, ਬਹਿਲੂ ਤੇ ਮੋਰਿੰਡਾ ਵਿਖੇ ਰੇਲਵੇ ਓਵਰ ਬ੍ਰਿਜ ਉਸਾਰੇ ਜਾਣ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਦੇ ਰੇਲਵੇ ਸਟੇਸ਼ਨ ਨੂੰ ਨਮੂਨੇ ਦੇ ਰੇਲਵੇ ਸਟੇਸ਼ਨ ਵਜੋਂ ਵਿਕਸਤ ਕਰਨ ਦਾ ਵੀ ਐਲਾਨ ਕੀਤਾ। ਰੇਲਵੇ ਵੱਲੋਂ ਵਿੱਢੀ ਗਈ ਸਫਾਈ ਮੁਹਿੰਮ ਵਿੱਚ ਧਾਰਮਿਕ ਆਗੂਆਂ ਦੇ ਸਹਿਯੋਗ ਲਈ ਅਪੀਲ ਕਰਦਿਆਂ ਰੇਲਵੇ ਮੰਤਰੀ ਨੇ ਤੱਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੂੰ ਅਪੀਲ ਕੀਤੀ ਕਿ ਉਹ ਇਸ ਵਿੱਚ ਮੋਹਰੀ ਭੂਮਿਕਾ ਨਿਭਾਉਣ। ਪੰਜਾਬੀਆਂ ਨੂੰ ਇਸ ਮੌਕੇ ਵਧਾਈ ਦਿੰਦਿਆਂ ਪੰਜਾਬ ਦੇ ਉਪੱ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਸ੍ਰੀ ਅਨੰਦਪੁਰ ਸਾਹਿਬ ਨੂੰ ਵਿਸ਼ਵ ਪੱਧਰੀ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਰਾਸਤ-ਏ-ਖਾਲਸਾ ਦੀ ਸਥਾਪਨਾ ਪਿਛੋਂ ਇਸ ਰੇਲ ਗੱਡੀ ਦੇ ਸ਼ੁਰੂ ਹੋਣ ਨਾਲ ਸੈਰ ਸਪਾਟੇ ਨੂੰ ਵੱਡਾ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਲੇਜ਼ਰ ਸ਼ੋਅ ਤੇ ਹੋਰਨਾਂ ਅਤਿ ਆਧੁਨਿਕ ਤਰੀਕਿਆਂ ਰਾਹੀਂ ਸਿੱਖ ਕੌਮ ਦੇ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਣ ਲਈ ਅੰਤਰਰਾਸ਼ਟਰੀ ਕੰਪਨੀਆਂ ਨਾਲ ਗੱਲਬਾਤ ਅਗਲੇਰੇ ਪੱਧਰ ਤੇ ਪਹੁੰਚ ਚੁੱਕੀ ਹੈ। ਉਨ੍ਹਾ ਕਿਹਾ ਕਿ ਕੇਵਲ ਤੇ ਕੇਵਲ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਭਾਜਪਾ ਸਰਕਾਰ ਵੱਲੋ ਹੀ ਸਾਡੀ ਅਮੀਰ ਵਿਰਾਸਤ ਨੂੰ ਸੰਭਾਲਣ ਦੇ ਯਤਨ ਕੀਤੇ ਗਏ ਹਨ ਜਿਸ ਤਹਿਤ ਵਿਰਾਸਤ-ਏ-ਖਾਲਸ ਤੋਂ ਇਲਾਵਾ ਛੋਟਾ ਤੇ ਵੱਡਾ ਘੱਲੂਘਾਰਾ ਯਾਦਗਾਰਾਂ, ਚੱਪੜਚਿੜੀ ਯਾਦਗਾਰ ਅਤੇ ਹੁਣ ਕਰਤਾਰਪੁਰ ਵਿਖੇ ਜੰਗ-ਏ-ਆਜਾਦੀ ਯਾਦਗਾਰ ਦੀ ਉਸਾਰੀ ਕੀਤੀ ਜਾ ਰਹੀ ਹੈ। ਉਪ ਮੁੱਖ ਮੰਤਰੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਇੱਕ ਵਿਸ਼ਵ ਪੱਧਰੀ ਖੇਡ ਸਟੇਡੀਅਮ ਵੀ ਉਸਾਰੇ ਜਾਣ ਦਾ ਐਲਾਨ ਕੀਤਾ ਗਿਆ ਜੋ ਕਿ ਅਗਲੇ 8 ਮਹੀਨਿਆਂ ਦੌਰਾਨ ਮੁਕੰਮਲ ਹੋਵੇਗਾ। ਉਨ੍ਹਾਂ ਕਿਹਾ ਕਿ ਸਟੇਡੀਅਮ ਵਿਖੇ ਸਿੱਖ ਰਵਾਇਤੀ ਖੇਡਾਂ ਤੋਂ ਇਲਾਵਾ ਹੋਰਨਾਂ ਖੇਡਾਂ ਲਈ ਢੁਕਵੇਂ ਪ੍ਰਬੰਧ ਕੀਤੇ ਜਾਣਗੇ। ਇਸ ਤੋ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰੀ ਰੇਲਵੇ ਮੰਤਰੀ ਨੇ ਕਿਹਾ ਕਿ ਇਸ ਸਾਲ 3500 ਮਨੁੱਖ ਰਹਿਤ ਰੇਲਵੇ ਫਾਟਕ ਕਵਰ ਕਰ ਦਿੱਤੇ ਜਾਣਗੇ ਅਤੇ 900 ਰੇਲਵੇ ਓਵਰ ਬ੍ਰਿਜ ਉਸਾਰੇ ਜਾਣਗੇ। ਉਨ੍ਹਾਂ ਨੇ ਪੰਜਾਬ ਵਿੱਚ ਰੇਲਵੇ ਦੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਇੱਕ ਵੱਖਰੀ ਕੰਪਨੀ ਵੀ ਸਥਾਪਤ ਕਰਨ ਦਾ ਐਲਾਨ ਕੀਤਾ। ਅੱਜ ਸ਼ੁਰੂ ਕੀਤੀ ਗਈ ਰੇਲ ਗੱਡੀ ਵਿੱਚ ਏਅਰ ਕੰਡੀਸ਼ਨਰ, ਚੇਅਰ ਕਾਰ, ਜਨਰਲ ਕਲਾਸ, ਸਮਾਨ ਵਾਲਾ ਡੱਬਾ ਹੋਵੇਗਾ ਅਤੇ ਰੇਲ ਗੱਡੀ ਦੇ ਕੁਰਾਲੀ, ਸਮਾਰਾਲਾ, ਲੁਧਿਆਣਾ ਅਤੇ ਜਲੰਧਰ ਵਿਖੇ ਸਟੇਸ਼ਨ ਹੋਣਗੇ। ਇਸ ਤੋਂ ਪਹਿਲਾਂ ਕੇਂਦਰੀ ਰੇਲਵੇ ਮੰਤਰੀ ਅਤੇ ਉਪ ਮੁੱਖ ਮੰਤਰੀ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਜਿਥੇ ਤਖਤ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਉਨ੍ਹਾਂ ਨੂੰ ਗੁਰੂ ਦੀ ਬਖਸ਼ਿਸ ਸਿਰੋਪਾਓ ਭੇਂਟ ਕੀਤੇ। ਸਮਾਗਮ ਨੂੰ ਗਿਆਨੀ ਮੱਲ ਸਿੰਘ, ਮੈਂਬਰ ਲੋਕ ਸਭਾ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਉਦਯੋਗ ਮੰਤਰੀ ਸ੍ਰੀ ਮਦਨ ਮੋਹਨ ਮਿਤਲ ਨੇ ਵੀ ਸੰਬੋਧਨ ਕੀਤਾ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਸ. ਜੀ ਪੀ ਸੀ ਮੈਬਰ ਅਮਰਜੀਤ ਸਿੰਘ ਚਾਵਲਾ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਡਾਕਟਰ ਪਰਮਿੰਦਰ ਸ਼ਰਮਾ, ਨਗਰ ਕੌਂਸਲ ਨੰਗਲ ਦੇ ਪ੍ਰਧਾਨ ਅਸ਼ੋਕ ਪੁਰੀ, ਨਗਰ ਕੌਂਸਲ ਅਨੰਦਪੁਰ ਸਾਹਿਬ ਦੇ ਪ੍ਰਧਾਨ ਦਲਜੀਤ ਸਿੰਘ ਭਿੰਡਰ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਮੋਹਣ ਸਿੰਘ ਢਾਹੇ, ਹਰਪ੍ਰੀਤ ਸਿੰਘ ਬਸੰਤ, ਰਣਜੀਤ ਸਿੰਘ ਗੁੱਡਵਿਲ, ਮਨਜਿੰਦਰ ਸਿੰਘ ਬਰਾੜ, ਹਰਦੇਵ ਸਿੰਘ ਹਰਪਾਲਪੁਰ, ਭਾਜਪਾ ਦੇ ਮੰਡਲ ਪ੍ਰਧਾਨ ਅਜੇ ਰਾਣਾ, ਜੋਤੀ ਪ੍ਰਸਾਦ, ਮਹਿੰਦਰ ਸਿੰਘ ਵਾਲੀਆ, ਇੰਦਰਜੀਤ ਸਿੰਘ ਅਰੋੜਾ, ਇੰਦਰਜੀਤ ਸਿੰਘ ਬੇਦੀ ਆਦਿ ਹਾਜਰ ਸਨ।



– ਕੁਲਦੀਪ ਚੰਦ (9417563054)

(ਸਫਾ 6 ਦੀ ਬਾਕੀ)

# ਭਾਰਤ ਵਿਚ ਡੇਰਾਵਾਦ ਅੰਧਵਿਸ਼ਵਾਸ਼ ਦਾ ਪ੍ਰਤੀਕ

ਇਸ ਤਕਨੀਕ ਨੂੰ ਉਹ ਚਮਤਕਾਰ ਦਾ ਨਾਂ ਦਿੰਦਾ ਸੀ ਤੇ ਲੋਕਾਂ ਨੂੰ ਗੁਮਰਾਹ ਕਰਦਾ ਸੀ। ਸਾਰੇ ਆਸ਼ਰਮ ਵਿਚ ਸੀ. ਸੀ. ਟੀ. ਵੀ.ਕੈਮਰੇ ਲੱਗੇ ਹੋਏ ਸਨ, ਇਥੋਂ ਤੱਕ ਕਿ ਇਸਤਰੀਆਂ ਦੇ ਬਾਥ ਰੂਮਾਂ ਵਿਚ ਵੀ ਕੈਮਰੇ ਲੱਗੇ ਹੋਏ ਸਨ। ਉਸ ਦੇ ਸ਼ਰਧਾਲੂਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਸੀ। ਉਹ ਦੁੱਧ ਨਾਲ ਅਸ਼ਨਾਨ ਕਰਦਾ ਸੀ ਅਤੇ ਉਸੇ ਦੁੱਧ ਦੀ ਖ਼ੀਰ ਬਣਾਕੇ ਲੰਗਰ ਵਿਚ ਦਿੰਦਾ ਸੀ। ਬਿਮਾਰੀਆਂ ਦੇ ਇਲਾਜ ਲਈ ਛੋਟੀਆਂ ਛੋਟੀਆਂ ਸ਼ੀਸ਼ੀਆਂ ਵਿਚ ਪਾਣੀ ਪਾ ਕੇ ਉਸ ਦੇ ਪੈਰਾਂ ਨੂੰ ਛੁਹਾ ਕੇ ਬੀਮਾਰਾਂ ਨੂੰ ਪਾਣੀ ਪੀਣ ਲਈ ਦਿੱਤਾ ਜਾਂਦਾ ਸੀ। ਸਾਰੇ ਭਾਰਤ ਵਿਚ ਆਪਣੇ ਆਸ਼ਰਮ ਸਥਾਪਤ ਕਰ ਰਿਹਾ ਸੀ। ਇਹ ਸਾਰਾ ਕੰਮ ਆਪਣੇ ਦੋਵੇਂ ਲੜਕਿਆਂ ਨੂੰ ਸੰਭਾਲਿਆ ਹੋਇਆ ਸੀ। ਕਿਹਾ ਜਾਂਦਾ ਹੈ ਕਿ ਉਸ ਦੇ ਪੈਰੋਕਾਰਾਂ ਦੀ ਗਿਣਤੀ ਲੱਖਾਂ ਵਿਚ ਹੈ। ਮੱਧ ਪ੍ਰਦੇਸ਼ ਵਿਚ ਬੈਤੂਲ ਵਿਖੇ 70 ਏਕੜ ਥਾਂ ਵਿਚ ਆਸ਼ਰਮ ਬਣ ਰਿਹਾ ਸੀ। ਵਰਤਮਾਨ ਝਗੜਾ ਹਾਈ ਕੋਰਟ ਵਲੋਂ ਰਾਮਪਾਲ ਦੇ ਕੋਰਟ ਵਿਚ ਬਾਰ ਬਾਰ ਸੰਮਣ ਭੇਜਣ ਤੇ ਵੀ ਹਾਜ਼ਰ ਨਾ ਹੋਣ ਕਰਕੇ ਸ਼ੁਰੂ ਹੋਇਆ। ਅਸਲ ਵਿਚ ਰਾਮਪਾਲ ਨੂੰ ਆਪਣੀ ਹਰਮਨ ਪਿਆਰਤਾ ਦਾ ਗਰੂਰ ਹੋ ਗਿਆ। ਹਾਈ ਕੋਰਟ ਵਿਚ ਹਾਜ਼ਰ ਹੋਣ ਦੀ ਥਾਂ ਆਪਣੇ ਸ਼ਰਧਾਲੂਆਂ ਨੂੰ ਚੰਡੀਗੜ੍ਹ ਵਿਚ ਭੇਜ ਕੇ ਉਥੋਂ ਦੇ ਲੋਕਾਂ ਦੇ ਜਨ ਜੀਵਨ ਨੂੰ ਅਸਤ ਵਿਅਸਤ ਕਰ ਦਿੱਤਾ ਤਾਂ ਜੋ ਕੋਰਟ ਨੂੰ ਇਹ ਪ੍ਰਭਾਵ ਦਿੱਤਾ ਜਾਵੇ ਕਿ ਉਹ ਇੱਕ ਧਾਰਮਕ ਗੁਰੂ ਹੈ, ਜਿਸ ਨੂੰ ਕੋਰਟ ਬੁਲਾ ਨਹੀਂ ਸਕਦੀ। ਉਸ ਦੇ ਇਸ ਤਰ੍ਹਾਂ ਕਾਨੂੰਨ ਦੀਆਂ ਧਜੀਆਂ ਉਡਾਉਣ ਨੂੰ ਕੋਰਟ ਨੇ ਸੰਜੀਦਗੀ ਨਾਲ ਲਿਆ ਅਤੇ ਹਰਿਆਣ ਸਰਕਾਰ ਨੂੰ ਹਰ ਹਾਲਤ ਵਿਚ ਰਾਮਪਾਲ ਨੂੰ ਕੋਰਟ ਵਿਚ ਹਾਜ਼ਰ ਕਰਨ ਦੇ ਹੁਕਮ ਦਿੱਤੇ। ਇਹ ਕੇਸ ਹਿਸਾਰ ਬਾਰ ਐਸੋਸੀਏਸ਼ਨ ਦੀ ਸ਼ਿਕਾਇਤ ਤੇ ਰਾਮਪਾਲ ਅਤੇ ਉਸਦੇ ਚੇਲੇ ਢਾਕਾ ਤੇ ਕੀਤਾ ਗਿਆ ਸੀ। ਕੋਰਟ ਨੇ ਦੋਹਾਂ ਨੂੰ ਹਾਈ ਕੋਰਟ ਵਿਚ ਹਾਜ਼ਰ ਹੋਣ ਲਈ ਕਿਹਾ ਸੀ। ਢਾਕਾ ਤਾਂ ਕੋਰਟ ਵਿਚ ਹਾਜ਼ਰ ਹੋ ਗਿਆ ਸੀ। ਪ੍ਰੰਤੂ ਬੀਮਾਰੀ ਦਾ ਬਹਾਨਾ ਬਣਾ ਕੇ ਰਾਮਪਾਲ ਗ੍ਰਿਫਤਾਰੀ ਨੂੰ ਟਾਲਣਾ ਚਾਹੁੰਦਾ ਸੀ। ਪਹਿਲਾਂ ਤਾਂ ਵੋਟਾਂ ਦੀ ਰਾਜਨੀਤੀ ਕਰਕੇ ਸਰਕਾਰ ਟਾਲਾ ਵੱਟਦੀ ਰਹੀ, ਜਦੋਂ ਕੋਰਟ ਨੇ ਸਰਕਾਰ ਦੇ ਅਧਿਕਾਰੀਆਂ ਤੇ ਸਿਕੰਜਾ ਕਸਿਆ ਤਾਂ ਸਰਕਾਰ ਹਰਕਤ ਵਿਚ ਆਈ। ਰਾਮਪਾਲ ਨੇ ਸਰਕਾਰ ਦੀ ਤਾਕਤ ਨੂੰ ਚੈਲੰਜ ਕਰ ਦਿੱਤਾ ਅਤੇ ਆਪਣੀ ਹੀ ਸੁਰੱਖਿਆ ਲਈ ਹਥਿਆਬੰਦ ਕਮਾਂਡੋ ਲਗਾ ਦਿੱਤੇ ਅਤੇ ਸ਼ਰਧਾਲੂਆਂ ਤੋਂ ਆਪਣੀ ਘੇਰਾਬੰਦੀ ਕਰਵਾ ਲਈ। ਖਾਸ ਤੌਰ ਤੇ ਇਸਤਰੀਆਂ ਅਤੇ ਬੱਚਿਆਂ ਨੂੰ ਢਾਲ ਦੇ ਤੌਰ ਤੇ ਵਰਤਿਆ ਗਿਆ। ਆਸ਼ਰਮ ਦੀ ਬਿਜਲੀ ਪਾਣੀ ਬੰਦ ਕਰਨ ਤੇ ਵੀ ਉਹ ਆਤਮ ਸਮਰਪਣ ਕਰਨ ਲਈ ਰਾਜੀ ਨਹੀਂ ਹੋਇਆ। ਹੈਰਾਨੀ ਦੀ ਗੱਲ ਹੈ ਸਰਕਾਰਾਂ ਅੱਖਾਂ ਮੀਚ ਕੇ ਬੈਠੀਆਂ ਰਹਿੰਦੀਆਂ ਹਨ ਤੇ ਅਜਿਹੇ ਡੇਰਿਆਂ ਵਿਚ ਹਥਿਆਰ ਅਤੇ ਹੋਰ ਪਾਬੰਦੀ ਸ਼ੁਦਾ ਵਸਤਾਂ ਜਮ੍ਹਾਂ ਹੁੰਦੀਆਂ ਰਹਿੰਦੀਆਂ ਹਨ। ਅਖ਼ੀਰ ਜਦੋਂ ਅਥਰੂ ਗੈਸ ਛੱਡੀ ਗਈ ਤਾਂ ਭਗਦੜ ਮੱਚ ਗਈ, ਇਸ ਦੌਰਾਨ ਵਿਚ ਕੁਝ ਇਸਤਰੀਆਂ ਮਾਰੀਆਂ ਗਈਆਂ, ਕੁਝ ਰਾਮਪਾਲ ਵਲੋਂ ਬੰਦੀ ਬਣਾਉਣ ਕਰਕੇ ਅਤੇ ਕੁਝ ਬੀਮਾਰ ਹੋਣ ਕਰਕੇ ਮਰ ਗਈਆਂ। ਆਸ਼ਰਮ ਦੇ ਅੰਦਰੋਂ ਪੁਲਿਸ ਉਪਰ ਗੋਲੀਆਂ ਚਲਾਈਆਂ ਗਈਆਂ, ਪੈਟਰੌਲ ਬੰਬ ਸੁਟੇ ਗਏ ਅਤੇ ਪਥਰਾਓ ਕੀਤਾ ਗਿਆ, ਜਿਸ ਵਿਚ ਪੁਲਿਸ ਕਰਮਚਾਰੀ ਜਖ਼ਮੀ ਹੋ ਗਏ ਅਤੇ ਕੁਝ ਗੱਡੀਆਂ ਸੜ ਗਈਆਂ। ਅਖ਼ੀਰ 19 ਨਵੰਬਰ ਦੀ ਰਾਤ ਨੂੰ ਰਾਮਪਾਲ ਪਕੜਿਆ ਗਿਆ। ਹੈਰਾਨੀ ਦੀ ਗੱਲ ਹੈ ਕਿ ਆਸ਼ਰਮ ਦੀ ਚਾਰ ਦੀਵਾਰੀ 20 ਫੁੱਟ ਤੋਂ ਵੀ ਉਚੀ ਬਣਾਈ ਗਈ ਸੀ। ਆਸ਼ਰਮ ਵਿਚ ਅਨੇਕਾਂ ਏਅਰਕੰਡੀਸ਼ਨਡ ਕਮਰੇ ਅਤੇ ਹਾਲ ਸਨ। ਆਸ਼ਰਮ ਵਿਚ ਆਪਸ ਵਿਚ ਜੋੜਨ ਵਾਲੇ ਪੰਜ ਭੋਰੇ ਤੇ ਸੁਰੰਗਾਂ ਵੀ ਬਣਾਈਆਂ ਹੋਈਆਂ ਹਨ। ਖਾਣ ਪੀਣ ਲਈ ਭਾਰੀ ਮਾਤਰਾ ਵਿਚ ਸਾਮਾਨ ਰੱਖਿਆ ਹੋਇਆ ਸੀ। ਲੰਗਰ ਤਿਆਰ ਕਰਨ ਲਈ 448 ਕੁਕਿੰਗ ਗੈਸ ਦੇ ਸਿਲੰਡਰ ਰੱਖੇ ਹੋਏ ਸਨ। ਇਸ ਤੋਂ ਬਾਅਦ ਪੁਲਿਸ ਹਰਕਤ ਵਿਚ ਆਈ ਅਤੇ ਰਾਮਪਾਲ ਨੂੰ ਗ੍ਰਿਫਤਾਰ ਕੀਤਾ ਗਿਆ। ਹੈਰਾਨੀ ਦੀ ਗੱਲ ਹੈ ਕਿ ਜਿਨ੍ਹਾਂ ਕਮਾਂਡੋਜ਼ ਨੂੰ ਉਹ ਢਾਲ ਦੇ ਤੌਰ ਤੇ ਵਰਤਦਾ ਰਿਹਾ ਉਨ੍ਹਾਂ ਬਾਰੇ ਹੀ ਉਹ ਕਹਿ ਰਿਹਾ ਹੈ ਕਿ ਕਮਾਂਡੋਜ਼ ਨੇ ਉਸ ਨੂੰ ਬੰਦੀ ਬਣਾਇਆ ਹੋਇਆ ਸੀ। ਆਸ਼ਰਮ ਵਿਚੋਂ ਅਨੇਕਾਂ ਇਤਰਾਜ਼ਯੋਗ ਵਸਤਾਂ ਮਿਲੀਆਂ ਹਨ, ਜਿਵੇਂ ਕਿ ਨਸ਼ੀਲੀਆਂ ਦਵਾਈਆਂ, ਕੰਡੋਮ, ਪ੍ਰੈਗਨੈਂਸੀ ਟੈਸਟ ਕਰਨ ਵਾਲਾ ਸਾਮਾਨ, 26 ਹਥਿਆਰ ਅਤੇ ਤੇਜ਼ਾਬ। ਅਖ਼ਬਾਰਾਂ ਦੀਆਂ ਖ਼ਬਰਾਂ ਅਨੁਸਾਰ ਇੱਕ ਸਮਾਜ ਸੇਵਿਕਾ ਨੇ ਰਾਮ ਪਾਲ ਦੇ ਭੇਦ ਖੋਲ੍ਹਦਿਆਂ ਦੱਸਿਆ ਹੈ ਕਿ ਉਹ ਰਾਮ ਪਾਲ ਦੀਆਂ ਅਨੈਤਿਕ ਕਾਰਵਾਈਆਂ ਦੇ ਸਬੂਤ ਮਿਟਾਉਣ ਦਾ ਕੰਮ ਕਰਦੀ ਸੀ। ਉਹ ਤੇ ਰਾਮਪਾਲ ਕਈ ਕਈ ਘੰਟੇ ਇੱਕਲੇ ਕਮਰੇ ਵਿਚ ਬਤੀਤ ਕਰਦੇ ਸਨ। ਉਸ ਔਰਤ ਦੇ ਪਿਤਾ ਨੂੰ ਵੀ ਸਾਰੀ ਜਾਣਕਾਰੀ ਸੀ। ਉਸ ਦੇ ਨਾਂ ਤੇ 10 ਲੱਖ ਦੀ ਐਫ.ਡੀ. ਦਾ ਵੀ ਪਤਾ ਲੱਗਾ ਹੈ। ਆਸ਼ਰਮ ਦੀਆਂ ਸ਼ੱਕੀ ਹਾਰਡ ਡਿਸਕਾਂ ਵੀ ਉਸ ਔਰਤ ਕੋਲੋਂ ਮਿਲੀਆਂ ਹਨ। ਆਸ਼ਰਮ ਦੀ ਤਲਾਸ਼ੀ ਦੌਰਾਨ ਕੁਝ ਨੰਗੀਆਂ ਔਰਤਾਂ ਵੀ ਬਾਹਰ ਆਈਆਂ ਸਨ। ਰਾਮਪਾਲ ਦੀ ਸ਼ਹਾਨਾ ਜ਼ਿੰਦਗੀ ਦਾ ਇਥੋਂ ਪਤਾ ਲਗਦਾ ਹੈ ਕਿ ਆਸ਼ਰਮ ਵਿਚੋਂ 75 ਲਗਜ਼ਰੀ ਗੱਡੀਆਂ ਬਰਾਮਦ ਹੋਈਆਂ ਹਨ। ਰਾਮਪਾਲ ਨੂੰ ਗ੍ਰਿਫ਼ਤਾਰ ਕਰਨ ਤੇ ਕੁਲ 26 ਕਰੋੜ ਰੁਪਿਆ ਖ਼ਰਚ ਆਇਆ ਹੈ,ਜਿਹੜਾ ਕਚਹਿਰੀ ਨੇ ਰਾਮਪਾਲ ਤੋਂ ਵਸੂਲਣ ਦੇ ਹੁਕਮ ਦਿੱਤੇ ਹਨ। ਰਾਮਪਾਲ ਅਤੇ ਉਸ ਦੇ 909 ਚੇਲਿਆਂ ਦੇ ਵਿਰੁਧ ਦੇਸ਼ ਧਰੋਹ ਦਾ ਕੇਸ ਦਰਜ ਹੋਇਆ ਹੈ। ਇਸ ਕੇਸ ਨੂੰ ਲੜਨ ਲਈ 4 ਸਰਕਾਰੀ ਵਕੀਲ ਲਗਾਏ ਗਏ ਹਨ, ਜਿਹੜੇ 227-227 ਵਿਅਕਤੀਆਂ ਦੇ ਕੇਸ ਲੜਨਗੇ ਅਤੇ ਉਨ੍ਹਾਂ ਨੂੰ ਇੱਕ ਮੁਲਜ਼ਮ ਦੇ 2200 ਰੁਪਏ ਮਿਲਣਗੇ। ਇਸ ਪ੍ਰਕਾਰ ਸਰਕਾਰ ਦੇ 20 ਲੱਖ ਰੁਪਏ ਖ਼ਰਚ ਹੋਣਗੇ। ਐਨੇ ਮੁਲਜ਼ਮਾ ਨੂੰ ਵੀਡੀਓ ਕਾਨਫ਼ਰੰਸਿੰਗ ਨਾਲ ਪੇਸ਼ ਕੀਤਾ ਜਾਵੇਗਾ ਕਿਉਂਕਿ ਐਨੇ ਮੁਲਜ਼ਮਾਂ ਨੂੰ ਕਚਹਿਰੀ ਵਿਚ ਲਿਜਾਣਾ ਵੀ ਸੰਭਵ ਨਹੀਂ ਅਤੇ ਖ਼ਰਚਾ ਵੀ ਬਹੁਤ ਆਵੇਗਾ। ਸਰਕਾਰਾਂ ਲਈ ਚਿੰਤਾ ਦਾ ਵਿਸ਼ਾ ਹੈ ਕਿ ਐਨਾ ਪੈਸਾ ਇਨ੍ਹਾਂ ਬਾਬਿਆਂ ਕੋਲ ਕਿਥੋਂ ਆਉਂਦਾ ਹੈ। ਰਾਮਪਾਲ ਦੇ ਚੇਲੇ ਕਬੀਰਪੰਥੀ ਤਾਂ ਬਹੁਤੇ ਅਮੀਰ ਲੋਕ ਨਹੀਂ ਹਨ। ਇਹ ਵੀ ਪਤਾ ਲੱਗਾ ਹੈ ਕਿ ਹੁਣ ਜੇਲ੍ਹ ਵਿਚ ਰਾਮਪਾਲ ਨੂੰ ਕੋਈ ਵੀ ਵਿਅਕਤੀ ਮਿਲਣ ਨਹੀਂ ਜਾਂਦਾ ਪ੍ਰੰਤੂ ਸਰਕਾਰ ਰਾਮਪਾਲ ਨੂੰ ਥਾਣੇ ਵਿਚ ਹੋਟਲਾਂ ਦਾ ਬਣਿਆਂ ਖਾਣਾ ਦਿੰਦੀ ਰਹੀ ਹੈ। ਪੰਜਾਬ ਦੇ ਲੁਧਿਆਣਾ ਜਿਲ੍ਹੇ ਦੇ ਕਸਬਾ ਸਮਰਾਲਾ ਵਿਖੇ ਵੀ 4 ਜਨਵਰੀ 2013 ਨੂੰ ਰਾਮਪਾਲ ਦੇ ਸ਼ਰਧਾਲੂਆਂ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਪ੍ਰਚਾਰ ਸਮਗਰੀ ਵੰਡੀ ਸੀ, ਇਸ ਲਈ ਰਾਮਪਾਲ ਅਤੇ ਉਸਦੇ ਚੇਲਿਆਂ ਵਿਰੁਧ ਸਮਰਾਲਾ ਥਾਣੇ ਵਿਚ 295 ਏ ਧਾਰਾ ਅਤੇ 120-ਬੀ ਅਧੀਨ ਕੇਸ ਦਰਜ ਹੋਇਆ ਸੀ। ਰਾਮਪਾਲ ਨੂੰ ਵਾਰ ਵਾਰ ਸੰਮਣ ਭੇਜਣ ਦੇ ਬਾਵਜੂਦ ਉਹ ਹਾਜ਼ਰ ਨਹੀਂ ਹੋਇਆ ਅਤੇ ਕਚਹਿਰੀ ਨੇ ਉਸ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ।

ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਕਚਹਿਰੀ ਦੇ ਸਖ਼ਤ ਰਵੱਈਏ ਕਰਕੇ ਹੋ ਸਕਦਾ ਹੈ ਕਿ ਇਨ੍ਹਾਂ ਆਸ਼ਰਮਾਂ ਦੀਆਂ ਸਮਾਜ ਵਿਰੋਧੀ ਕਾਰਵਾਈਆਂ ਤੇ ਨੱਥ ਪੈ ਸਕਦੀ ਹੈ,ਵਰਨਾ ਤਾਂ ਸਰਕਾਰਾਂ ਨੇ ਵੋਟਾਂ ਦੀ ਰਾਜਨੀਤੀ ਕਰਕੇ ਕੋਈ ਸਾਰਥਕ ਕਦਮ ਚੁਕਣੇ ਹੀ ਨਹੀਂ ਸਨ। ਕੋਰਟ ਨੇ ਹਰਿਆਣਾ ਸਰਕਾਰ ਨੂੰ ਹੋਰ ਡੇਰਿਆਂ ਦੀ ਵੀ ਲਗਾਤਾਰ ਤਲਾਸ਼ੀ ਲੈ ਕੇ ਨਿਗਰਾਨੀ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਸਿਆਸੀ ਲੋਕਾਂ ਦਾ ਵਤੀਰਾ ਕਿਹੋ ਜਿਹਾ ਹੋਵੇਗਾ ਕਿਉਂਕਿ ਉਨ੍ਹਾਂ ਨੂੰ ਤਾਂ ਵੋਟਾਂ ਤੋਂ ਬਿਨਾ ਹੋਰ ਕੁਝ ਦਿਖਦਾ ਹੀ ਨਹੀਂ। ਹਰਿਆਣਾ ਦੀ ਸਰਕਾਰ ਤਾਂ ਕਿਹਾ ਜਾਂਦਾ ਹੈ ਕਿ ਇੱਕ ਡੇਰੇ ਦੀ ਮੱਦਦ ਨਾਲ ਹੀ ਬਣੀ ਹੈ।


ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ

ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।

JOHN SINGH BANGA
Realtor, Lic # 01397975
916-271-5404
banga.realtor@gmail.com



TEAM JD

DALVIR 'DIL' NIJJAR
Realtor, Lic # 01418648
916-628-2210
dil.realtor@gmail.com



ELITE
REALTY SERVICES

Office: 916-681-5112
7412 Elsie Avenue, Sacramento CA 94828

## ਸ਼ਹੀਦ-ਏ-ਆਜ਼ਮ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦੀ ਸ਼ਤਾਬਦੀ ਤੇ

# 'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ'



ਐਚ.ਐਲ.ਕਪੂਰ
01- 916- 587-4002

ਭਾਰਤ ਜਦੋਂ ਵੀ ਆਪਣੇ ਆਜ਼ਾਦ ਹੋਣ ਤੇ ਮਾਣ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਹਨਾਂ ਮਹਾਂਪੁਰਸ਼ਾਂ ਅੱਗੇ ਝੁਕਦਾ ਹੈ, ਜਿਹਨਾਂ ਨੇ ਦੇਸ਼ ਪ੍ਰੇਮ ਦੇ ਰਾਹ ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਹਜ਼ਾਰਾਂ ਇਸ ਤਰ੍ਹਾਂ ਦੇ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਬਲ 'ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦ-ਏ-ਆਜ਼ਮ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦਾ ਨਾਮ ਹੀ ਲਿਆ ਜਾਂਦਾ ਹੈ।

ਸ਼ਹੀਦ-ਏ-ਆਜ਼ਮ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਨੇ ਦੇਸ਼ ਦੇ ਨੌਜਵਾਨਾਂ ਵਿਚ ਊਰਜਾ ਦਾ ਐਸਾ ਗਵਾਰ ਭਰਿਆ ਕਿ ਵਿਦੇਸ਼ੀ ਹਕੂਮਤ ਨੂੰ ਭਾਰਤ ਦੇ ਨੌਜਵਾਨਾਂ ਤੋਂ ਡਰ ਲੱਗਣ ਲੱਗ ਪਿਆ। ਹੱਥ ਜੋੜ ਕੇ ਬੇਨਤੀ ਕਰਨ ਦੀ ਥਾਂ, ਲੋਹੇ ਨਾਲ ਲੋਹਾ ਟਕਰਾਅ ਕੇ, ਅੱਗ ਨਾਲ ਆਜ਼ਾਦੀ ਦੀ ਲੜਾਈ ਲਈ ਕੁੱਦਣ ਵਾਲੇ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦੀ ਦਲੇਰੀ ਦੀ ਕਹਾਣੀ ਅੱਜ ਵੀ ਸਾਡੇ ਅੰਦਰ ਦੇਸ਼ ਭਗਤੀ ਦੀ ਅੱਗ ਲਾਉਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਅਗਰ ਉਸ ਸਮੇਂ ਦੇਸ਼ ਦੇ ਵੱਡੇ ਨੇਤਾ ਵੀ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਤੇ ਉਹਨਾਂ ਦੇ ਕ੍ਰਾਂਤੀਕਾਰੀ ਸਾਥੀਆਂ ਦਾ ਸਹਿਯੋਗ ਦਿੱਤਾ ਹੁੰਦਾ ਤਾਂ ਦੇਸ਼ ਅੱਜ ਤੋਂ ਕੋਈ ਸੌ ਸਾਲ ਪਹਿਲਾਂ ਆਜ਼ਾਦ ਹੋਇਆ ਹੁੰਦਾ ਤੇ ਉਸ ਸਮੇਂ ਹੋਰ ਗਰਵ ਮਹਿਸੂਸ ਕਰਦੇ। ਪ੍ਰੰਤੂ ਦੇਸ਼ ਦੇ ਇਸ ਨੌਜਵਾਨ ਕ੍ਰਾਂਤੀਕਾਰੀ ਸ਼ਹੀਦ-ਏ-ਆਜ਼ਮ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਨੂੰ ਸਾਢੇ ਉੱਨੀ ਸਾਲ ਦੀ ਭਰ ਜਵਾਨੀ ਦੀ ਉਮਰ ਵਿਚ 16 ਨਵੰਬਰ, 1915 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ, ਲੇਕਿਨ ਮਰਨ ਤੋਂ ਬਾਅਦ ਵੀ ਉਹ ਮਰੇ ਨਹੀਂ ਸਗੋਂ ਸਾਡੇ ਵਿਚ ਹਮੇਸ਼ਾ ਲਈ ਅਮਰ ਹਨ। ਅੱਜ ਦੇ ਨੇਤਾਵਾਂ ਵਿਚ ਜਿੱਥੇ ਅਸੀਂ ਛਲ ਤੇ ਕਪਟ ਦੀ ਭਾਵਨਾ ਦੇਖਦੇ ਹਾਂ, ਜਿਹੜੇ ਮੁੰਬਈ ਹਮਲੇ ਤੋਂ ਬਾਅਦ ਵੀ ਆਪਣੇ ਸਵੈਮਾਣ ਨੂੰ ਤਾਕ ਤੇ ਰੱਖੀ ਬੈਠੇ ਹਨ। ਉਹਨਾਂ ਲਈ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਇਕ ਆਦਰਸ਼ ਸ਼ਖਸੀਅਤ ਹਨ, ਜਿਹਨਾਂ ਨੂੰ ਉਹਨਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਸ਼ਹੀਦ ਕਰਤਾਰ ਸਿੰਘ ਜੀ ਸਰਾਭਾ ਤੇ ਉਹਨਾਂ ਦੇ ਸਾਥੀਆਂ ਨੇ ਉਸ ਸਮੇਂ ਭਾਰਤ ਤੇ ਰਾਜ ਕਰ ਰਹੀ ਬਰਤਾਨਵੀ ਸਰਕਾਰ ਨੂੰ ਜੜ੍ਹੋਂ ਉਖਾੜ ਦੇਣ ਲਈ, ਅਮਰੀਕਾ ਅਤੇ ਕੈਨੇਡਾ 'ਚ ਵੱਸੇ ਭਾਰਤੀਆਂ ਨੂੰ ਇੱਕਜੁਟ ਕਰਨ ਦਾ ਕੰਮ ਕੀਤਾ ਸੀ। ਵੈਸੇ ਤਾਂ 'ਗਦਰ ਪਾਰਟੀ' ਦੀ ਹੋਂਦ 1913 ਵਿਚ ਆ ਗਈ ਸੀ ਪਰ ਗਦਰ ਦੀ ਸ਼ੁਰੂਆਤ 19 ਫਰਵਰੀ, 1915 ਨੂੰ ਸ਼ੁਰੂ ਕੀਤੀ ਗਈ ਸੀ। ਸਰਦਾਰ ਕਰਤਾਰ ਸਿੰਘ ਸਰਾਭਾ ਤੇ ਸਾਥੀ ਅੰਗਰੇਜ਼ਾਂ 'ਤੇ ਹਥਿਆਰਾਂ ਨਾਲ ਹਮਲਾ ਕਰਕੇ ਭਾਰਤ ਨੂੰ ਆਜ਼ਾਦ ਕਰਾਉਣ ਦੀ ਯੋਜਨਾ ਬਣਾ ਰਹੇ ਸਨ। ਇਹ ਕਿਹਾ ਜਾਂਦਾ ਹੈ ਕਿ 1857 ਤੋਂ ਬਾਅਦ ਅੰਗਰੇਜ਼ਾਂ ਤੇ ਹਥਿਆਰਾਂ ਨਾਲ ਹਮਲਾ ਕਰਕੇ ਭਾਰਤ ਨੂੰ ਆਜ਼ਾਦ ਕਰਾਉਣ ਦੀ ਇਹ ਦੂਸਰੀ ਕੋਸ਼ਿਸ਼ ਸੀ। ਇਸ ਵਿਚ 200 ਤੋਂ ਜ਼ਿਆਦਾ ਲੋਕ ਸ਼ਹੀਦ ਹੋਏ ਲੇਕਿਨ ਇਸ ਨਾਲ ਆਜ਼ਾਦੀ ਪ੍ਰਾਪਤ ਕਰਨ ਦੇ ਉਦੇਸ਼ ਨੂੰ ਹੋਰ ਤਾਕਤ ਮਿਲੀ। ਸਰਦਾਰ ਕਰਤਾਰ ਸਿੰਘ ਸਰਾਭਾ ਆਪਣੇ ਥੋੜ੍ਹੇ ਜਿਹੇ ਹੀ ਰਾਜਨੀਤਕ ਜੀਵਨ ਵਿਚ, ਆਪਣੇ ਆਜ਼ਾਦੀ ਪ੍ਰਾਪਤ ਕਰਨ ਲਈ ਕੀਤੇ ਕੰਮਾਂ ਕਾਰਨ, ਛੋਟੀ ਉਮਰ ਵਿਚ ਹੀ ਇਕ 'ਲੋਕ ਨਾਇਕ' ਦੇ ਰੂਪ ਵਿਚ ਉਭਰੇ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਉਹਨਾਂ ਨੂੰ ਆਪਣਾ ਆਦਰਸ਼ ਮੰਨਦੇ ਸਨ।

ਸਰਦਾਰ ਕਰਤਾਰ ਸਿੰਘ ਜੀ ਸਰਾਭਾ ਤੇ ਉਹਨਾਂ ਦੇ ਛੇ ਸਾਥੀਆਂ ਨੂੰ ਸਰਦਾਰ ਬਖਸ਼ੀਸ਼ ਸਿੰਘ ਜ਼ਿਲ੍ਹਾ ਅੰਮ੍ਰਿਤਸਰ, ਸਰਦਾਰ ਹਰਨਾਮ ਸਿੰਘ ਜ਼ਿਲ੍ਹਾ ਸਿਆਲਕੋਟ, ਸਰਦਾਰ ਜਗਤ ਸਿੰਘ ਜ਼ਿਲ੍ਹਾ ਲਾਹੌਰ, ਸਰਦਾਰ ਸਰੈਣ ਸਿੰਘ-1, ਸਰਦਾਰ ਸੁਰੈਣ ਸਿੰਘ-2, ਦੋਵੇਂ ਜ਼ਿਲ੍ਹਾ ਅੰਮ੍ਰਿਤਸਰ ਤੇ ਵਿਸ਼ਨੂੰ ਗਣੇਸ਼ ਪਿੰਗਲੇ ਜ਼ਿਲ੍ਹਾ ਪੂਨਾ (ਮਹਾਂਰਾਸ਼ਟਰ) ਨੂੰ ਫਾਂਸੀ ਲਗਾ ਕੇ ਮਿਤੀ 16 ਨਵੰਬਰ 1915 ਨੂੰ ਸ਼ਹੀਦ ਕਰ ਦਿੱਤਾ ਗਿਆ। ਇਹਨਾਂ ਵਿਚੋਂ ਤਿੰਨ ਅੰਮ੍ਰਿਤਸਰ ਜ਼ਿਲ੍ਹੇ ਦੇ ਗਿੱਲਵਾਲੀ ਪਿੰਡ ਦੇ ਸਨ। ਇਹਨਾਂ ਸ਼ਹੀਦਾਂ ਤੇ ਇਹਨਾਂ ਦੇ ਸਾਥੀਆਂ ਨੇ ਭਾਰਤ ਤੇ ਰਾਜ ਕਰ ਰਹੀ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ 19 ਫਰਵਰੀ 1915 ਨੂੰ 'ਗਦਰ' ਦੀ ਸ਼ੁਰੂਆਤ ਕੀਤੀ ਸੀ। ਇਸ 'ਗਦਰ' ਜਾਣੀ ਭਾਰਤ ਨੂੰ ਆਜ਼ਾਦ ਕਰਾਉਣ ਦੀ ਯੋਜਨਾ, ਅਮਰੀਕਾ ਵਿਖੇ 1913 ਨੂੰ ਹੋਂਦ ਵਿਚ ਆਈ 'ਗਦਰ ਪਾਰਟੀ' ਨੇ ਬਣਾਈ ਸੀ ਤੇ ਇਸ ਵਿਚ ਕੋਈ ਅੱਠ ਹਜ਼ਾਰ ਭਾਰਤੀ ਜੋ ਅਮਰੀਕਾ ਤੇ ਇੰਗਲੈਂਡ ਵਿਚ ਆਪਣੀ ਸੁੱਖ ਭਰੀ ਜ਼ਿੰਦਗੀ ਨੂੰ ਛੱਡ ਕੇ ਅੰਗਰੇਜ਼ਾਂ ਤੋਂ ਭਾਰਤ ਨੂੰ ਆਜ਼ਾਦ ਕਰਾਉਣ ਲਈ ਸਮੁੰਦਰੀ ਜਹਾਜ਼ਾਂ ਰਾਹੀਂ ਭਾਰਤ ਪਹੁੰਚੇ ਸਨ। 'ਗਦਰ' ਇਕ ਸ਼ਾਂਤੀਪੂਰਨ ਅੰਦੋਲਨ ਨਹੀਂ ਸੀ, ਇਹ ਇਕ ਹਥਿਆਰਬੰਦ ਆਜ਼ਾਦੀ ਲਈ ਕ੍ਰਾਂਤੀਕਾਰੀ ਵਿਦਰੋਹ ਸੀ ਪਰ 'ਗਦਰ ਪਾਰਟੀ' ਨੇ ਇਸ ਨੂੰ ਗੁਪਤ ਨਾ ਰੱਖਦੇ ਹੋਏ, ਖੁੱਲ੍ਹੇ ਆਮ ਅੰਗਰੇਜ਼ਾਂ ਨੂੰ ਹਥਿਆਰਾਂ ਨਾਲ ਮਾਰ ਕੇ ਭਾਰਤ ਦੇਸ਼ ਆਜ਼ਾਦ ਕਰਾਉਣ ਦਾ ਐਲਾਨ ਸੀ ਅਤੇ ਇਹ ਐਲਾਨ 'ਗਦਰ ਪਾਰਟੀ' ਦੇ ਪੰਜਾਬੀ, ਹਿੰਦੀ, ਉਰਦੂ ਤੇ ਗੁਜਰਾਤੀ ਭਾਸ਼ਾਵਾਂ ਵਿਚ ਛਪਦੇ ਅਖ਼ਬਾਰ 'ਗਦਰ' ਵਿਚ ਛਾਪ ਕੇ ਭਾਰਤ ਦੀ ਸਮੁੱਚੀ ਜਨਤਾ ਨੂੰ ਇਸ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ। ਅਮਰੀਕਾ ਦੀ ਸੁਤੰਤਰ ਧਰਤੀ ਤੋਂ ਪ੍ਰੇਰਿਤ ਹੋ ਕੇ ਆਪਣੀ ਧਰਤੀ ਨੂੰ ਸੁਤੰਤਰ ਕਰਾਉਣ ਲਈ 1857 ਦੇ ਪਹਿਲੇ ਸੁਤੰਤਰਤਾ ਸੰਗਰਾਮ ਤੋਂ ਪ੍ਰੇਰਿਤ ਸੀ ਤੇ ਅੰਗਰੇਜ਼ ਸਰਕਾਰ ਨੇ ਇਸੇ ਸੁਤੰਤਰਤਾ ਸੰਗਰਾਮ ਨੂੰ 'ਗਦਰ' ਦਾ ਨਾਮ ਦੇ ਕੇ ਅਲੰਕ੍ਰਿਤ ਕੀਤਾ ਤੇ ਇਸੇ 'ਗਦਰ' ਸ਼ਬਦ ਨੂੰ ਹੀ ਅਮਰੀਕਾ 'ਚ ਵਸੇ ਦੇਸ਼ ਭਗਤ ਭਾਰਤੀਆਂ ਨੇ ਆਪਣੀ ਪਾਰਟੀ ਤੇ ਅਖ਼ਬਾਰ ਦਾ ਨਾਮ 'ਗਦਰ' ਸ਼ਬਦ ਤੇ ਹੀ ਰੱਖਿਆ। ਜਿਸ ਤਰ੍ਹਾਂ 1857 ਦੇ 'ਗਦਰ' ਜਾਣੀ ਭਾਰਤ ਦੀ ਪਹਿਲੀ ਆਜ਼ਾਦੀ ਦੀ ਲੜਾਈ ਦੀ ਕਹਾਣੀ ਬੜੀ ਰੋਚਿਕ ਹੈ, ਠੀਕ ਇਸੇ ਤਰ੍ਹਾਂ ਹੀ ਭਾਰਤ ਦੀ ਆਜ਼ਾਦੀ ਲਈ ਲੜੀ ਗਈ ਦੂਸਰੀ 'ਹਥਿਆਰਬੰਦ' ਲੜਾਈ ਭਾਵੇਂ ਇਸ ਵਿਚ ਸਫਲਤਾ ਪ੍ਰਾਪਤ ਨਹੀਂ ਹੋਈ। ਇਸ ਦੀ ਕਹਾਣੀ ਵੀ ਕੋਈ ਘੱਟ ਰੋਚਿਕ ਨਹੀਂ ਹੈ।

ਕੌਮਾਂਤਰੀ ਪੱਧਰ ਤੇ ਚੱਲੇ ਇਸ ਅੰਦੋਲਨ 'ਚ ਕੋਈ ਦੋ ਸੌ ਤੋਂ ਉਪਰ ਲੋਕ ਸ਼ਹੀਦ ਹੋਏ। 'ਗਦਰ' ਤੇ ਇਸ ਨਾਲ ਸਬੰਧਿਤ ਘਟਨਾਵਾਂ 'ਚ 315 ਤੋਂ ਜ਼ਿਆਦਾ ਲੋਕਾਂ ਨੇ ਅੰਡੇਮਾਨ ਜੈਸੀ ਜਗ੍ਹਾ 'ਤੇ ਕਾਲੇ ਪਾਣੀ ਦੀ ਲੰਮੀ ਉਮਰ ਕੈਦ ਦੀ ਸਜਾ ਭੁਗਤੀ ਤੇ 122 ਲੋਕਾਂ ਨੇ ਕੁਝ ਘੱਟ ਸਜਾ ਭੁਗਤੀ। ਸੈਂਕੜਿਆਂ ਦੀ ਗਿਣਤੀ ਵਿਚ ਪੰਜਾਬੀ ਨੌਜਵਾਨਾਂ ਨੇ ਕਈ ਸਾਲਾਂ ਤੱਕ ਪਿੰਡਾਂ ਤੇ ਸ਼ਹਿਰਾਂ ਵਿਚ ਨਜ਼ਰਬੰਦੀ ਦੀ ਸਜਾ ਭੁਗਤੀ। ਇਸ ਅੰਦੋਲਨ ਵਿਚ ਬੰਗਾਲ ਤੋਂ ਰਾਸ ਬਿਹਾਰੀ ਬੋਸ ਤੇ ਸੁਚਿੰਦਰ ਨਾਥ ਸਨਿਆਲ, ਮਹਾਂਰਾਸ਼ਟਰ ਤੋਂ ਵਿਸ਼ਨੂੰ ਗਣੇਸ਼ ਪਿੰਗਲੇ ਤੇ ਡਾਕਟਰ ਖਾਨਖੋਜੇ, ਦੱਖਣੀ ਭਾਰਤ ਤੋਂ ਡਾਕਟਰ ਚਿਨਚਅੱਪਾ ਤੇ ਪੰਕਜ ਰਮਨ ਪਿੱਲੇ ਤੇ ਭੂਪਾਲ ਤੋਂ ਬਰਕਤ ਉੱਲਾ ਆਦਿਕ ਵਰਗੇ ਦੇਸ਼ ਭਗਤਾਂ ਨੇ ਹਿੱਸਾ ਲੈ ਕੇ ਇਕ ਰਾਸ਼ਟਰੀ ਰੂਪ ਦਿੱਤਾ ਤੇ ਸ਼ੰਘਾਈ, ਸਿੰਗਾਪੁਰ, ਮਨੀਲਾ ਆਦਿ ਤੇ ਹੋਰ ਕਈ ਵਿਦੇਸ਼ੀ ਸ਼ਹਿਰਾਂ ਵਿਚ ਹੋਏ ਵਿਦਰੋਹ ਨੇ ਇਸ ਨੂੰ ਅੰਤਰ ਰਾਸ਼ਟਰੀ ਰੂਪ ਵੀ ਦਿੱਤਾ। ਜਿਹੜਾ 1857 ਵਿਚ ਗਦਰ ਅੰਦੋਲਨ ਸੀ ਉਹ ਇਕ ਧਰਮ ਨਿ-ਰਪੱਖ ਤੇ ਇਕ ਰਾਸ਼ਟਰੀ ਅੰਦੋਲਨ ਸੀ, ਜਿਸ ਵਿਚ ਸਭ ਧਰਮਾਂ ਤੇ ਵਰਗਾਂ ਦੇ ਲੋਕਾਂ ਨੇ ਹਿੱਸਾ ਲਿਆ। ਗਦਰ ਪਾਰਟੀ ਅੰਦੋਲਨ ਦੀ ਇਕ ਇਹ ਵਿਸ਼ੇਸ਼ਤਾ ਵੀ ਹੈ ਕਿ ਇਸ ਦੀ ਅਸਫਲਤਾ ਦੇ ਬਾਅਦ ਵੀ ਇਹ ਗਦਰ ਪਾਰਟੀ ਖਤਮ ਨਹੀਂ ਹੋਈ, ਸਗੋਂ ਇਸ ਨੇ ਆਪਣਾ ਅੰਤਰ ਰਾਸ਼ਟਰੀ ਵਜੂਦ ਬਚਾਈ ਵੀ ਰੱਖਿਆ। ਇਸ ਨੇ ਆਪਣੇ ਆਪ ਨੂੰ ਭਾਰਤ ਦੀ ਆਜ਼ਾਦੀ ਦੀ ਮੁੱਖ ਧਾਰਾ ਵਿਚ ਸ਼ਾਮਲ ਕਰਕੇ ਵਿਦੇਸ਼ਾਂ ਵਿਚ ਆਪਣੀ ਹੋਂਦ ਨੂੰ ਅਲੱਗ ਸੁਰ-ਖਿਅਤ ਰੱਖ ਕੇ 'ਗਦਰ ਪਾਰਟੀ' ਨੇ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਬੜਾ ਮਹੱਤਵਪੂਰਨ ਯੋਗਦਾਨ ਪਾਇਆ। ਅੱਗੇ ਚੱਲ ਕੇ ਪੰਜਾਬ ਦਾ ਨੌਜਵਾਨ ਵਰਗ 1925-26 ਈਸਵੀ ਵਿਚ ਜਿਸ ਦੀ ਅਗਵਾਈ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਨੇ ਕੀਤੀ, ਵਿਚ ਤਬਦੀਲ ਹੋ ਗਿਆ, ਜਿਹੜਾ ਕਿ 'ਗਦਰ ਪਾਰਟੀ' ਤੇ ਸਰਦਾਰ ਕਰਤਾਰ ਸਿੰਘ ਸਰਾਭਾ ਜੀ ਤੋਂ ਬਹੁਤ ਪ੍ਰਭਾਵਿਤ ਸੀ। ਇਸ ਤਰ੍ਹਾਂ ਨਾਲ ਸਰਦਾਰ ਭਗਤ ਸਿੰਘ ਜੀ ਦਾ ਵਿਅਕਤਿਤਵ ਤੇ ਚਿੰਤਨ 'ਗਦਰ ਪਾਰਟੀ' ਦੀ ਪਰੰਪਰਾ ਨੂੰ ਅਪਣਾ ਕੇ ਇਸ 'ਗਦਰ ਲਹਿਰ' ਦੇ ਭਵਿੱਖ ਲਈ, ਵਿਕਾਸ ਦੇ ਆਗਾਮੀ ਰੂਪ ਵਿਚ, ਤਬਦੀਲ ਹੋ ਕੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਯੁਕਤ ਰਿਹਾ।




ਸਰਦਾਰ ਕਰਤਾਰ ਸਿੰਘ ਜੀ ਸਰਾਭਾ ਗਦਰ ਪਾਰਟੀ ਦੇ ਇਕ ਨਾਇਕ ਦੇ ਰੂਪ ਵਿਚ ਉਭਰੇ, ਇਸੇ ਤਰ੍ਹਾਂ 1925-31 ਦੇ ਦੌਰਾਨ ਸਰਦਾਰ ਭਗਤ ਸਿੰਘ ਜੀ ਦੀ ਇਸ ਕ੍ਰਾਂਤੀਕਾਰੀ ਅੰਦੋਲਨ ਦੇ ਮਹਾਂਨਾਇਕ ਦੇ ਰੂਪ ਵਿਚ ਉਭਰੇ ਤੇ ਉਹ ਹਮੇਸ਼ਾ ਕਰਤਾਰ ਸਿੰਘ ਜੀ ਦੀ ਫੋਟੋ ਆਪਣੇ ਕੋਲ ਰੱਖਦੇ ਸਨ ਅਤੇ 'ਨੌਜਵਾਨ ਭਾਰਤ ਸਭਾ' ਨਾਮਕ ਸੰਗਠਨ ਦੇ ਮਾਧਿਅਮ ਨਾਲ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦੇ ਜੀਵਨ ਨੂੰ ਸਲਾਈਡ ਸ਼ੋਅ ਦੁਆਰਾ ਪੰਜਾਬ ਦੇ ਨੌਜਵਾਨਾਂ ਵਿਚ ਆਜ਼ਾਦੀ ਦੀ ਪ੍ਰੇਰਨਾ ਦੇਣ ਲਈ ਦਿਖਾਉਂਦੇ ਸਨ।

'ਨੌਜਵਾਨ ਭਾਰਤ ਸਭਾ' ਨਾਮਕ ਸੰਗਠਨ ਦੇ ਮਾਧਿਅਮ ਨਾਲ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦੇ ਜੀਵਨ ਨੂੰ ਸਲਾਈਡ ਸ਼ੋਅ ਦੁਆਰਾ ਪੰਜਾਬ ਦੇ ਨੌਜਵਾਨਾਂ ਵਿਚ ਆਜ਼ਾਦੀ ਦੀ ਪ੍ਰੇਰਨਾ ਦੇਣ ਲਈ ਦਿਖਾਉਂਦੇ ਸਨ। 'ਨੌਜਵਾਨ ਭਾਰਤ ਸਭਾ' ਦੀ ਹਰ ਜਨਸਭਾ ਵਿਚ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦੀ ਫੋਟੋ ਨੂੰ ਮੰਚ ਤੇ ਰੱਖ ਕੇ ਉਸ ਨੂੰ ਫੁੱਲਾਂ ਦੇ ਹਾਰ ਪਾ ਕੇ, ਸਵਾਗਤ ਕਰਕੇ ਯਾਦ ਕੀਤਾ ਜਾਂਦਾ ਸੀ।

ਸਰਦਾਰ ਕਰਤਾਰ ਸਿੰਘ ਜੀ ਸਰਾਭਾ ਗਦਰ ਪਾਰਟੀ ਦੇ ਅੰਦੋਲਨ ਦੇ ਲੋਕ ਨਾਇਕ ਦੇ ਰੂਪ ਵਿਚ ਆਪਣੇ ਬਹੁਤ ਹੀ ਥੋੜ੍ਹੇ ਰਾਜਨੀਤਿਕ ਜੀਵਨ ਦੀਆਂ ਸਰਗਰਮੀਆਂ ਕਾਰਨ ਉਭਰੇ। ਉਹਨਾਂ ਨੇ ਦੋ-ਤਿੰਨ ਸਾਲ ਦੇ ਥੋੜ੍ਹੇ ਹੀ ਸਮੇਂ ਵਿਚ ਆਪਣੇ ਵਿਅਕਤਿਤਵ ਦੀ ਅਜਿਹੀ ਛਾਪ ਛੱਡੀ, ਜਿਸ ਦੀਆਂ ਕਿਰਨਾਂ ਨੇ ਦੇਸ਼ ਦੇ ਨੌਜਵਾਨਾਂ ਦੀ ਆਤਮਾ ਵਿਚ ਦੇਸ਼ ਪਿਆਰ ਦਾ ਜਜ਼ਬਾ ਜਗਮਗਾ ਦਿੱਤਾ। ਅਜਿਹੇ ਨੌਜਵਾਨ ਨੂੰ ਨਿਆਂਇਕ ਜੱਜ ਵੀ ਫਾਂਸੀ ਦੇਣ ਤੋਂ ਬਚਣਾ ਚਾਹੁੰਦੇ ਸਨ ਅਤੇ ਉਹਨਾਂ ਨੂੰ ਅਦਾਲਤ ਵਿਚ ਆਪਣੇ ਦਿੱਤੇ ਗਏ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਬਿਆਨਾਂ ਨੂੰ, ਹਲਕਾ ਕਰਨ ਲਈ ਸਲਾਹ ਵੀ ਦਿੱਤੀ ਗਈ ਤੇ ਸਮਾਂ ਵੀ ਦਿੱਤਾ ਪਰ ਦੇਸ਼ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣਨ ਵਾਲੇ ਇਸ ਬੀਰ ਨਾਇਕ ਨੇ ਆਪਣੇ ਬਿਆਨ ਹਲਕੇ ਕਰਨ ਦੀ ਬਜਾਏ ਹੋਰ ਸਖ਼ਤ ਕਰ ਦਿੱਤਾ ਅਤੇ ਫਾਂਸੀ ਦੀ ਸਜਾ ਪਾ ਕੇ ਖੁਸ਼ੀ 'ਚ ਆਪਣਾ ਭਾਰ ਵਧਾਉਂਦੇ ਹੋਏ, ਹੱਸਦੇ-ਹੱਸਦੇ ਫਾਂਸੀ ਦੇ ਰੱਸੇ ਨੂੰ ਚੁੰਮਿਆ ਤੇ ਗਲੇ ਵਿਚ ਪਾ ਕੇ ਝੂਲ ਗਿਆ। ਉਹ ਜੇਲ੍ਹ ਵਿਚ ਹਰ ਸਮੇਂ ਅਕਸਰ ਇਹੀ ਗੀਤ ਗਾਇਆ ਕਰਦੇ ਸਨ ਤੇ ਫਾਂਸੀ ਲੱਗਣ ਸਮੇਂ ਵੀ ਇਹੀ ਗੀਤ ਭਾਰਤ ਦੇ ਨੌਜਵਾਨਾਂ ਨੂੰ ਸੰਬੋਧਨ ਕਰਕੇ ਗਾਇਆ ਕਿ ਉਹ ਭਾਰਤ ਦੀ ਆਜ਼ਾਦੀ ਲਈ ਉਹਨਾਂ ਵੱਲੋਂ ਪਾਏ ਗਏ ਪੂਰਨਿਆਂ ਤੇ ਹਮੇਸ਼ਾ ਚਲਦੇ ਰਹਿਣ। ਗੀਤ ਦੀਆਂ ਸੱਤਰਾਂ ਇਸ ਤਰ੍ਹਾਂ ਹਨ:-

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ 'ਚ ਪੈਰ ਪਾਇਆ,
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਅੱਜ ਅਸੀਂ ਆਜ਼ਾਦ ਹਾਂ। ਭਾਰਤ ਨੂੰ ਅੰਗਰੇਜ਼ਾਂ ਤੋਂ 1947 ਵਿਚ ਆਜ਼ਾਦੀ ਮਿਲੀ ਸੀ। ਲੇਕਿਨ ਇਹ ਆਜ਼ਾਦੀ ਵੀ ਬੜੀਆਂ ਮੁਸ਼ਕਿਲਾਂ ਨਾਲ ਮਿਲੀ ਸੀ। ਇਸ ਆਜ਼ਾਦੀ ਦਾ ਅਸੀਂ ਬਹੁਤ ਵੱਡਾ ਮੁੱਲ ਵੀ ਚੁਕਾਇਆ ਹੈ। ਅੱਜ ਇਸ ਰਾਸ਼ਟਰੀ ਤੇ ਅੰਤਰ ਰਾਸ਼ਟਰੀ 'ਗਦਰ ਅੰਦੋਲਨ' ਨੂੰ ਕਈ ਇਤਿਹਾਸਕਾਰ ਤੇ ਜਥੇਬੰਦੀਆਂ ਭਾਰਤ ਦੀ ਆਜ਼ਾਦੀ ਲਈ ਲੜੀ ਗਈ, ਇਸ ਹਥਿਆਰਬੰਦ ਲੜਾਈ ਨੂੰ ਨਿਰੋਲ 'ਸਿੱਖ ਲਹਿਰ' ਦੀ ਰੰਗਤ ਦੇ ਕੇ ਦੇਖਣ ਤੇ ਕਹਿਣ ਲੱਗ ਪਏ ਹਨ, ਜਿਸ ਨੂੰ ਕਦੀ ਵੀ ਤੇ ਕਿਸੇ ਵੀ ਤਰ੍ਹਾਂ ਠੀਕ ਨਹੀਂ ਮੰਨਿਆ ਜਾ ਸਕਦਾ। ਹਾਂ ਇਹ ਗੱਲ ਜ਼ਰੂਰ ਦਰੁੱਸਤ ਹੈ ਕਿ ਇਸ 'ਗਦਰ ਅੰਦੋਲਨ' ਵਿਚ ਭਾਰਤ ਨੂੰ ਆਜ਼ਾਦ ਕਰਾਉਣ ਲਈ, ਪੰਜਾਬੀ ਸਿੱਖ ਨੌਜਵਾਨਾਂ ਦੀਆਂ ਕੁਰਬਾਨੀਆਂ ਦੇਣ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਇਸ 'ਗਦਰ ਅੰਦੋਲਨ' ਵਿਚ ਸਮੁੱਚੇ ਭਾਰਤ ਵਰਸ਼ ਤੇ ਵਿਦੇਸ਼ਾਂ 'ਚ ਰਹਿੰਦੇ ਸਭ ਵਰਗਾਂ ਦੇ ਹਜ਼ਾਰਾਂ ਲੋਕਾਂ ਨੇ ਹੱਸਦੇ-ਹੱਸਦੇ ਆਪਣੀ ਜਾਨ ਨਿਛਾਵਰ ਕੀਤੀ ਸੀ। ਦੇਸ਼ ਦੇ ਅਜਿਹੇ ਨੌਜਵਾਨਾਂ ਵਿਚੋਂ ਸ਼ਹੀਦ-ਏ-ਆਜ਼ਮ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦਾ ਨਾਂ ਸਿਰਮੌਰ ਹੈ। ਸਰਾਭਾ ਜੀ ਦਾ ਨਾਂ ਆਉਂਦਿਆਂ ਹੀ ਇਕ ਅਜਿਹੇ ਸੁਤੰਤਰਤਾ ਸੈਨਾਨੀ ਦਾ ਨਾਮ ਸਾਹਮਣੇ ਆਉਂਦਾ ਹੈ, ਜਿਸ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕ੍ਰਾਂਤੀ ਦਾ ਰਸਤਾ ਚੁਣਿਆ ਤੇ ਫਾਂਸੀ ਨੂੰ ਹੱਸਦੇ-ਹੱਸਦੇ ਸਵੀਕਾਰ ਕੀਤਾ। ਸਰਾਭਾ ਨੇ ਉਸ ਸਮੇਂ ਸਮੁੱਚੇ ਭਾਰਤ ਵਰਸ਼ ਤੇ ਵਿਦੇਸ਼ਾਂ ਵਿਚ ਵੱਸਦੇ ਭਾਰਤੀ ਨੌਜਵਾਨਾਂ ਦੇ ਦਿਲਾਂ ਵਿਚ ਜੋ ਕ੍ਰਾਂਤੀ ਦੀ ਮਿਸਾਲ ਜਗਾਈ ਸੀ, ਉਸ ਨੂੰ ਅਦੁੱਤੀ ਮੰਨਿਆ ਜਾਂਦਾ ਹੈ। ਸਰਾਭਾ ਜੀ ਨੇ ਦੇਸ਼ ਦੀ ਆਜ਼ਾਦੀ ਲਈ ਕ੍ਰਾਂਤੀ ਦਾ ਰਸਤਾ ਹੀ ਸਭ ਤੋਂ ਵਧੀਆ ਮੰਨਿਆ ਤੇ ਖੁਦ ਵੀ ਇਸੇ ਰਸਤੇ ਤੇ ਚਲਦੇ ਹੋਏ, ਸ਼ਹੀਦ ਹੋਏ ਤੇ ਆਪਣੇ ਆਪ ਨੂੰ ਸ਼ਹੀਦ-ਏ-ਆਜ਼ਮ ਅਖਵਾਇਆ ਪਰ ਇੱਥੇ ਇਹ ਵੀ ਕਹਿਣਾ ਜ਼ਰੂਰੀ ਹੈ ਕਿ ਇਹਨਾਂ ਗਦਰੀ ਯੋਧਿਆਂ ਨੇ ਜਿਸ ਤਰ੍ਹਾਂ ਦਾ ਆਪਣੇ ਦੇਸ਼ ਨੂੰ ਸਿਰਜਣ ਦਾ ਸੁਪਨਾ ਲਿਆ ਸੀ, ਉਹ ਪੂਰਾ ਨਹੀਂ ਹੋਇਆ। ਅੱਜ ਭਾਰਤ ਦੇਸ਼ ਵਿਚ 40 ਪ੍ਰਤੀਸ਼ਤ ਤੋਂ ਉਪਰ ਲੋਕ ਗਰੀਬੀ ਰੇਖਾ ਤੋਂ ਹੇਠਾਂ ਆਪਣਾ ਜੀਵਨ ਬਸਰ ਕਰ ਰਹੇ ਹਨ। ਭ੍ਰਿਸ਼ਟ ਰਾਜਨੀਤਕ ਲੋਕ ਤੇ ਆਪੇ ਬਣੇ ਰੱਬ, ਸਾਧ-ਫਕੀਰ ਧਰਮਾਂ ਦੇ ਨਾਮ ਤੇ ਦੋਹਾਂ ਹੱਥਾਂ ਨਾਲ ਦੇਸ਼ ਦੀ ਭੋਲੀ-ਭਾਲੀ ਜਨਤਾ ਨੂੰ ਮੂਰਖ ਬਣਾ ਕੇ, ਲੁੱਟ ਕੇ ਅਮੀਰ ਹੋ ਰਹੇ ਹਨ ਤੇ ਇਹੀ ਲੋਕਾਂ ਦੀ ਵਿਗਿਆਨਕ ਸੋਚ ਬਣਨ ਵਿਚ ਵੱਡਾ ਰੋੜਾ ਬਣੀ ਬੈਠੇ ਹਨ। ਅੱਜ ਅਜਿਹੇ ਲੋਕਾਂ ਦੇ ਵਿਰੁੱਧ ਲਾਮਬੰਦ ਹੋਣ ਦਾ ਸਮਾਂ ਹੈ ਤਾਂ ਜੋ ਗਦਰੀ ਬਾਬਿਆਂ ਦੇ ਆਪਦੇ ਦੇਸ਼ ਪ੍ਰਤੀ ਸੰਜੋਏ ਗਏ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ। ਅੱਜਕਲ੍ਹ ਦੇ ਨੌਜਵਾਨਾਂ ਨੂੰ ਇਸ ਤਰ੍ਹਾਂ ਦੇ ਦੀਵਾਨਿਆਂ ਦੀ ਪ੍ਰੇਰਨਾਦਾਇਕ ਕਹਾਣੀਆਂ ਜਾਨਣ ਤੇ ਸਮਝਾਉਣ ਦੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਜ਼ਰੂਰਤ ਹੈ।

ਮੈਂ 'ਇੰਡੋ-ਅਮੈਰਿਕਨ ਹੈਰੀਟੇਜ਼ ਫੋਰਮ' ਫਰਿਜ਼ਨੋ, ਕੈਲੇਫੋਰਨੀਆ, ਯੂ. ਐਸ. ਏ. ਦੇ ਪ੍ਰਬੰਧਕਾਂ ਤੇ ਅਹੁਦੇਦਾਰਾਂ ਦਾ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਭਾਰਤ ਦੇ ਇਸ 'ਫ਼ਖ਼-ਏ-ਕੌਮ' ਯੋਧੇ ਦੀ ਯਾਦ ਵਿਚ "ਸੋਵੀਨਰ" ਕੱਢ ਕੇ ਉਸ ਦੀਆਂ ਯਾਦਾਂ ਤੇ ਕੁਰਬਾਨੀਆਂ ਨੂੰ ਸੁਰੱਖਿਅਤ ਕੀਤਾ ਹੈ ਤੇ ਇਹਨਾਂ ਮਹਾਨ 'ਗਦਰੀ ਬਾਬਿਆਂ ਦਾ ਮੇਲਾ' ਉਹਨਾਂ ਦੀ ਯਾਦ ਵਿਚ ਹਰ ਸਾਲ ਲਗਾ ਕੇ ਤੇ ਇਸ ਸਾਲ ਦਾ ਇਹ ਪੰਦਰਵਾਂ ਮੇਲਾ ਸ਼ਹੀਦ-ਏ-ਆਜ਼ਮ ਸਰਦਾਰ ਕਰਤਾਰ ਸਿੰਘ ਜੀ ਸਰਾਭਾ' ਨੂੰ ਸਮਰਪਿਤ ਕਰਕੇ, ਇਕ ਵੱਡਾ ਉਪਰਾਲਾ ਕੀਤਾ ਹੈ। ਇਹਨਾਂ ਮੇਲਿਆਂ ਨਾਲ ਵਿਦੇਸ਼ਾਂ ਵਿਚ ਰਹਿੰਦੀ ਨੌਜਵਾਨ ਪੀੜ੍ਹੀ ਨੂੰ ਆਪਣੀ ਵਿਰਾਸਤ ਤੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਨਾ ਮਿਲਦੀ ਹੈ। ਇਹ 2015 ਦਾ ਸਾਲ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਜੀ ਦੀ ਸ਼ਹੀਦੀ ਦਾ ਸ਼ਤਾਬਦੀ ਸਾਲ ਹੈ ਤੇ ਇਸ ਦੇ ਨਾਲ ਹੀ 10 ਹੋਰ 'ਗਦਰ ਲਹਿਰ' ਨਾਲ ਸਬੰਧਿਤ ਮਹਾਨ ਕ੍ਰਾਂਤੀਕਾਰੀ ਸ਼ਹੀਦਾਂ ਦੀ ਸ਼ਹੀਦੀ ਦਾ ਵੀ 'ਸ਼ਤਾਬਦੀ ਸਾਲ' 2015 ਹੀ ਹੈ, ਜਿਹਨਾਂ ਦੇ ਨਾਮ ਇਸ ਤਰ੍ਹਾਂ ਹਨ:- (1) ਸ਼ਹੀਦ ਪੰਡਤ ਕਾਸ਼ੀ ਰਾਮ (ਪਿੰਡ ਮੰਡੌਲੀ ਕਲਾਂ-ਮੋਰਿੰਡਾ, ਪੰਜਾਬ), ਸ਼ਹੀਦੀ ਦਿਨ 27 ਮਾਰਚ, 1915 (ਸੈਂਟਰਲ ਜੇਲ੍ਹ ਲਾਹੌਰ), (2) ਸ਼ਹੀਦ ਮਾਸਟਰ ਅਮੀਰ ਚੰਦ (ਦਿੱਲੀ) ਸ਼ਹੀਦੀ ਦਿਨ 8 ਮਈ, 1915 (ਦਿੱਲੀ ਜੇਲ੍ਹ), (3) ਸ਼ਹੀਦ ਅਬਾਦ ਬਿਹਾਰੀ, ਸ਼ਹੀਦੀ ਦਿਨ 8 ਮਈ, 1915 (ਦਿੱਲੀ ਜੇਲ੍ਹ), (4) ਸ਼ਹੀਦ ਬਸੰਤ ਕੁਮਾਰ ਬਿਸ਼ਵਾਸ, ਸ਼ਹੀਦੀ ਦਿਨ- 10 ਮਈ, 1915 (ਅੰਬਾਲਾ ਜੇਲ੍ਹ), (5) ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ (ਜ਼ਿਲ੍ਹਾ ਪੂਨਾ, ਮਹਾਂਰਾਸ਼ਟਰ), (6) ਸ਼ਹੀਦ ਭਾਈ ਬਖਸ਼ੀਸ਼ ਸਿੰਘ (ਗਿੱਲਾਂ ਵਾਲੀ, ਅੰਮ੍ਰਿਤਸਰ), (7) ਸ਼ਹੀਦ ਭਾਈ ਸੁਰੈਣ ਸਿੰਘ ਪੁੱਤਰ ਸਰਦਾਰ ਬੂਰ ਸਿੰਘ (ਗਿੱਲਾਂ ਵਾਲੀ ਅੰਮ੍ਰਿਤਸਰ) (8) ਸ਼ਹੀਦ ਭਾਈ ਸੁਰੈਣ ਸਿੰਘ ਪੁੱਤਰ ਸਰਦਾਰ ਈਸ਼ਰ ਸਿੰਘ (ਗਿੱਲਾਂ ਵਾਲੀ, ਅੰਮ੍ਰਿਤਸਰ), (9) ਸ਼ਹੀਦ ਭਾਈ ਹਰਨਾਮ ਸਿੰਘ (ਸਿਆਲਕੋਟੀ) (10) ਸ਼ਹੀਦ ਭਾਈ ਜਗਤ ਸਿੰਘ ਸੁਰ ਸਿੰਘ, ਜ਼ਿਲ੍ਹਾ ਅੰਮ੍ਰਿਤਸਰ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਇਹਨਾਂ (ਗਦਰੀ ਲਹਿਰ' ਦੇ ਮਹਾਨ ਸ਼ਹੀਦਾਂ ਦਾ 'ਸ਼ਤਾਬਦੀ ਵਰ੍ਹਾ' ਸਰਕਾਰੀ ਤੌਰ ਤੇ ਬੜੀ ਧੂੰਮ-ਧਾਮ ਨਾਲ ਮਨਾਇਆ ਜਾਵੇ ਤਾਂ ਜੋ ਅੱਜ ਦੀ ਨੌਜਵਾਨ ਪੀੜ੍ਹੀ, ਇਹਨਾਂ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਦੇਸ਼ ਪਿਆਰ ਦੇ ਜਜ਼ਬੇ ਤੋਂ ਪ੍ਰੇਰਨਾ ਲੈ ਸਕਣ ਤੇ ਇਸ ਯਾਦਗਾਰੀ ਮੌਕੇ 'ਤੇ ਇਹਨਾਂ ਸ਼ਹੀਦਾਂ ਦੀ ਯਾਦ 'ਚ ਡਾਕ ਟਿਕਟ ਵੀ ਜਾਰੀ ਕੀਤੀ ਜਾਵੇ। ਇਹ ਉਹਨਾਂ ਲਈ ਇਕ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗੀ। ਮੈਂ ਆਪਣੇ ਵੱਲੋਂ ਤੇ ਸਮੁੱਚੇ ਭਾਰਤ ਵਾਸੀਆਂ ਵੱਲੋਂ ਜੋ ਦੇਸ਼ ਤੇ ਵਿਦੇਸ਼ਾਂ 'ਚ ਰਹਿ ਰਹੇ ਹਨ, ਭਾਰਤ ਦੇ ਇਹਨਾਂ ਮਹਾਨ ਸਪੂਤਾਂ ਨੂੰ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ।

ਵੀਹਵੀਂ ਸਦੀ ਦਾ ਆਰੰਭ ਅਤੇ ਅਮਰੀਕਾ ਵਿਚ ਗਦਰ ਪਾਰਟੀ ਦੀ ਸਥਾਪਨਾ:- 1857 ਦੇ ਪਹਿਲੇ ਸੁਤੰਤਰਤਾ ਸੰਗਰਾਮ ਦੀ ਅਸਫਲਤਾ ਦੇ ਬਾਅਦ ਬਰਤਾਨੀਆ ਸਰਕਾਰ ਨੇ ਭਾਰਤ 'ਤੇ ਰਾਜ ਨੂੰ ਸਿੱਧਾ ਆਪਦੇ ਹੱਥ ਵਿਚ ਲੈ ਲਿਆ ਤੇ ਇੱਥੋਂ ਕੱਚਾ ਮਾਲ ਜ਼ਿਆਦਾ ਮਾਤਰਾ ਵਿਚ ਬਰਤਾਨੀਆ ਲਿਜਾਣਾ ਸ਼ੁਰੂ ਕਰ ਦਿੱਤਾ ਤੇ ਭਾਰਤ ਵਿਚ ਵੀ ਬੜੀ ਥੋੜ੍ਹੀ ਮਾਤਰਾ 'ਚ ਇਸ ਦਾ ਨਿਵੇਸ਼ ਕਰਨਾ ਆਰੰਭ ਕਰ ਦਿੱਤਾ। ਬਰਤਾਨੀਆ 'ਚ ਉਸ ਸਮੇਂ ਲੋਕਤੰਤਰ ਪ੍ਰਣਾਲੀ ਚਾਲੂ ਸੀ ਤੇ ਉਹਨਾਂ ਨੇ ਭਾਰਤ 'ਚ ਮਿਊਂਸੀਪਲਟੀ ਆਦਿ ਸੰਸਥਾਵਾਂ ਦੀ ਸਥਾਪਨਾ ਕੀਤੀ। ਉਹਨਾਂ ਨੇ ਭਾਰਤ ਦਾ ਆਰਥਿਕ ਸ਼ੋਸ਼ਣ ਜ਼ਿਆਦਾ ਤੋਂ ਜ਼ਿਆਦਾ ਹੋਵੇ, ਇਸ ਨੀਤੀ ਨੂੰ ਪ੍ਰਮੁੱਖਤਾ ਦਿੱਤੀ। ਇੱਥੋਂ ਦੇ ਘਰੇਲੂ ਉਦਯੋਗ ਨੂੰ ਨਸ਼ਟ ਕਰਨਾ ਸ਼ੁਰੂ ਕਰ ਦਿੱਤਾ ਤੇ ਇਸ ਦੇ ਨਾਲ ਹੀ ਭਾਰਤ 'ਚ ਰੇਲ ਦਾ ਜਾਲ ਵਿਛਾਉਣਾ ਸ਼ੁਰੂ ਕਰ ਦਿੱਤਾ। ਬ੍ਰਿਟਿਸ਼ ਸਰਕਾਰ ਨੇ ਭਾਰਤ ਦੇ ਜਗੀਰਦਾਰਾਂ ਨੂੰ ਆਪਣਾ ਸਹਿਯੋਗੀ ਬਣਾ ਲਿਆ, ਕਿਰਤੀ ਤੇ ਕਿਸਾਨ ਵਰਗਾਂ ਦਾ ਸ਼ੋਸ਼ਣ ਕਰਨਾ ਆਰੰਭ ਦਿੱਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਉਨੀਵੀਂ ਸਦੀ ਦੇ ਅੰਤ ਤੱਕ ਪਹੁੰਚਦਿਆਂ ਦੇਸ਼ ਦੇ ਵੱਖ-ਵੱਖ ਭਾਗਾਂ 'ਚ ਛੋਟੇ-ਮੋਟੇ ਵਿਦਰੋਹ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਹੋਣੇ ਸ਼ੁਰੂ ਹੋ ਗਏ। ਮਹਾਂਰਾਸ਼ਟਰ ਤੇ ਬੰਗਾਲ ਤਾਂ ਇਕ ਤਰ੍ਹਾਂ ਦਾ ਕੇਂਦਰ ਬਣ ਹੀ ਗਏ ਸਨ। ਪੰਜਾਬ ਵਿਚ ਵੀ ਮਿਹਨਤਕਸ਼ ਲੋਕਾਂ ਤੇ ਕਿਸਾਨਾਂ ਦੀ ਆਰਥਿਕ ਦਸ਼ਾ ਖਰਾਬ ਹੋਣ ਲੱਗ ਪਈ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਦੇ ਕਿਸਾਨ ਵਰਗ ਦੇ ਲੋਕ ਕੈਨੇਡਾ ਤੇ ਅਮਰੀਕਾ ਵਰਗੇ ਦੇਸ਼ਾਂ 'ਚ ਮਜ਼ਦੂਰੀ ਕਰਨ ਲਈ ਬਾਹਰ ਜਾਣ ਲੱਗੇ। ਮੱਧ ਵਰਗ ਦੇ ਲੋਕ ਵੀ ਸਿੱਖਿਆ ਪ੍ਰਾਪਤ ਕਰਨ ਲਈ ਇੰਗਲੈਂਡ, ਅਮਰੀਕਾ ਤੇ ਯੂਰਪ ਦੇ ਹੋਰ ਦੇਸ਼ਾਂ 'ਚ ਜਾਣੇ ਆਰੰਭ ਹੋ ਗਏ।

ਅਮਰੀਕਾ ਅਤੇ ਕੈਨੇਡਾ 'ਚ ਕੰਮ ਦੀ ਤਲਾਸ਼ ਲਈ ਸਭ ਤੋਂ ਪਹਿਲਾਂ 1895 ਤੇ 1900 ਦੇ ਵਿਚਕਾਰ ਕੁਝ ਲੋਕ ਪਹੁੰਚੇ। 1897 'ਚ ਕੁਝ ਸਿੱਖ ਸੈਨਿਕ ਇੰਗਲੈਂਡ ਵਿਖੇ ਡਾਇਮੰਡ ਜੁਬਲੀ 'ਚ ਹਿੱਸਾ ਲੈਣ ਲਈ ਆਏ ਅਤੇ ਵਾਪਸ ਜਾਂਦੇ ਹੋਏ ਕੈਨੇਡਾ ਵੱਲ ਦੀ ਹੋ ਕੇ ਗਏ। ਉਹਨਾਂ ਵਿਚੋਂ ਕੁਝ ਉਥੇ ਹੀ ਰੁਕ ਗਏ, ਲੇਕਿਨ ਜ਼ਿਆਦਾਤਰ ਪੰਜਾਬੀ ਮਲਾਇਆ, ਫਿਲਪੀਨਜ਼, ਹਾਂਗਕਾਂਗ, ਸ਼ੰਘਾਈ, ਫਿਜ਼ੀ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਤੋਂ ਸਭ ਤੋਂ ਪਹਿਲਾਂ ਕੈਨੇਡਾ ਅਤੇ ਅਮਰੀਕਾ ਵਿਚ ਪਹੁੰਚੇ। 1905 ਵਿਚ ਕੈਨੇਡਾ ਪਹੁੰਚਣ ਵਾਲੇ ਭਾਰਤੀਆਂ ਦੀ ਸੰਖਿਆ ਸਿਰਫ 45 ਸੀ, ਜਿਹੜੀ ਕਿ 1908 ਤੱਕ ਵੱਧ ਕੇ 2023 ਤੱਕ ਪਹੁੰਚ ਗਈ। ਇਕ ਵਿਦਵਾਨ ਅਨੁਸਾਰ 1909 ਵਿਚ ਕੈਨੇਡਾ 'ਚ 6000 ਤੱਕ ਭਾਰਤੀ ਪਹੁੰਚ ਚੁੱਕੇ ਸਨ। ਇਹਨਾਂ ਵਿਚ ਜ਼ਿਆਦਾਤਰ ਗਿਣਤੀ ਕੋਈ 80 ਪ੍ਰਤੀਸ਼ਤ ਦੇ ਕਰੀਬ ਪੰਜਾਬੀ ਸਿੱਖ-ਕਿਸਾਨਾਂ ਦੀ ਸੀ। 1907 ਵਿਚ ਕੈਨੇਡਾ ਦਾਖਲ ਹੋਣ ਲਈ ਇੰਮੀਗ੍ਰੇਸ਼ਨ ਕਾਨੂੰਨ ਸਖ਼ਤ ਕਰ ਦਿੱਤਾ ਗਿਆ ਤੇ ਫਿਰ ਇਹਨਾਂ ਲੋਕਾਂ ਦਾ ਝੁਕਾਅ ਅਮਰੀਕਾ ਵੱਲ ਵੱਧ ਗਿਆ, ਇੱਥੇ 1913 ਵਿਚ ਭਾਰਤੀਆਂ ਦੀ ਗਿਣਤੀ ਇਕ ਅਨੁਮਾਨ ਅਨੁਸਾਰ ਪੰਜ ਹਜ਼ਾਰ ਦੇ ਕਰੀਬ ਸੀ, ਹਾਲਾਂਕਿ ਡਾ. ਰਾਮ ਮਨੋਹਰ ਲੋਹੀਆ ਆਪਣੀ ਪੁਸਤਕ

(ਬਾਕੀ ਅਗਲੇ ਸਫੇ ਤੇ)

# ਪਾਕਿਸਤਾਨ ਵਿਚ ਭਗਤ ਸਿੰਘ - ਸੁਖਦੇਵ - ਰਾਜਗੁਰੂ

## ਭਗਤ ਸਿੰਘ ਯੁਗਾਂ ਤੱਕ ਜਿਉਂਦਾ ਰਹੇਗਾ



**ਅਫ਼ਜ਼ਲ ਤੌਸੀਫ਼**

ਇਤਿਹਾਸ ਕਿਤੇ ਵੀ ਉਪਜ ਸਕਦਾ ਹੈ ਅਤੇ ਇਸਨੂੰ ਕਿਤੋਂ ਵੀ ਖੋਜਿਆ ਜਾ ਸਕਦਾ ਹੈ। ਇਤਿਹਾਸਕ ਤੱਥ ਲੰਬੇ ਸਮੇਂ ਲਈ ਛੁਪੇ ਨਹੀਂ ਰਹਿ ਸਕਦੇ। ਕਦੇ ਨਾ ਕਦੇ ਕਹਾਣੀਆਂ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਉਣਾ, ਇਤਿਹਾਸ ਦਾ ਆਪਣਾ ਗੁਣ ਹੈ। ਕਦੇ-ਕਦੇ ਕੌੜੇ ਸੱਚ ਕਹਾਣੀਆਂ ਦਾ ਰੂਪ ਲੈ ਲੈਂਦੇ ਹਨ, ਜਦੋਂ ਉਹ ਵਾਰ-ਵਾਰ ਦੁਹਰਾਈਆਂ ਜਾਂਦੀਆਂ ਹਨ ਜਾਂ ਦੁਬਾਰਾ ਲਿਖੀਆਂ ਜਾਂਦੀਆਂ ਹਨ। ਭਗਤ ਸਿੰਘ ਵੀਹਵੀਂ ਸਦੀ ਦਾ ਇਕ ਮਹਾਨ ਨਾਇਕ ਅਤੇ ਪੰਜਾਬ ਦੀਆਂ ਦੰਦ ਕਥਾਵਾਂ ਦਾ ਇਕ ਪਾਤਰ ਹੈ। ਇਸ ਮਹਾਨ ਆਜ਼ਾਦੀ ਘੁਲਾਟੀਏ ਬਾਰੇ ਬਹੁਤ ਸਾਰੀਆਂ ਕਹਾਣੀਆਂ ਚਰਚਿਤ ਹਨ ਅਤੇ ਭਗਤ ਸਿੰਘ ਉੱਤੇ ਘੱਟੋ-ਘੱਟ ਤਿੰਨ ਫਿਲਮਾਂ ਭਾਰਤ ਵਿਚ ਬਣੀਆਂ ਹਨ।

ਲਾਹੌਰ ਦਾ ਰਹਿਣ ਵਾਲਾ ਮਸੀਦ ਸ਼ੇਖ਼ ਕਹਾਣੀਆਂ ਦੀ ਪੇਸ਼ਕਾਰੀ ਆਪਣੇ ਢੰਗ ਨਾਲ ਕਰਦਾ ਹੈ। ਉਸ ਅਨੁਸਾਰ ਬਹੁਤੇ ਲੋਕ ਇਸ ਤੱਥ ਤੋਂ ਵਾਕਿਫ਼ ਨਹੀਂ ਹਨ ਕਿ ਸ਼ਾਹ ਜਮਾਲ ਅਤੇ ਸ਼ਾਦਮਨ ਦਾ ਇਲਾਕਾ ਕਦੇ ਲਹਿਣਾ ਸਿੰਘ ਦੀ ਛਾਉਣੀ ਵਜੋਂ ਜਾਣਿਆ ਜਾਂਦਾ ਸੀ। ਲਹਿਣਾ ਸਿੰਘ ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਤੋਂ ਪਹਿਲਾਂ ਲਾਹੌਰ ਉੱਤੇ ਰਾਜ ਕੀਤਾ ਸੀ, ਤਿੰਨ ਸ਼ਾਸ਼ਕਾਂ ਵਿਚੋਂ ਇੱਕ ਸੀ। ਉਸਦੀ ਛਾਉਣੀ ਵਿਚ ਇਕ ਵੱਡੀ ਹਵੇਲੀ ਸੀ। ਉਸ ਜਗ੍ਹਾ ਤੇ ਅੱਜਕੱਲ ਸ਼ਾਦਮਾਨ ਚੌਂਕ ਬਣਾਇਆ ਗਿਆ ਹੈ। ਸੂਫ਼ੀ ਸੰਤ ਬਾਬਾ ਸ਼ਾਹ ਜਮਾਲ ਦੇ ਮਕਬਰੇ ਦੇ ਬਹੁਤ ਨੇੜੇ ਇਹ ਗੋਲਾਕਾਰ ਚੌਂਕ ਬਣਾਇਆ ਹੋਇਆ ਹੈ।

ਕਹਾਣੀ ਇਹ ਹੈ ਕਿ ਕਸੂਰ ਦੇ ਖਾਨ, ਜਿਹੜੇ ਲਾਹੌਰ ਦੇ ਤਖ਼ਤ ਨੂੰ ਉਲਟਾਉਣ ਵਿਚ ਗੋਰਿਆਂ ਦੇ ਸਾਂਝੀਦਾਰ ਸੀ, ਮਹਾਰਾਜ ਦਾ ਕਤਲ ਕਰਨ ਲਈ ਉਸ ਨੇ ਸਿੱਖਾਂ ਦੇ ਸਰਦਾਰ ਕੋਲ ਇੱਕ ਦੂਤ ਭੇਜਿਆ। ਪਰ ਗੱਲਬਾਤ ਦੌਰਾਨ ਮਸਲਾ ਉਲਟਾ-ਪੁਲਟਾ ਹੋ ਗਿਆ ਅਤੇ ਦੂਤ ਮੌਕੇ 'ਤੇ ਹੀ ਮਾਰਿਆ ਗਿਆ। ਇਹ ਧੋਖਾ ਕਸੂਰ ਦੇ ਪਠਾਣ ਸ਼ਾਸਕਾਂ ਦੀ ਧੋਖਾਧੜੀ ਨਾਲ ਮਿਲਦਾ ਜੁਲਦਾ ਹੈ।

ਥੋੜ੍ਹੇ ਸਮੇਂ ਬਾਅਦ ਜਦ ਅੰਗਰੇਜ਼ਾਂ ਨੇ ਲਾਹੌਰ ਤੇ ਕਬਜ਼ਾ ਕੀਤਾ। ਉਨ੍ਹਾਂ ਨੇ ਲਹਿਣਾ ਸਿੰਘ ਦੀ ਛਾਉਣੀ ਨੂੰ ਢਾਹ ਕੇ ਪੰਜਾਬ ਦੀ ਇਕ ਵੱਡੀ ਜੇਲ੍ਹ ਦਾ ਰੂਪ ਦੇ ਦਿੱਤਾ। ਜਿੱਥੇ ਲੰਬੀ ਕੈਦ ਅਤੇ ਕਤਲ ਦੇ ਮੁਜ਼ਰਿਮਾਂ ਨੂੰ ਰੱਖਿਆ ਜਾਂਦਾ ਸੀ। ਜਿੱਥੇ ਲਹਿਣਾ ਸਿੰਘ ਦਾ ਘਰ ਬਣਾਇਆ ਗਿਆ ਸੀ, ਉਹ ਮਕਤਲ ਵਿਚ ਤਬਦੀਲ ਕਰ ਦਿੱਤਾ ਗਿਆ। ਜਿੱਥੇ ਅਜ਼ਾਦੀ ਘੁਲਾਟੀਏ ਅਤੇ ਸਿਆਸੀ ਕੈਦੀ ਰੱਖੇ ਗਏ ਅਤੇ ਬਾਅਦ ਵਿਚ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ।

1928 ਵਿਚ ਬ੍ਰਿਟਿਸ਼ ਸਰਕਾਰ ਨੇ ਸਰ ਜੌਹਨ ਸਾਈਮਨ ਦੀ ਅਗਵਾਈ ਵਿਚ ਇਕ ਕਮਿਸ਼ਨ ਬਿਠਾਇਆ ਜਿਸ ਨੇ ਭਾਰਤ ਵਿਚ ਸਿਆਸੀ ਹਾਲਾਤ ਤੇ ਤਾਜ਼ਾ ਰਿਪੋਰਟ ਤਿਆਰ ਕਰਨੀ ਸੀ। ਭਾਰਤੀ ਸਿਆਸੀ ਪਾਰਟੀਆਂ ਨੇ ਇਸ ਕਮਿਸ਼ਨ ਦਾ ਬਾਈਕਾਟ ਕੀਤਾ। ਕਿਉਂਕਿ ਇਸ ਕਮਿਸ਼ਨ ਵਿਚ ਕਿਸੇ ਭਾਰਤੀ ਨੂੰ ਮੈਂਬਰ ਨਹੀਂ ਲਿਆ ਗਿਆ ਸੀ, ਇਸ ਕਰਕੇ ਦੇਸ਼ ਭਰ ਵਿਚ ਇਸ ਦਾ ਵਿਰੋਧ ਹੋਇਆ। 30 ਅਕਤੂਬਰ, 1928 ਨੂੰ ਜਦ ਇਹ ਕਮਿਸ਼ਨ ਲਾਹੌਰ ਪੁੱਜਾ ਤਾਂ ਲਾਲਾ ਲਾਜਪਤ ਰਾਏ ਦੀ ਅਗਵਾਈ ਹੇਠ ਲੋਕਾਂ ਨੇ ਪੁਰਅਮਨ ਅਤੇ ਅਹਿੰਸਕ ਤਰੀਕੇ ਨਾਲ ਇਸ ਦੀ ਵਿਰੋਧਤਾ ਕਰਕੇ ਮਾਰਚ ਕੀਤਾ। ਪਰ ਪੁਲਿਸ ਨੇ ਇਸ ਨੂੰ ਹਿੰਸਕ ਬਣਾ ਦਿੱਤਾ। ਪੁਲਿਸ ਦੇ ਮੁਖੀ ਸਕੋਟ ਨੇ ਲਾਲਾ ਲਾਜਪਤ ਰਾਏ ਅਤੇ ਲੋਕਾਂ 'ਤੇ ਬੁਰੀ ਤਰ੍ਹਾਂ ਲਾਠੀਚਾਰਜ ਕਰਵਾਇਆ। ਜਿਸ ਨਾਲ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ।

ਭਗਤ ਸਿੰਘ ਜਿਹੜੇ ਕਿ ਇਸ ਘਟਨਾ ਦੇ ਚਸ਼ਮਦੀਦ ਗਵਾਹ ਸਨ ਅਤੇ ਮਾਰਚ ਵਿਚ ਸ਼ਾਮਿਲ ਸਨ ਨੇ ਇਸ ਘਟਨਾ ਦਾ ਬਦਲਾ ਲੈਣ ਦੀ ਕਸਮ ਖਾਧੀ। ਉਸਨੇ ਦੂਜੇ ਕ੍ਰਾਂਤੀਕਾਰੀਆਂ ਸ਼ਿਵਾ ਰਾਮ ਰਾਜਗੁਰੂ, ਜੈ ਗੋਪਾਲ ਅਤੇ ਸੁਖਦੇਵ ਥਾਪਰ ਨੂੰ ਨਾਲ ਲਿਆ ਅਤੇ ਪੁਲਿਸ ਮੁਖੀ ਨੂੰ ਮਾਰਨ ਦੀ ਯੋਜਨਾ ਬਣਾਈ। ਜੈ ਗੋਪਾਲ ਨੇ ਸਕੋਟ ਵੱਲ ਇਸ਼ਾਰਾ ਕਰਨਾ ਸੀ ਅਤੇ ਭਗਤ ਸਿੰਘ ਨੇ ਉਸਨੂੰ ਗੋਲੀ ਮਾਰਨੀ ਸੀ। ਪਰ ਜੈ ਗੋਪਾਲ ਨੇ ਗਲਤੀ ਨਾਲ ਜੇ. ਪੀ. ਸਾਂਡਰਸ ਵੱਲ ਇਸ਼ਾਰਾ ਕੀਤਾ ਜਿਹੜਾ ਕਿ ਪੁਲਿਸ ਦਾ ਡਿਪਟੀ ਸੁਪਰਡਿੰਟ ਸੀ। ਇਸ ਤਰ੍ਹਾਂ ਸਕੋਟ ਦੀ ਜਗ੍ਹਾਂ ਸਾਂਡਰਸ ਮਾਰਿਆ ਗਿਆ। ਉਹ ਉਸ ਵੇਲੇ ਪੁਲਿਸ ਤੋਂ ਬਚਣ ਲਈ ਲਾਹੌਰ ਛੱਡ ਗਏ। ਪੁਲਿਸ ਨੂੰ ਚਕਮਾ ਦੇਣ ਲਈ ਉਹਨਾਂ ਨੇ ਆਪਣੀ ਦਾੜ੍ਹੀ ਅਤੇ ਵਾਲ ਕਟਵਾ ਲਏ।



ਕ੍ਰਾਂਤੀਕਾਰੀਆਂ ਦੇ ਇਸ ਦਲੇਰਾਨਾ ਐਕਸ਼ਨ ਤੋਂ ਬਾਅਦ ਬ੍ਰਿਟਿਸ਼ ਸਰਕਾਰ ਨੇ ਡਿਫੈਂਸ ਇੰਡੀਆ ਐਕਟ ਦੇ ਅਧੀਨ ਪੁਲਿਸ ਨੂੰ ਵਾਧੂ ਪਾਵਰਾਂ ਦੇ ਦਿੱਤੀਆਂ। ਇਹ ਕਾਨੂੰਨ ਕਾਂਉਸਿਲ ਵਿਚ ਇਕ ਵੋਟ ਤੋਂ ਹਾਰ ਗਿਆ। ਫਿਰ ਕਿਵੇਂ ਨਾ ਕਿਵੇਂ ਇਸ ਨੂੰ ਲਾਗੂ ਕਰਨ ਲਈ ਆਰਡੀਨੈਂਸ ਜਾਰੀ ਕੀਤਾ ਗਿਆ ਅਤੇ ਇਹ ਦਾਅਵਾ ਕੀਤਾ ਗਿਆ ਕਿ ਇਹ ਆਰਡੀਨੈਂਸ ਲੋਕਾਂ ਦੇ ਵੱਡੇ ਹਿੱਤ ਵਿਚ ਹੈ। ਇਸ ਐਕਟ ਦੇ ਵਿਰੋਧ ਵਿਚ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਨੇ ਅਸੈਂਬਲੀ ਵਿਚ ਬੰਬ ਸੁੱਟਣ ਦਾ ਫੈਸਲਾ ਕੀਤਾ। ਜਿੱਥੇ ਇਹ ਕਾਨੂੰਨ ਪਾਸ ਕੀਤਾ ਜਾਣਾ ਸੀ। ਇਹ ਫੈਸਲਾ ਕੀਤਾ ਕਿ ਭਗਤ ਸਿੰਘ ਅਤੇ ਇਕ ਹੋਰ ਕ੍ਰਾਂਤੀਕਾਰੀ ਬੁਟਕੇਸ਼ਵਰ ਦੱਤ ਅਸੈਂਬਲੀ ਵਿਚ ਬੰਬ ਸੁੱਟਣਗੇ।

8 ਅਪ੍ਰੈਲ 1929 ਨੂੰ ਭਗਤ ਸਿੰਘ ਅਤੇ ਬੀ. ਕੇ. ਦੱਤ ਨੇ ਅਸੈਂਬਲੀ ਦੀ ਗੈਲਰੀ ਵਿਚੋਂ ਬੰਬ ਸੁੱਟਿਆ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਏ ਅਤੇ ਨਾਲ ਹੀ ਇਸ਼ਤਿਹਾਰ ਸੁੱਟੇ ਗਏ ਅਤੇ ਕਿਹਾ ਗਿਆ ਕਿ ਬੋਲੀ ਬ੍ਰਿਟਿਸ਼ ਸਰਕਾਰ ਦੇ ਕੰਨਾਂ ਤੱਕ ਅਸੀਂ ਆਵਾਜ਼ ਪਹੁੰਚਾਉਣੀ ਚਾਹੁੰਦੇ ਹਾਂ। ਇਸ ਬੰਬ ਨਾਲ ਨਾ ਕੋਈ ਜ਼ਖਮੀ ਹੋਈ ਅਤੇ ਨਾ ਹੀ ਕਿਸੇ ਦੀ ਮੌਤ ਹੋਈ। ਵਿਦੇਸ਼ੀ ਅਸਲਾ ਮਾਹਿਰਾਂ ਨੇ ਵੀ ਭਗਤ ਸਿੰਘ ਅਤੇ ਦੱਤ ਦੇ ਦਾਅਵੇ ਨੂੰ ਸਹੀ ਠਹਿਰਾਇਆ ਕਿ ਇਹ ਬੰਬ ਕੋਈ ਸ਼ਕਤੀਸ਼ਾਲੀ ਬੰਬ ਨਹੀਂ ਸੀ, ਜਿਸ ਨਾਲ ਕੋਈ ਜ਼ਖ਼ਮੀ ਹੁੰਦਾ। ਅਸਲ ਵਿਚ ਇਹ ਬੰਬ ਲੋਕਾਂ ਦੀ ਆਵਾਜ਼ ਸੀ ਅਤੇ ਬ੍ਰਿਟਿਸ਼ ਸਰਕਾਰ ਲਈ ਸਮੂਹਿਕ ਵੰਗਾਰ ਸੀ। ਭਗਤ ਸਿੰਘ ਅਤੇ ਬੁਟਕੇਸ਼ਵਰ ਦੱਤ ਨੇ ਆਪਣੀ ਗ੍ਰਿਫਤਾਰੀ ਦਿੱਤੀ ਅਤੇ ਦੋਨਾਂ ਨੂੰ 12 ਜੂਨ, 1929 ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ।

ਛੇਤੀ ਹੀ ਇਸ ਗ੍ਰਿਫਤਾਰੀ ਤੋਂ ਬਾਅਦ ਅਤੇ ਅਸੈਂਬਲੀ ਬੰਬ ਕੇਸ ਦੌਰਾਨ ਪਤਾ ਲੱਗਾ ਕਿ ਜੇ. ਪੀ. ਸਾਂਡਰਸ ਦੀ ਮੌਤ ਦੇ ਜ਼ਿੰਮੇਵਾਰ ਵੀ ਇਹ ਹੀ ਹਨ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸਿਰ ਇਹ ਕਤਲ ਦਾ ਕੇਸ ਪਾ ਦਿੱਤਾ ਗਿਆ। ਭਗਤ ਸਿੰਘ ਹੋਰੀਂ ਫੈਸਲਾ ਕੀਤਾ ਸੀ ਕਿ ਅਦਾਲਤ ਨੂੰ ਭਾਰਤ ਦੀ ਆਜ਼ਾਦੀ ਲਈ ਪ੍ਰਾਪੇਗੰਡਾ ਦੇ ਤੌਰ ਦੇ ਇਸਤੇਮਾਲ ਕੀਤਾ ਜਾਵੇ।

ਉਸਨੇ ਇਸ ਕਤਲ ਨੂੰ ਆਪਣੇ ਜ਼ਿੰਮੇ ਲੈ ਲਿਆ ਅਤੇ ਚੱਲਦੇ ਕੇਸ ਦੌਰਾਨ ਅੰਗਰੇਜ਼ ਸਰਕਾਰ ਦੇ ਵਿਰੁੱਧ ਆਪਣਾ ਹਲਫ਼ਨਾਮਾ ਪੇਸ਼ ਕੀਤਾ। ਇਸ ਕੇਸ ਦੀ ਸੁਣਵਾਈ ਸਮੇਂ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਦੇ ਮੈਂਬਰਾਂ ਤੋਂ ਸਿਵਾਏ ਹੋਰ ਕੋਈ ਨਹੀਂ ਸੀ। ਇਸ ਨਾਲ ਭਗਤ ਸਿੰਘ ਦੇ ਸਾਥੀਆਂ ਵਿਚ ਵਿਦਰੋਹ ਦੀ ਲਹਿਰ ਦੌੜ ਪਈ।

ਉਕਤ ਜੇਲ੍ਹ ਵਿਚ ਭਗਤ ਸਿੰਘ ਅਤੇ ਦੂਸਰੇ ਕੈਦੀਆਂ ਨੇ ਕੈਦੀਆਂ ਦੀਆਂ ਮੰਗਾਂ ਦੇ ਸਬੰਧ ਵਿਚ ਭੁੱਖ ਹੜਤਾਲ ਕੀਤੀ। ਉਸਦਾ ਵੱਡਾ ਕਾਰਨ ਇਹ ਸੀ ਕਿ ਕਾਤਲਾਂ ਅਤੇ ਚੋਰਾਂ ਨਾਲ ਭਾਰਤੀ ਰਾਜਸੀ ਕੈਦੀਆਂ ਨਾਲੋਂ ਚੰਗਾ ਵਤੀਰਾ ਕੀਤਾ ਜਾਂਦਾ ਸੀ। ਜਦਕਿ ਰਾਜਸੀ ਕੈਦੀਆਂ ਨੂੰ ਕਾਨੂੰਨ ਮੁਤਾਬਕ ਜ਼ਿਆਦਾ ਹੱਕ ਪ੍ਰਾਪਤ ਸਨ। ਇਸ ਹੜਤਾਲ ਦਾ ਮੁੱਖ ਮੰਤਵ ਰਾਜਸੀ ਕੈਦੀਆਂ ਦੇ ਚੰਗੇ ਭੋਜਨ ਦਾ ਪ੍ਰਬੰਧ, ਕਿਤਾਬਾਂ ਅਤੇ ਰੋਜ਼ਾਨਾ ਅਖ਼ਬਾਰਾਂ ਦਾ ਪ੍ਰਬੰਧ, ਕੱਪੜਿਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕਰਨਾ ਸੀ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਰਾਜਸੀ ਕੈਦੀਆਂ ਕੋਲੋਂ ਕੋਈ ਜਿਸਮਾਨੀ ਅਤੇ ਬੇਹੂਦਾ ਕੰਮ ਨਾ ਕਰਵਾਇਆ ਜਾਵੇ।

ਇਹ ਭੁੱਖ ਹੜਤਾਲ 63 ਦਿਨ ਤੱਕ ਚੱਲੀ ਅਤੇ ਬਹੁਤ ਸਾਰੀਆਂ ਮੰਗਾਂ ਬ੍ਰਿਟਿਸ਼ ਸਰਕਾਰ ਨੂੰ ਮੰਨਣੀਆਂ ਪਈਆਂ। ਭਾਰਤ ਦੇ ਸਾਰੇ ਲੋਕਾਂ ਵਿਚ ਭਗਤ ਸਿੰਘ ਅਤੇ ਸਾਥੀ ਹਰਮਨ ਪਿਆਰੇ ਹੋ ਗਏ। ਇਸ ਹੜਤਾਲ ਤੋਂ ਪਹਿਲਾਂ ਭਗਤ ਸਿੰਘ ਦੀ ਪਹਿਚਾਣ ਸਿਰਫ਼ ਪੰਜਾਬ ਖਿੱਤੇ ਤੱਕ ਹੀ ਸੀਮਿਤ ਸੀ।

ਭਗਤ ਸਿੰਘ ਨੂੰ 7 ਅਕਤੂਬਰ, 1930 ਨੂੰ ਫਾਂਸੀ ਦੇ ਦਿੱਤੀ ਜਾਣੀ ਸੀ। ਅੰਗਰੇਜ਼ ਇਸ ਕਾਰਵਾਈ ਤੋਂ ਇੰਨਾ ਡਰਦੇ ਸਨ ਕਿ ਸਾਰੇ ਭਾਰਤ ਵਿਚ ਭਗਤ ਸਿੰਘ ਦੀ ਮੌਤ ਦੇ ਵਾਰੰਟ ਉੱਤੇ ਦਸਤਖ਼ਤ ਕਰਨ ਲਈ ਕੋਈ ਵੀ ਮੈਜਿਸਟ੍ਰੇਟ ਸਾਹਮਣੇ ਨਹੀਂ ਆਇਆ।

ਅੰਤ ਗੋਰੇ ਕਸੂਰ ਪਹੁੰਚ ਗਏ, ਜਿੱਥੇ ਵਫ਼ਾਦਾਰ ਮੈਜਿਸਟ੍ਰੇਟ ਨੂੰ ਲੱਭਿਆ ਗਿਆ। ਇਹ ਸਨ ਨਵਾਬ ਮੁਹੰਮਦ ਅਹਿਮਦ ਖਾਨ। ਉਹ ਇਨ੍ਹਾਂ ਦੀ ਮੌਤ ਦੇ ਵਾਰੰਟ ਤੇ ਦਸਤਖ਼ਤ ਕਰਨ ਲਈ ਤਿਆਰ ਹੋ ਗਿਆ ਅਤੇ ਉਸਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫਾਂਸੀ ਦੇ ਸਮੇਂ ਹਾਜ਼ਰ ਹੋਣ ਲਈ ਹਾਂ ਕੀਤੀ। ਨਿਡਰ ਅਤੇ ਬਹਾਦਰ ਯੋਧਿਆਂ ਨੇ ਭਾਰਤ ਦੀ ਆਜ਼ਾਦੀ ਅਤੇ ਸਮਾਜਵਾਦ ਜ਼ਿੰਦਾਬਾਦ ਦੇ ਨਾਹਰੇ ਲਗਾਏ। ਬ੍ਰਿਟਿਸ਼ ਸਰਕਾਰ ਜੋ ਦੁਨੀਆਂ ਦੀ ਇਕ ਵੱਡੀ ਤਾਕਤ ਮੰਨੀ ਜਾਂਦੀ ਸੀ। ਉਹ ਉਸ ਵਿਰੁੱਧ ਅਤੇ ਦੇਸ਼ ਦੀ ਆਜ਼ਾਦੀ ਅਤੇ ਲੋਕਾਂ ਦੀ ਮੁਕਤੀ ਲਈ ਲੜੇ।

23 ਮਾਰਚ, 1931 ਨੂੰ ਭਗਤ ਸਿੰਘ ਅਤੇ ਉਸ ਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨੂੰ ਉਸ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ ਜਿਹੜੀ ਲਹਿਣਾ ਸਿੰਘ ਦੀ ਵੱਡੀ ਹਵੇਲੀ ਵਿਚ ਬਣਾਈ ਗਈ ਸੀ।

ਕੁਝ ਹੋਰ ਕਹਿਣ ਤੋਂ ਪਹਿਲਾਂ ਮੈਂ ਕੁਝ ਹੋਰ ਦੱਸਣਾ ਚਾਹੁੰਦੀ ਹਾਂ ਕਿ 44 ਸਾਲ ਬਾਅਦ ਆਜ਼ਾਦੀ ਘੁਲਾਟੀਏ ਮੁਹੰਮਦ ਅਹਿਮਦ ਦਾ ਕਤਲ ਹਕੂਮਤ ਵਲੋਂ ਉਸ ਜਗ੍ਹਾ ਤੇ ਕੀਤਾ ਗਿਆ ਜਿੱਥੇ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਦਿੱਤੀ ਗਈ ਸੀ। ਉਸਦੇ ਪੁੱਤਰ ਅਹਿਮਦ ਰਜਾ ਕਸੂਰੀ ਨੇ ਉਸ ਵੇਲੇ ਦੇ ਪ੍ਰਧਾਨ-ਮੰਤਰੀ ਜੁਲਫਕਾਰ ਅਲੀ ਭੁੱਟੋ ਦੇ ਵਿਰੁੱਧ ਕੇਸ ਕੀਤਾ ਸੀ। ਕੁਝ ਸਾਲਾਂ ਬਾਅਦ ਜਨਰਲ ਜੀਆ ਨੇ ਜਦ ਪਾਕਿਸਤਾਨ ਦੀ ਪੀਪਲਜ਼ ਪਾਰਟੀ ਦੇ ਲੋਕਰਾਜ ਦਾ ਤਖਤਾ ਪਲਟਾ ਦਿੱਤਾ ਅਤੇ ਮਾਰਸ਼ਲ-ਲਾ ਲਾ ਦਿੱਤਾ ਗਿਆ। ਉਹੀ 69ਵ ਦਾ ਇਸਤੇਮਾਲ ਪਾਕਿਸਤਾਨ ਦੇ ਪ੍ਰਧਾਨਮੰਤਰੀ ਵਿਰੁੱਧ ਕੀਤਾ ਗਿਆ।

ਜੁਲਫਕਾਰ ਅਲੀ ਭੁੱਟੋ ਜੋ ਕਿ ਪਾਕਿਸਤਾਨ ਦੀ ਪੀਪਲਜ ਪਾਰਟੀ ਦਾ ਜਨਮਦਾਤਾ ਸੀ ਅਤੇ ਪਾਕਿਸਤਾਨ ਦਾ ਪ੍ਰਧਾਨਮਤੰਰੀ ਸੀ, ਨੂੰ 4 ਅਪ੍ਰੈਲ 1979 ਨੂੰ ਫਾਂਸੀ ਚਾੜ੍ਹ ਦਿੱਤਾ ਗਿਆ। ਭਾਵੇਂ ਇਹ ਸਾਰੇ ਜਾਣਦੇ ਸਨ ਕਿ ਇਹ ਫਾਂਸੀ ਜਨਰਲ ਜਿਆ-ਉਲ ਹੱਕ ਦੇ ਕਹਿਣ ਤੇ ਹੋਈ ਸੀ ਜੋ ਕਿ ਉਸ ਵੇਲੇ ਮਿਲਟਰੀ ਡਿਕਟੇਟਰ ਸੀ।

ਇਸ ਦੁਖਾਂਤ ਦੀਆਂ ਤਾਰਾਂ ਵੀ ਉਸੇ ਜਗ੍ਹਾਂ, ਸ਼ਾਹ ਜਮਾਲ, ਮੁਹੰਮਦ ਅਹਿਮਦ ਕਸੂਰੀ ਅਤੇ ਉਸਦੇ ਪੁੱਤਰ ਅਹਿਮਦ ਰੇਜਾ ਕਸੂਰੀ ਨਾਲ ਜੁੜਦੀਆਂ ਹਨ। ਅੱਜਕੱਲ੍ਹ ਇਸ ਜਗ੍ਹਾ ਤੇ ਸ਼ਾਦਮਾਨ ਚੌਂਕ ਬਣਾਇਆ ਗਿਆ ਹੈ। ਇਸ ਚੌਂਕ ਦੇ ਨਾਲ ਹੀ ਸਰਕਾਰੀ ਕਾਲੋਨੀ ਬਣੀ ਹੋਈ ਹੈ।

ਇਹ ਚੌਂਕ ਅਤੇ ਕਾਲੋਨੀ ਦੀ ਜਗ੍ਹਾ ਸਾਡੇ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਹੋਈ ਹੈ। ਸ਼ਹੀਦ ਭਗਤ ਸਿੰਘ ਅਤੇ ਸੁਖਦੇਵ ਦੀ ਜਨਮ ਸ਼ਤਾਬਦੀ ਤੇ ਇਨ੍ਹਾਂ ਯੋਧਿਆਂ ਨੂੰ ਇਸ ਧਰਤੀ ਤੋਂ ਦੁਨੀਆਂ ਭਰ ਦੇ ਮਿਹਨਤਕਸ਼ ਲੋਕਾਂ ਨੂੰ ਸਲਾਮ ਭੇਜਦੀ ਹਾਂ ਜੋ ਉਨ੍ਹਾਂ ਦਾ ਸੁਪਨਾ ਪੂਰਾ ਕਰਨ ਲਈ ਸੰਘਰਸ਼ ਦੇ ਮੈਦਾਨ ਵਿਚ ਹਨ।

ਅੱਜਕੱਲ੍ਹ ਮੈਂ ਇਸ ਕਾਲੋਨੀ ਦੀ ਵਸਨੀਕ ਹਾਂ। ਮੈਨੂੰ ਲੱਗਦਾ ਹੈ ਕਿ ਇਹ ਮੇਰੇ ਵੀਰ ਮੇਰੇ ਸਾਥ ਹੀ ਜੀਅ ਰਹੇ ਹਨ। ਕਹਿ ਰਹੇ ਹਨ - ਲੜਨ ਵਾਲਿਆਂ ਦੀ ਲੜਾਈ ਅਜੇ ਮੁੱਕੀ ਨਹੀਂ। (ਧੰਨਵਾਦ ਸਹਿਤ 'ਚਿਰਾਗ 'ਚੋਂ)

**ਅਨੁਵਾਦਕ - ਅਜਮੇਰ ਸਿੱਧੂ**
**ਜੰਡੇ ਹੇਅਰ ਡਰੈਸਰਜ਼, ਚੰਡੀਗੜ੍ਹ ਰੋਡ, ਨਵਾਂਸ਼ਹਿਰ**
**ਫੋਨ: 94630-63990**

---

# 'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ'

'Indian in Foreign Lands' ਵਿਚ ਇਸ ਦੀ ਸੰਖਿਆ 15000 ਦੱਸਦੇ ਹਨ। ਇਹਨਾਂ ਭਾਰਤੀਆਂ ਵਿਚ 90 ਪ੍ਰਤੀਸ਼ਤ ਪੰਜਾਬੀ ਸਿੱਖ ਕਿਸਾਨ ਵਰਗ ਦੇ ਤੇ ਕੁਝ ਮੱਧ ਵਰਗ ਦੇ ਵਿਦਿਆਰਥੀ ਸ਼ਾਮਲ ਸਨ।

ਕੈਨੇਡਾ ਅਤੇ ਅਮਰੀਕਾ ਪਹੁੰਚੇ ਪੜ੍ਹੇ-ਲਿਖੇ ਭਾਰਤੀ ਲੋਕਾਂ ਨੇ ਛੇਤੀ ਹੀ ਇੱਥੋਂ ਭਾਰਤ ਦੀ ਆਜ਼ਾਦੀ ਦੀ ਆਵਾਜ਼ ਉਠਾਉਣ ਵਾਲੀਆਂ ਅਖ਼ਬਾਰਾਂ ਦੀ ਸੰਪਾਦਨਾ ਸ਼ੁਰੂ ਕੀਤੀ। ਤਾਰਕਨਾਥ ਦਾਸ ਨੇ 'Free Hindusatn' ਪਹਿਲਾਂ ਕੈਨੇਡਾ ਤੋਂ ਅਖ਼ਬਾਰ ਸੰਪਾਦਿਤ ਕੀਤਾ ਤੇ ਬਾਅਦ ਵਿਚ ਅਮਰੀਕਾ ਤੋਂ। ਗੁਰੂਦੱਤ ਕੁਮਾਰ ਨੇ ਕੈਨੇਡਾ ਤੋਂ 'ਯੂਨਾਈਟਿਡ ਇੰਡੀਆ ਲੀਗ' ਬਣਾਈ ਤੇ 'ਸਵਦੇਸ਼ ਸੇਵਕ' ਅਖ਼ਬਾਰ ਵੀ ਸੰਪ-ਾਦਿਤ ਕਰਨੀ ਸ਼ੁਰੂ ਕੀਤੀ।

ਕੈਨੇਡਾ ਅਤੇ ਅਮਰੀਕਾ ਤੋਂ ਇਲਾਵਾ ਇੰਗਲੈਂਡ, ਫਰਾਂਸ, ਜਰਮਨੀ, ਜਾਪਾਨ ਤੇ ਹੋਰ ਕਈ ਦੇਸ਼ਾਂ 'ਚ ਪਹੁੰਚੇ ਭਾਰਤੀਆਂ ਨੇ ਆਜ਼ਾਦੀ ਦੀ ਚੇਤਨਾ ਜਗਾਈ। ਭਾਰਤ ਤੋਂ ਬਾਹਰ ਜਾ ਕੇ ਭਾਰਤ ਦੀ ਆਜ਼ਾਦੀ ਲਈ ਅੰਦੋਲਨ ਕਰਨ ਵਾਲੇ ਸਭ ਤੋਂ ਪਹਿਲੇ, ਸਭ ਤੋਂ ਵੱਧ ਚਰਚਿਤ ਨਾਮ ਸ਼ਿਆਮਜੀ ਕ੍ਰਿਸ਼ਨ ਵਰਮਾ ਦਾ ਆਉਂਦਾ ਹੈ, ਜਿਸ ਨੇ ਸਭ ਤੋਂ ਪਹਿਲਾਂ ਇੰਗਲੈਂਡ ਤੇ ਫਿਰ ਫਰਾਂਸ ਦੇ ਸ਼ਹਿਰ ਪੈਰਿਸ 'ਚ ਭਾਰਤ ਦੀ ਸੁਤੰਤਰਤਾ ਦਾ ਬਿਗਲ ਵਜਾਇਆ। ਇੰਗਲੈਂਡ 'ਚ ਸ਼ੁਰੂ ਹੋਇਆ 'ਇੰਡੀਅਨ ਸਸ਼ੀਆਲੌਜਿਸਟ' ਅੰਗਰੇਜ਼ਾਂ ਦੀ ਸਖ਼ਤੀ ਦਾ ਸ਼ਿਕਾਰ ਹੋਇਆ ਪੈਰਿਸ ਪਹੁੰਚ ਗਿਆ ਤੇ ਉਥੋਂ ਭਾਰਤ ਤੇ ਫਿਰ ਹੋਰ ਦੂਸਰੇ ਸ਼ਹਿਰਾਂ 'ਚ ਘੁੰਮਦਾ ਰਿਹਾ। ਪੈਰਿਸ 'ਚ ਸ਼ਿਆਮ ਜੀ ਕ੍ਰਿਸ਼ਨ ਵਰਮਾ ਦੇ ਨਾਲ-ਨਾਲ ਸਰਦਾਰ ਸਿੰਘ ਰਾਣਾ ਤੇ ਮਦਾਮ ਭੀਕਾ ਜੀ ਕਾਮਾ ਜੀ ਵੀ ਬਹੁਤ ਸਰਗਰਮ ਰਹੇ। 1907 ਵਿਚ ਸਟੂਅਰਟਗਾਰਡ 'ਚ ਹੋਈ ਸਮਾਜਵਾਦੀ ਸੰਮੇਲਨ 'ਚ ਮਦਾਮ ਕਾਮਾ ਜੀ ਨੇ ਹੀ ਪਹਿਲੀ ਵਾਰ ਭਾਰਤ ਦਾ ਝੰਡਾ ਲਹਿਰਾਇਆ। ਜਰਮਨੀ 'ਚ ਵਿਰੇਂਦਰ ਨਾਥ ਚਟੋਪਾਧਿਆਏ ਜੋ 'ਚਟੋ' ਦੇ ਨਾਮ ਨਾਲ ਬਹੁਤ ਪ੍ਰਸਿੱਧ ਸਨ ਤੇ ਚੰਮਪਕ ਰਮਨ ਪਿੱਲੇ ਬਹੁਤ ਸਰਗਰਮ ਸਨ। ਇਹਨਾਂ ਦੇ ਹੀ ਨਾਲ ਸਵਾਮੀ ਵਿਵੇਕਾਨੰਦ ਜੀ ਦੇ ਛੋਟੇ ਭਰਾ ਡਾਕਟਰ ਭੁਪਿੰਦਰ ਨਾਥ ਦੱਤ ਭੀ ਭਾਰਤ ਦੀ ਆਜ਼ਾਦੀ ਲਈ ਬੜੇ ਸਗਗਰਮ ਸਨ। 1906 ਵਿਚ ਇੰਗਲੈਂਡ ਪਹੁੰਚੇ ਵਿਨਾਇਕ ਸਾਰਵਰਕਰ ਨੇ 'ਅਵਿਨਵ ਭਾਰਤੀ' ਤੇ 'ਫਰੀ ਇੰਡੀਆ ਸੁਸਾਇਟੀ' ਬਣਾਈ।

ਉਹਨਾਂ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਤੋਂ ਪਹੁੰਚੇ ਸ੍ਰੀ ਮਦਨ ਲਾਲ ਢੀਂਗਰਾ ਨੇ 1909 'ਚ ਕਰਜ਼ਨ ਵਾਇਲੀ ਦੀ ਹੱਤਿਆ ਕਰ ਦਿੱਤੀ, ਜਿਸ ਦੇ ਕਾਰਨ ਉਹਨਾਂ ਨੂੰ ਇਕ ਮਹੀਨੇ 'ਚ ਹੀ ਲੰਡਨ 'ਚ ਫਾਂਸੀ ਲਾ ਦਿੱਤਾ ਗਿਆ।

ਭਾਰਤ ਤੋਂ ਬਾਹਰ ਭਾਰਤ ਦੀ ਆਜ਼ਾਦੀ ਲਈ ਫਾਂਸੀ ਤੇ ਚੜ੍ਹ ਕੇ ਸ਼ਹੀਦ ਹੋਣ ਵਾਲੇ ਸ਼ਾਇਦ ਉਹ ਪਹਿਲੇ ਭਾਰਤੀ ਸ਼ਹੀਦ ਸਨ। ਇਸ ਤੋਂ 31 ਸਾਲ ਬਾਅਦ ਇਕ ਹੋਰ ਪੰਜਾਬੀ ਦੇਸ਼ ਭਗਤ ਸ਼ਹੀਦ-ਏ-ਆਜ਼ਮ ਸਰਦਾਰ ਊਧਮ ਸਿੰਘ ਜੀ ਨੇ ਜੱਲ੍ਹਿਆਂ ਵਾਲੇ ਬਾਗ ਦੇ ਮੁੱਖ ਦੋਸ਼ੀ, ਖਲਨਾਇਕ ਓਡਵਾਇਰ ਦੀ ਹੱਤਿਆ ਕਰਕੇ 1940 ਵਿਚ ਲੰਡਨ ਵਿਖੇ ਹੀ ਸ਼ਹੀਦੀ ਪ੍ਰਾਪਤ ਕੀਤੀ। ਇਸ ਵਿਚਕਾਰ ਇਰਾਨ 'ਚ ਸੂਫੀ ਅੰਬਾ ਪ੍ਰਸਾਦ ਤੇ ਕੈਨੇਡਾ 'ਚ ਭਾਈ ਮੇਵਾ ਸਿੰਘ ਜੀ ਸ਼ਹੀਦ ਹੋਏ।



ਐਮ. ਈ. ਐਸ. ਕੁਆਰਟਰ ਨਲਵਾ ਰੋਡ ਜਲੰਧਰ ਕੈਂਟ ਵਿਖੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜਨਮ ਦਿਹਾੜੇ 'ਤੇ ਕਾਰਵਾਈ ਵਿਚਾਰ ਗੋਸ਼ਟੀ ਵਿਖੇ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਐਸ. ਸੀ. ਕਮਿਸ਼ਨ ਪੰਜਾਬ ਦੇ ਚੇਅਰਮੈਨ ਰਾਜੇਸ਼ ਬਾਘਾ ਨੇ ਉਹਨਾਂ ਦੇ ਜੀਵਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਗੁਰੂ ਰਵਿਦਾਸ ਸਭਾ ਦੇ ਪ੍ਰਧਾਨ ਰਖਸ਼ਿੰਦਰਪਾਲ, ਰਿਕੂ ਨਾਹਰ, ਅਸ਼ੋਕ ਗਿੱਲ, ਹਰਬੰਸ ਲਾਲ, ਮੁਲਖ ਰਾਜ ਤੇ ਪ੍ਰਵੀਨ ਪਾਲ ਆਦਿ ਵੀ ਮੌਜੂਦ ਸਨ। **(ਤਸਵੀਰ ਤੇ ਵੇਰਵਾ- ਨਵਜੋਤ)**

# ਬਾਬਾ ਸੋਹਨ ਸਿੰਘ ਭਕਨਾ ਦੀਆਂ ਅਪ੍ਰਕਾਸ਼ਿਤ ਲਿਖਤਾਂ

## ਗ਼ਦਰ ਪਾਰਟੀ ਦੇ ਸ਼ਹੀਦਾਂ ਦੀਆਂ ਜੀਵਨੀਆਂ

(ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦੀਆਂ ਕੁਝ ਲਿਖਤਾਂ, ਜਿਨ੍ਹਾਂ ਵਿਚ ਗ਼ਦਰ ਪਾਰਟੀ ਦੇ ਸ਼ਹੀਦਾਂ ਦੀਆਂ ਜੀਵਨੀਆਂ ਅਤੇ ਗ਼ਦਰ ਪਾਰਟੀ ਦਾ ਇਤਿਹਾਸ ਵੀ ਸ਼ਾਮਲ ਹੈ, ਅਜੇ ਤੱਕ ਅਪ੍ਰਕਾਸ਼ਿਤ ਪਈਆਂ ਹਨ। ਉਹਨਾਂ ਉਰਦੂ ਹੱਥ-ਲਿਖਤਾਂ 'ਚੋਂ ਸ਼ਹੀਦਾਂ ਸਬੰਧੀ ਬਾਬਾ ਜੀ ਦੇ ਅਹਿਸਾਸ ਦਾ ਪੰਜਾਬੀ ਅਨੁਵਾਦ ਪਾਠਕਾਂ ਨੂੰ ਭੇਂਟ ਕਰਦਿਆਂ ਡਾਢੀ ਤਸੱਲੀ ਦੇ ਅਹਿਸਾਸ ਵਿਚੋਂ ਗੁਜ਼ਰ ਰਹੇ ਹਾਂ ਅਤੇ ਬਾਕੀ ਲਿਖਤਾਂ ਵੀ ਕਿਸੇ ਅਗਾਮੀ ਅੰਕ ਵਿਚ ਪੇਸ਼ ਕਰਨ ਦਾ ਯਤਨ ਕਰਾਂਗੇ- ਸੰਪਾਦਕ)









### ਸ਼ਹੀਦ-ਏ ਆਜ਼ਮ ਕਰਤਾਰ ਸਿੰਘ ਸਰਾਭਾ ਜਿਸਦਾ ਬਚਪਨ ਵੀ ਇਨਕਲਾਬ ਨੂੰ ਸਮਰਪਿਤ ਸੀ

ਜਦੋਂ ਅਮਰੀਕਾ ਵਿਚ ਰਹਿ ਰਹੇ ਹਿੰਦੀਆਂ ਵਿਚ ਗੁਲਾਮੀ ਦੇ ਖ਼ਿਲਾਫ਼ ਜਜ਼ਬਾ ਪੈਦਾ ਹੋਇਆ, ਉਸ ਵੇਲੇ ਕਰਤਾਰ ਸਿੰਘ ਸਰਾਭਾ ਦੀ ਉਮਰ ਮਸੀਂ 19 ਵਰ੍ਹਿਆਂ ਦੀ ਸੀ। ਗ਼ਦਰ ਪਾਰਟੀ ਨੇ ਆਜ਼ਾਦੀ ਦੇ ਉਸ ਜਜ਼ਬੇ ਨੂੰ ਜਥੇਬੰਦ ਕੀਤਾ ਸੀ। ਕਰਤਾਰ ਸਿੰਘ ਮੁਲਕ ਤੋਂ ਹੀ ਮੈਟ੍ਰਿਕ ਪਾਸ ਸੀ ਅਤੇ ਬਚਪਨ ਤੋਂ ਹੀ ਇਨਕਲਾਬੀ ਤਬੀਅਤ ਦਾ ਮਾਲਕ ਸੀ। ਉਸ ਦੀ ਸਕੂਲੀ ਜ਼ਿੰਦਗੀ ਤੋਂ ਹੀ ਪਤਾ ਲੱਗਦਾ ਹੈ ਕਿ ਉਸਦਾ ਦਿਮਾਗ ਆਪਣੇ ਸਹਿਪਾਠੀਆਂ ਨਾਲੋਂ ਵਿਲ-ਖਣ ਸੀ। ਉਹ ਖੇਡਣ ਕੁੱਦਣ ਵਿਚ ਆਪਣੇ ਸਹਿਪਾਠੀਆਂ ਦਾ ਮੋਹਰੀ ਸੀ। ਸਕੂਲ ਦੇ ਬੱਚਿਆਂ ਨੂੰ ਜਥੇਬੰਦ ਕਰਨਾ ਅਤੇ ਉਸਤਾਦਾਂ ਦੀਆਂ ਨਾਜਾਇਜ਼ ਹਰਕਤਾਂ ਵਿਰੁੱਧ ਜੱਦੋ ਜਹਿਦ ਕਰਨਾ ਉਸਦਾ ਸ਼ੁਗਲ ਸੀ। ਉਹ 1912 ਵਿਚ ਕੈਲੀਫੋਰ-ਨੀਆ ਦੀ ਬੰਦਰਗਾਹ ਸਾਨਫਰਾਂਸਿਸਕੋ ਪਹੁੰਚਿਆ ਅਤੇ ਕੈਲੀਫੋਰਨੀਆ ਦੇ ਪੇਂਡੂ ਇਲਾਕੇ ਵਿਚ, ਜਿੱਥੇ ਉਸਦੇ ਹਮਵਤਨੀ ਖੇਤਾਂ ਵਿਚ ਮਜ਼ਦੂਰੀ ਦਾ ਕੰਮ ਕਰਦੇ ਸਨ, ਉਹਨਾਂ ਵਿਚ ਸ਼ਾਮਲ ਹੋ ਕੇ ਖੇਤ-ਮਜ਼ਦੂਰ ਦੀ ਜੂਨੇ ਪੈ ਗਿਆ। ਉਥੋਂ ਦੇ ਜ਼ਿੰਮੀਦਾਰਾਂ ਦੇ ਵਰਤਾਓ ਅਤੇ ਅਮਰੀਕਾ ਲੋਕਾਂ ਦੇ ਨਫ਼ਰਤ ਭਰੇ ਰਵੱਈਏ ਨੇ ਉਸਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਅਤੇ ਉਸਨੇ ਮਹਿਸੂਸ ਕੀਤਾ ਕਿ ਦੁਨੀਆਂ ਵਿਚ ਗੁਲਾਮੀ ਹੀ ਸਭ ਤੋਂ ਵੱਡੀ ਲਾਹਨਤ ਹੈ। ਉਸਨੇ ਆਪਣੇ ਹਮਵਤਨੀਆਂ ਨਾਲ ਵਿਚਾਰ-ਵਟਾਂਦਰਾ ਕਰਨਾ ਸ਼ੁਰੂ ਕਰ ਦਿੱਤਾ। ਕੈਲੀਫੋਰਨੀਆ ਅਤੇ ਅਮਰੀਕਾ ਦੇ ਦੂਜੇ ਹਿੱਸਿਆਂ ਵਿਚ, ਜਿੱਥੇ ਵੀ ਕਿਤੇ ਹਿੰਦੋਸਤਾਨੀ ਵਸਦੇ ਸਨ, ਉਥੇ ਹੀ ਅਮਰੀਕਨਾਂ ਦੇ ਨਿੱਤ ਦੇ ਤਾਅਨਿਆਂ ਅਤੇ ਨਫ਼ਰਤ ਭਰੇ ਰਵੱਈਏ ਨੇ ਉਹਨਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਹੁਣ ਕਰਤਾਰ ਸਿੰਘ ਨੂੰ ਕਈ ਹਮਖਿਆਲ ਮਿਲ ਗਏ। ਉਹਨਾਂ ਨੇ ਜੂਲੋ ਰਿਆਸਤ (ਕੈਲੀਫੋਰਨੀਆ) ਵਿਚ ਇਕ ਮੀਟਿੰਗ ਸੱਦੀ। ਇਸ ਮੀਟਿੰਗ ਵਿਚ ਲਾਲਾ ਹਰਦਿਆਲ, ਪੰਡਿਤ ਜਗਤ ਰਾਮ, ਭਾਈ ਜਵਾਲਾ ਸਿੰਘ, ਕਰਤਾਰ ਸਿੰਘ ਅਤੇ ਢੇਰ ਸਾਰੇ ਹਿੰਦੁਸਤਾਨੀ ਵਿਦਿਆਰਥੀ ਅਤੇ ਮਜ਼ਦੂਰ ਸ਼ਾਮਲ ਹੋਏ। ਗੁਲਾਮੀ ਦੇ ਕਾਰਨਾਂ ਬਾਰੇ ਚਰਚਾ ਹੋਈ। ਆਜ਼ਾਦੀ ਹਾਸਲ ਕਰਨ ਲਈ ਇਕ ਅਜਿਹੀ ਵਿਸ਼ਾਲ ਜਥੇਬੰਦੀ ਦੀ ਜ਼ਰੂਰਤ ਸੀ, ਜੋ ਭਾਰਤ ਵਿਚ ਅੰਗਰੇਜ਼ੀ ਸਾਮਰਾਜ ਨਾਲ ਟੱਕਰ ਲੈ ਸਕੇ। ਇਹ ਛੋਟੀ ਜਿਹੀ ਮੀਟਿੰਗ ਅੱਗੋਂ ਬਣਨ ਵਾਲੀ ਜਥੇਬੰਦੀ ਦਾ ਮੁੱਢ ਤਾਂ ਸੀ, ਪਰ ਉਸ ਵੇਲੇ ਉਹਨਾਂ ਕੋਲ ਓਨੀ ਸਮਰੱਥਾ ਨਹੀਂ ਸੀ ਕਿ ਕੋਈ ਵੱਡਾ ਕੰਮ ਕਰ ਸਕਦੇ।

ਇਸੇ ਦੌਰਾਨ ਵਾਸ਼ਿੰਗਟਨ ਅਤੇ ਓਰੀਗੋਨ ਦੇ ਕਾਰਖ਼ਾਨਿਆਂ ਵਿਚਲੇ ਹਿੰਦੀ ਮਜ਼ਦੂਰਾਂ ਵਿਚ ਜਾਗਰ੍ਤੀ ਅਤੇ ਜਥੇਬੰਦੀ ਦਾ ਮਾਦਾ ਪੈਦਾ ਹੋ ਚੁੱਕਿਆ ਸੀ। ਫਿਰ ਕਦਮ ਹੋਰ ਅੱਗੇ ਵਧੇ ਅਤੇ ਮਾਰਚ 1913 ਵਿਚ ਅਸਟੋਰੀਆ ਮਿੱਲ ਰਿਆਸਤ ਵਾਸ਼ਿੰਗਟਨ ਵਿਚ ਗ਼ਦਰ ਪਾਰਟੀ ਦੀ ਬੁਨਿਆਦ ਰੱਖੀ ਗਈ। ਜਦੋਂ ਕੈਲੀਫੋਰਨੀਆ ਵਿਚ ਪਾਰਟੀ ਬਣਨ ਦੀ ਖ਼ਬਰ ਪਹੁੰਚੀ ਤਾਂ ਕਰਤਾਰ ਸਿੰਘ ਦੀ ਖੁਸ਼ੀ ਦੀ ਹੱਦ ਨਾ ਰਹੀ ਅਤੇ ਉਹ ਫੌਰਨ ਪਾਰਟੀ ਵਿਚ ਸ਼ਾਮਲ ਹੋ ਗਿਆ।

1 ਨਵੰਬਰ, 1913 ਨੂੰ 'ਗਦਰ ਅਖ਼ਬਾਰ' ਦਾ ਜਿਹੜਾ ਪਹਿਲਾਂ ਪਰਚਾ ਨਿਕਲਿਆ, ਉਹ ਜ਼ਿਆਦਾਤਰ ਕਰਤਾਰ ਦੀ ਹਿੰਮਤ ਦਾ ਹੀ ਸਿੱਟਾ ਸੀ। ਇਹ ਪਰਚਾ ਹੈਂਡ ਮਸ਼ੀਨ 'ਤੇ ਛਾਪਿਆ ਗਿਆ ਸੀ। ਹੈਂਡ-ਮਸ਼ੀਨ ਨੂੰ ਚਲਾਉਣ ਵਾਲਾ ਅਤੇ ਪੰਜਾਬੀ ਦੇ 'ਗਦਰ' ਅਖ਼ਬਾਰ ਨੂੰ ਲਿਖਣ ਵਾਲਾ ਕਰਤਾਰ ਸਿੰਘ ਹੀ ਸੀ। ਜਦੋਂ ਕੰਮ ਦੇ ਵਧਣ ਨਾਲ ਹੋਰ ਬਹੁਤ ਸਾਰੇ ਸਾਥੀ ਦਫ਼ਤਰ ਤੇ ਪ੍ਰੈਸ ਦੇ ਕੰਮ ਵਿਚ ਸ਼ਾਮਲ ਹੋ ਗਏ, ਤਾਂ ਕਰਤਾਰ ਸਿੰਘ ਦੀ ਹਮੇਸ਼ਾ ਹੀ ਕੋਸ਼ਿਸ਼ ਰਹਿੰਦੀ ਕਿ ਹਰ ਕਿਸੇ ਦੇ ਕੰਮ ਵਿਚ ਹੱਥ ਵਟਾ ਸਕੇ। ਉਹ ਗੱਲਬਾਤ ਵਿਚ ਹਰੇਕ ਸਾਥੀ ਨੂੰ ਖੁਸ਼ ਰੱਖਣ ਦਾ ਯਤਨ ਕਰਦਾ ਸੀ। ਉਹ ਇਕ ਸੱਚੇ ਇਨਕਲਾਬੀ ਵਾਂਗ ਆਪਣਾ ਨਿੱਜਤਵ ਮਿਟਾ ਚੁੱਕਿਆ ਸੀ। ਉਸ ਲਈ ਜੀਵਨ ਮਹਿਜ਼ ਆਪਣਾ ਨਹੀਂ ਸੀ, ਸਗੋਂ ਦੇਸ਼ ਨੂੰ ਅਰਪਣ ਹੋ ਚੁੱਕਿਆ ਸੀ।

ਗਦਰ ਪਾਰਟੀ ਓਰੀਗੋਨ ਤੇ ਵਾਸ਼ਿੰਗਟਨ ਦੇ ਨੁਮਾਇੰਦਿਆਂ ਦੀ ਕਾਨਫਰੰਸ ਵਿਚ ਬੰਨੀ ਗਈ ਸੀ। ਕੈਲੀਫੋਰਨੀਆ ਦੇ ਨੁਮਾਇੰਦੇ ਹਾਲੇ ਸ਼ਾਮਲ ਨਹੀਂ ਹੋਏ ਸਨ। ਇਹ ਕਮੀ ਕਰਤਾਰ ਸਿੰਘ ਨੇ ਪੂਰੀ ਕਰ ਦਿੱਤੀ। ਫਰਵਰੀ, 1914 ਵਿਚ ਕੈਲੀਫੋਰਨੀਆ ਦੇ ਸ਼ਹਿਰ ਸਟਾਕਟਨ ਵਿਚ ਓਰੀਗੋਨ, ਵਾਸ਼ਿੰਗਟਨ ਅਤੇ ਕੈਲੀਫੋਰਨੀਆ ਦੇ ਪ੍ਰਤੀਨਿਧਾਂ ਦੀ ਕਾਨਫਰੰਸ ਸੱਦੀ ਗਈ ਅਤੇ ਕੈਲੀਫੋਰਨੀਆ ਬਕਾਇਦਾ ਤੌਰ 'ਤੇ ਗਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਇਸ ਕਾਨਫਰੰਸ ਨੇ ਗ਼ਦਰ ਪਾਰਟੀ ਦੇ ਕੰਮ ਨੂੰ ਖਾਸੀ ਗਤੀ ਬਖ਼ਸ਼ ਦਿੱਤੀ ਅਤੇ ਪਾਰਟੀ ਜਥੇਬੰਦੀ ਵੀ ਮਜ਼ਬੂਤ ਹੋ ਗਈ।

ਪਹਿਲੀ ਜੰਗ ਦੇ ਸਮੇਂ 1915 ਦੇ ਸ਼ੁਰੂ ਵਿਚ ਹੀ ਸੈਕਰਾਮੈਂਟੋ ਵਿਚ ਇਕ ਜੰਗੀ ਕਾਨਫਰੰਸ ਹੋਈ, ਜਿਸਦਾ ਮੰਤਵ ਹਿੰਦੁਸਤਾਨ ਵਿਚ ਆ ਕੇ ਇਨਕਲਾਬ ਕਰਨ ਦਾ ਸੀ। ਇਸ ਵਿਚ ਕਰਤਾਰ ਸਿੰਘ ਦਾ ਖਾਸਾ ਯੋਗਦਾਨ ਸੀ। ਜਦੋਂ ਪਾਰਟੀ ਕਮਿਸ਼ਨ ਨੇ ਹਵਾਈ ਜਹਾਜ਼ ਦੀ ਸਿਖਲਾਈ ਲਈ ਮੈਂਬਰ ਮੰਗੇ ਤਾਂ ਸਭ ਤੋਂ ਪਹਿਲੀ ਦਰਖਾਸਤ ਕਰਤਾਰ ਦੀ ਹੀ ਸੀ, ਜਿਸਨੂੰ ਕਮਿਸ਼ਨ ਨੇ ਮੰਨ ਲਿਆ।

ਜਦੋਂ ਪਾਰਟੀ ਨੇ ਇਨਕਲਾਬ ਲਈ ਹਿੰਦੁਸਤਾਨ ਜਾਣ ਦਾ ਫੈਸਲਾ ਕੀਤਾ, ਤਾਂ ਕਰਤਾਰ ਸਿੰਘ ਸਭ ਤੋਂ ਪਹਿਲਾਂ ਤੁਰ ਪਿਆ। ਉਹ ਇਕੱਲਾ ਹੀ ਨਹੀਂ ਆਇਆ ਸੀ, ਸਗੋਂ ਤਿੰਨ ਅਮਰੀਕਨ ਇਨਕਲਾਬੀ ਦੋਸਤ, ਜਿਹਨਾਂ 'ਚ ਇਕ ਇਸਤਰੀ ਤੇ ਦੋ ਮਰਦ ਸਨ, ਉਸਦੇ ਨਾਲ ਸਨ।

ਉਹ ਭੇਸ ਬਦਲਣ ਵਿਚ ਮਾਹਿਰ ਸੀ। ਉਹ ਭੇਸ ਬਦਲ ਕੇ ਹੀ ਕੋਲੰਬੋ ਦੇ ਰਸਤੇ ਭਾਰਤ ਆਇਆ ਅਤੇ ਪੁਲਿਸ ਦੀਆਂ ਉਕਾਬੀ ਨਜ਼ਰਾਂ ਤੋਂ ਬਚ ਕੇ ਬਹੁਤ ਦਿਨਾਂ ਤੱਕ ਦੇਸ਼ ਵਿਚ ਕੰਮ ਕਰਦਾ ਰਿਹਾ। ਮਿਸਟਰ ਪਿੰਗਲੇ ਦੇ ਜ਼ਰੀਏ ਉਹ ਸ਼ਚਿੰਦਰ ਨਾਥ ਸਨਿਆਲ ਅਤੇ ਰਾਸ ਬਿਹਾਰੀ ਬੋਸ ਨੂੰ ਮਿਲਿਆ। ਉਹ ਪੰਜਾਬ ਅਤੇ ਪੰਜਾਬ ਤੋਂ ਬਾਹਰ ਖੁੱਲ੍ਹੇਆਮ ਕੰਮ ਕਰਦਾ ਰਿਹਾ। ਫੌਜਾਂ ਵਿਚ ਨਿਧੜਕ ਹੋ ਕੇ ਪ੍ਰਚਾਰ ਲਈ ਪੁੱਜ ਜਾਂਦਾ। ਫਿਰੋਜ਼ਪੁਰ ਕਿਲੇ ਦੇ ਸਿਪਾਹੀਆਂ ਨਾਲ ਗੱਠਜੋੜ ਕਰਕੇ ਮੈਗਜ਼ੀਨ ਲੁੱਟਣ ਦਾ ਇੰਤਜ਼ਾਮ ਕੀਤਾ।

ਜਦੋਂ ਰਾਸ ਬਿਹਾਰੀ ਬੋਸ ਵਗੈਰਾ ਦੇ ਮਿਲਣ ਨਾਲ ਅਤੇ ਨਵਾਬ ਖ਼ਾਨ ਆਦਿ ਦੇ ਉਕਸਾਉਣ 'ਤੇ ਡਾਕੇ ਮਾਰਨ ਦਾ ਖਿਆਲ ਦਿਲ ਵਿਚ ਘਰ ਕਰ ਗਿਆ, ਤਾਂ ਕੋਈ ਅਜਿਹਾ ਡਾਕਾ ਨਹੀਂ ਸੀ, ਜਿਸ ਵਿਚ ਉਸਨੇ ਹਿੱਸਾ ਨਹੀਂ ਸੀ ਲਿਆ। ਉਹ ਡਾਕਿਆਂ ਸਮੇਂ ਵੀ ਆਪਣੀ ਦੇਸ਼ ਭਗਤੀ ਨੂੰ ਛੁਪਾ ਨਹੀਂ ਸਕਦਾ ਸੀ, ਸਗੋਂ ਸਾਫ ਕਹਿ ਦਿੰਦਾ ਸੀ- ''ਭਾਈ ਮਜਬੂਰ ਆਂ, ਰੁਪਈਆ ਮਿਲਦਾ ਨਹੀਂ, ਅੰਗਰੇਜ਼ਾਂ ਨੂੰ ਕੱਢਣਾ ਏ, ਜਦੋਂ ਮੁਲਕ ਆਜ਼ਾਦ ਹੋਏਗਾ, ਤਾਂ ਤੁਹਾਨੂੰ ਕਈ ਗੁਣਾਂ ਵਾਪਸ ਕੀਤਾ ਜਾਵੇਗਾ।''

ਇਖਲਾਕ ਏਨਾ ਉੱਚਾ ਸੀ ਕਿ ਸ਼ਾਇਦ ਹੀ ਕਿਸੇ ਨੌਜਵਾਨ ਦਾ ਹੋਵੇ। ਜਦੋਂ ਸਾਹਨੇਵਾਲ ਦੇ ਡਾਕੇ ਵਿਚ ਉਸਦੇ ਇਕ ਸਾਥੀ ਨੇ ਇਕ ਸੋਹਣੀ ਕੁੜੀ ਨੂੰ ਮਾੜੀ ਨਿਗਾਹ ਨਾਲ ਵੇਖਿਆ ਤਾਂ ਉਸਨੇ ਝੱਟ ਦੇਣੀ ਰਿਵਾਲਵਰ ਉਸਦੀ ਛਾਤੀ 'ਤੇ ਰੱਖ ਦਿੱਤਾ ਅਤੇ ਉਸ ਕੋਲੋਂ ਮਾਫੀ ਮੰਗਵਾਈ।

ਉਹ ਕਈ ਵਾਰੀ ਪੁਲਿਸ ਨੂੰ ਵੀ ਧੋਖਾ ਦੇ ਜਾਂਦਾ ਸੀ। ਇਕ ਵਾਰ ਕਰਤਾਰ ਸਿੰਘ ਬਾਈ ਸਾਈਕਲ 'ਤੇ ਇਕ ਸਾਥੀ ਦੇ ਘਰ ਗਿਆ। ਅੱਗੇ ਪੁਲਿਸ ਉਸਦੇ ਘਰ ਦੀ ਤਲਾਸ਼ੀ ਕਰ ਰਹੀ ਸੀ। ਕਰਤਾਰ ਸਿੰਘ ਚੰਗਾ ਭੱਦਰ ਪੁਰਸ਼ ਲੱਗ ਰਿਹਾ ਸੀ। ਪੁਲਿਸ ਨੂੰ ਕਹਿਣ ਲੱਗਾ- ''ਜੋ ਲੋਕ ਸਰਕਾਰ ਦੇ ਖ਼ਿਲਾਫ਼ ਹਨ, ਉਹਨਾਂ ਦੀ ਚੰਗੀ ਖ਼ਬਰ ਲਓ।'' ਪੁਲਿਸ ਵਾਲਿਆਂ ਸਮਝਿਆ ਕਿ ਕੋਈ ਸਰਕਾਰੀ ਮੁਲਾਜ਼ਮ ਹੈ ਤੇ ਉਹ 10-15 ਮਿੰਟ ਪੁਲਿਸ ਨਾਲ ਗੱਲਾਂ-ਬਾਪਾਂ ਕਰਕੇ ਰਫੂਚੱਕਰ ਹੋ ਗਿਆ। ਜਦੋਂ ਉਹਨਾਂ ਪੁਲਿਸ ਵਾਲਿਆਂ ਦੀ ਗਵਾਹੀ ਕਚਹਿਰੀ ਵਿਚ ਹੋਈ, ਤਾਂ ਜੱਜ ਤੇ ਸਾਰੇ ਲੋਕਾਂ ਨੇ ਉਹਨਾਂ ਦੀ ਖੂਬ ਖਿੱਲੀ ਉਡਾਈ।

ਜਦੋਂ ਪਾਰਟੀ ਇਨਕਲਾਬ ਕਰਨ 'ਚ ਫੇਲ੍ਹ ਹੋ ਗਈ, ਤਾਂ ਉਹਨਾਂ ਮੈਂਬਰਾਂ ਨੇ, ਜੋ ਗ੍ਰਿਫਤਾਰੀ ਤੋਂ ਬਚ ਗਏ ਸਨ, ਹਿੰਦੁਸਤਾਨ ਛੱਡਣ ਦਾ ਫੈਸਲਾ ਕਰ ਲਿਆ। ਕਰਤਾਰ ਸਿੰਘ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਇਸ ਮੰਤਵ ਲਈ ਅਫ਼ਗਾਨਿਸਤਾਨ ਵੱਲ ਰਵਾਨਾ ਹੋਏ, ਪਰ ਕਰਤਾਰ ਸਿੰਘ ਦੀ ਜ਼ਮੀਰ ਨੇ ਇਹ ਗਵਾਰਾ ਨਾ ਕੀਤਾ ਕਿ ਉਹ ਸਾਥੀਆਂ ਨੂੰ ਫਸਾ ਕੇ ਖੁਦ ਵਿਦੇਸ਼ ਤੁਰ ਜਾਵੇ। ਉਹ ਆਪਣੇ ਦੋਵਾਂ ਸਾਥੀਆਂ ਸਮੇਤ ਵਾਪਸ ਆ ਗਿਆ ਅਤੇ ਸਰਗੋਧਾ ਚੱਕ ਨੰਬਰ -5 ਵਿਚ ਘੋੜਿਆਂ ਦੇ ਇਕ ਤਬੇਲੇ ਉੱਤੇ ਆ ਕੇ ਸਿਪਾਹੀਆਂ ਵਿਚ ਪ੍ਰਚਾਰ ਕਰਨ ਲੱਗਾ। ਇੱਥੇ ਇਕ ਰਸਾਲਦਾਰ ਨੇ ਸਾਥੀਆਂ ਸਮੇਤ ਉਸਨੂੰ ਗ੍ਰਿਫ਼ਤਾਰ ਕਰ ਲਿਆ।

ਸੀ. ਆਈ. ਡੀ. ਦੇ ਅਫਸਰ ਮਿਸਟਰ ਟਾਮਕਿਨ ਆਦਿ ਕਰਤਾਰ ਸਿੰਘ ਸਾਹਮਣੇ ਸਵਾਲ ਕਰਨ ਦੀ ਜੁਰਅਤ ਨਹੀਂ ਸੀ ਕਰਦੇ। ਉਹ ਬਿਲਕੁਲ ਨਿਡਰ ਤੇ ਨਿਧੜਕ ਨੌਜਵਾਨ ਸੀ। ਆਜ਼ਾਦੀ ਦਾ ਆਸ਼ਕ ਅਤੇ ਗੁਲਾਮੀ ਦਾ ਦੁਸ਼ਮਣ ਸੀ। ਗ੍ਰਿਫ਼ਤਾਰੀ ਉਪਰੰਤ, ਜਦੋਂ ਲਾਹੌਰ ਸੈਂਟਰਲ ਜੇਲ੍ਹ ਵਿਚ ਉਸ ਉੱਤੇ ਮੁਕੱਦਮਾ ਚੱਲ ਰਿਹਾ ਸੀ, ਤਾਂ ਉਸਨੇ ਜੇਲ੍ਹ ਵਿਚੋਂ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਭੇਦ ਖੁੱਲ੍ਹ ਗਿਆ। ਉਸ ਕੋਲੋਂ ਸੀਖਾਂ ਕੱਟਣ ਵਾਲੇ ਸੰਦ ਅਤੇ ਬੰਬ ਬਣਾਉਣ ਦਾ ਮਸਾਲਾ ਫੜਿਆ ਗਿਆ, ਪਰ ਉਸਨੂੰ ਕੋਈ ਪਰਵਾਹ ਨਹੀਂ ਸੀ। ਉਹ ਪਹਿਲਾਂ ਦੀ ਤਰ੍ਹਾਂ ਹੀ ਹੱਸਦਾ ਰਿਹਾ ਅਤੇ ਹੋਰਨਾਂ ਨੂੰ ਹਸਾਉਂਦਾ ਰਿਹਾ। ਉਹ ਬੇੜੀਆਂ ਨੂੰ ਸਾਜ਼ਾਂ ਵਾਂਗ ਵਜਾਉਂਦਾ ਰਿਹਾ ਅਤੇ ਕੌਮੀ ਗੀਤ ਗਾਉਂਦਾ ਰਿਹਾ।

ਜਦੋਂ ਕੇਸ ਚੱਲਿਆ, ਤਾਂ ਇਕ ਪਾਸੇ ਜੱਜਾਂ ਦੀ ਕਚਹਿਰੀ ਹੁੰਦੀ ਅਤੇ ਦੂਜੇ ਪਾਸੇ ਕਟਹਿਰੇ ਵਿਚ ਖੜ੍ਹਾ ਕਰਤਾਰ ਸਿੰਘ ਆਪਣੇ ਸਾਥੀਆਂ ਨਾਲ ਰਲ ਕੇ ਕਚਹਿਰੀ ਲਾ ਲੈਂਦਾ ਤੇ ਮੁਖ਼ਬਰਾਂ ਦਾ ਮਖੌਲ ਉਡਾਉਂਦਾ। ਜੱਜ ਮੁੜ-ਮੁੜ ਘੰਟੀ ਵਜਾਉਂਦੇ, ਪਰ ਉਹਨਾਂ ਦੀ ਸੁਣਦਾ ਹੀ ਕੋਈ ਨਾ।

ਜਦੋਂ ਸਰਕਾਰੀ ਗਵਾਹ ਭੁਗਤਣ ਤੋਂ ਬਾਅਦ ਮੁਲਜ਼ਮਾਂ ਨੂੰ ਆਪੋ-ਆਪਣੇ ਬਿਆਨ ਦੇਣ ਲਈ ਕਿਹਾ ਗਿਆ, ਤਾਂ ਕਰਤਾਰ ਸਿੰਘ ਨੇ ਸਾਫ ਲਫਜ਼ਾਂ ਵਿਚ ਇਕਬਾਲ ਕੀਤਾ ਕਿ ਮੈਂ ਜੋ ਵੀ ਕੀਤਾ ਹੈ, ਉਸ ਨੂੰ ਠੀਕ ਸਮਝਦਾ ਹਾਂ। ਮੈਂ ਅੰਗਰੇਜ਼ਾਂ ਦੇ ਵਿਰੁੱਧ ਇਨਕਲਾਬ ਦੀ ਤਿਆਰੀ ਵਿਚ ਸਾਂ, ਫੌਜੀਆਂ ਨੂੰ ਨਾਲ ਮਿਲਾਇਆ ਸੀ, ਕੌਮੀ ਝੰਡੇ ਤਿਆਰ ਕੀਤੇ ਸਨ, ਲੋਕਾਂ ਨੂੰ ਇਨਕਲਾਬ ਲਈ ਉਭਾਰਿਆ ਸੀ- ਇਹ ਸਭ ਗੱਲਾਂ ਸੱਚ ਹਨ। ਪਰ ਮੈਂ ਜੋ ਵੀ ਕੀਤਾ ਏ, ਉਹ ਆਪਣੇ ਦੇਸ਼ ਤੇ ਕੌਮੀ ਦੀ ਆਜ਼ਾਦੀ ਲਈ ਕੀਤਾ ਹੈ, ਜੋ ਕਿ ਮੇਰਾ ਪੈਦਾਇਸ਼ੀ ਹੱਕ ਹੈ।

ਕਰਤਾਰ ਸਿੰਘ ਦੇ ਸਾਫ ਬਿਆਨ ਸੁਣ ਕੇ ਜੱਜਾਂ ਨੇ ਕਿਹਾ- ''ਕਰਤਾਰ ਸਿੰਘ, ਕੀ ਤੁਸੀਂ ਜਾਣਦੇ ਹੋ ਕਿ ਇਸਦਾ ਨਤੀਜਾ ਕੀ ਹੋਵੇਗਾ?''

''ਹਾਂ.... '' ਕਰਤਾਰ ਸਿੰਘ ਨੇ ਕਿਹਾ- ''ਮੌਤ, ਉਮਰ ਕੈਦ ਜਾਂ ਜਲਾਵਤਨੀ।''

ਜੱਜਾਂ ਨੇ ਬਿਆਨ ਨਾ ਲਿਖੇ ਤੇ ਕਿਹਾ- ''ਕਰਤਾਰ ਸਿੰਘ! ਤੈਨੂੰ ਇਕ ਰਾਤ ਦਾ ਸਮਾਂ ਹੋਰ ਦਿੱਤਾ ਜਾਂਦਾ ਏ। ਪੂਰੀ ਤਰ੍ਹਾਂ ਸੋਚ ਵਿਚਾਰ ਲੈ ਤੇ ਫਿਰ ਬਿਆਨ ਦੇਹ।'' ਤੇ ਅਗਲੇ ਦਿਨ ਜਦੋਂ ਉਹ ਅਦਾਲਤ ਵਿਚ ਪੇਸ਼ ਹੋਇਆ ਤਾਂ ਜੱਜਾਂ ਦੇ ਕਹਿਣ 'ਤੇ ਕਰਤਾਰ ਸਿੰਘ ਨੇ ਸਾਫ ਕਿਹਾ- ''ਜੋ ਕੱਲ੍ਹ ਕਿਹਾ ਸੀ, ਉਹੀ ਅੱਜ ਕਹਿਣਾ ਹੈ।'' ਜਦੋਂ ਕਰਤਾਰ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਤਾਂ ਉਸਨੇ ਹੱਸਦਿਆਂ ਹੋਇਆਂ ਉੱਚੀ ਆਵਾਜ਼ ਵਿਚ ਕਿਹਾ- ''ਥੈਂਕ ਯੂ'' (ਸ਼ੁਕਰੀਆ)

ਜਦੋਂ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਕਰਤਾਰ ਸਿੰਘ ਤੇ ਉਸਦੇ ਸਾਥੀਆਂ ਨੂੰ ਫਾਂਸੀ ਦੀਆਂ ਕੋਠੀਆਂ 'ਚ ਬੰਦ ਕੀਤਾ ਗਿਆ ਅਤੇ ਫਾਂਸੀ ਵਾਲੇ ਕੱਪੜੇ ਪਹਿਨਾਏ ਗਏ ਤਾਂ ਜੇਲ੍ਹ ਸੁਪਰਡੈਂਟ ਨੇ ਕਾਨੂੰਨ ਮੁਤਾਬਕ ਆ ਕੇ ਪੁੱਛਿਆ- ''ਕਰਤਾਰ ਸਿੰਘ1 ਰਹਿਮ ਦੀ ਅਪੀਲਕਰੇਂਗਾ?''

''ਰਹਿਮ ਦੀ ਨਹੀਂ, ਪਰ ਛੇਤੀ ਫਾਂਸੀ ਲੱਗਣ ਦੀ ਬੇਨਤੀ ਕਰਦਾ ਹਾਂ, ਤਾਂ ਕਿ ਫਿਰ ਵਾਪਸ ਆ ਕੇ ਗੁਲਾਮੀ ਦੇ ਖ਼ਿਲਾਫ਼ ਜੰਗ ਲੜ ਸਕਾਂ।'' ਕਰਤਾਰ ਸਿੰਘ ਦਾ ਜਵਾਬ ਸੀ। ਜਦੋਂ ਨਵੰਬਰ 1915 ਨੂੰ ਦੂਜੇ 17 ਸਾਥੀਆਂ ਨੂੰ ਫਾਂਸੀ ਦੀ ਸਜ਼ਾ ਹਟਾ ਦੇਣ ਦਾ ਫੈਸਲਾ ਹੋਇਆ, ਤਾਂ ਕਰਤਾਰ ਸਿੰਘ ਤੇ ਉਸਦੇ ਛੇ ਸਾਥੀ ਫਾਂਸੀ 'ਤੇ ਲਟਕਣ ਲਈ ਰਹਿ ਗਏ। ਕਰਤਾਰ ਸਿੰਘ ਨੂੰ ਫਿਰ ਅਪੀਲ ਕਰਨ ਲਈ ਪੁੱਛਿਆ ਗਿਆ, ਤਾਂ ਉਸਨੇ ਮੁੜ ਉਹੀ ਗੱਲ ਦੁਹਰਾ ਦਿੱਤੀ ਕਿ ਸਾਨੂੰ ਛੇਤੀ ਫਾਂਸੀ 'ਤੇ ਲਟਕਾਇਆ ਜਾਵੇ।

ਕਰਤਾਰ ਸਿੰਘ ਦੇ ਮਾਂ-ਪਿਓ ਬਚਪਨ ਵਿਚ ਹੀ ਗੁਜ਼ਰ ਗਏ ਸਨ। ਉਸਦਾ ਇਕ ਬਿਰਧ ਦਾਦਾ ਸੀ, ਜਿਸਨੇ ਉਸਨੂੰ ਪਾਲਿਆ ਸੀ। ਜਦੋਂ ਉਹ ਆਖਰੀ ਮੁਲਾਕਾਤ ਵੇਲੇ ਰੋਣ ਲੱਗਾ, ਤਾਂ ਕਰਤਾਰ ਸਿੰਘ ਨੇ ਕਿਹਾ- ''ਦਾਦਾ ਜੀ, ਤੁਸੀਂ ਰੋਂਦੇ ਕਿਉਂ ਹੋ? ਮੈਂ ਤੁਹਾਡੇ ਖਾਨਦਾਨ ਨੂੰ ਦਾਗ ਤਾਂ ਨਹੀਂ ਲਾ ਚੱਲਿਆ, ਮੈਂ ਤਾਂ ਸਗੋਂ 30 ਕਰੋੜ ਦੁਖੀ ਤੇ ਗੁਲਾਮ ਦੇਸ਼ ਵਾਸੀਆਂ ਨੂੰ ਗੁਲਾਮੀ ਤੋਂ ਮੁਕਤ ਕਰਾਉਣ ਲਈ ਫਾਂਸੀ ਚੜ੍ਹ ਰਿਹਾ ਹਾਂ। ਇਸ ਮੌਤ 'ਤੇ ਤੁਹਾਨੂੰ ਰੋਣਾ ਨਹੀਂ, ਸਗੋਂ ਖੁਸ਼ ਹੋਣਾ ਚਾਹੀਦਾ ਹੈ।'' ਕਰਤਾਰ ਸਿੰਘ ਦੇ ਇਹ ਬਹਾਦਰੀ ਅਤੇ ਪਿਆਰ ਭਰੇ ਸ਼ਬਦ ਸੁਣ ਕੇ ਉਸਦੇ ਦਾਦਾ ਜੀ ਨੇ ਬੜੇ ਹੌਸਲੇ ਨਾਲ ਉਸਨੂੰ ਅੰਤਿਮ ਅਸ਼ੀਰਵਾਦ ਦਿੱਤੀ।

ਲਾਹੌਰ ਸੈਂਟਰਲ ਜੇਲ੍ਹ ਵਿਚ 16 ਨਵੰਬਰ 1915 ਦੀ ਸਵੇਰ ਨੂੰ ਕਰਤਾਰ ਸਿੰਘ ਤੇ ਉਸਦੇ 6 ਸਾਥੀ ਫਾਂਸੀ 'ਤੇ ਲਟਕਾ ਦਿੱਤੇ ਗਏ। ਕਰਤਾਰ ਨੇ ਹੱਸ ਕੇ ਫਾਂਸੀ ਦਾ ਰੱਸਾ ਆਪ ਗਲ ਪਾਇਆ ਤੇ ਅਮਰ ਹੋ ਗਿਆ।

ਇਸ ਛੋਟੀ ਤੇ ਅੱਲ੍ਹੜ ਉਮਰ ਵਿਚ ਕਰਤਾਰ ਸਿੰਘ ਨੇ ਮਨੁੱਖਤਾ ਅਤੇ ਮਾਤ-ਭੂਮੀ ਦੀ ਆਜ਼ਾਦੀ ਤੇ ਇਨਸਾਨੀ ਬਰਾਬਰੀ ਲਈ ਜਿਹੜੀ ਕੁਰਬਾਨੀ ਦਿੱਤੀ, ਉਸਦੀ ਮਿਸਾਲ ਦੁਨੀਆਂ ਭਰ ਦੇ ਇਤਿਹਾਸ ਵਿਚ ਬਹੁਤ ਘੱਟ ਮਿਲਦੀ ਹੈ।

### ਵਿਸ਼ਨੂੰ ਗਣੇਸ਼ ਪਿੰਗਲੇ

ਜਦੋਂ ਵਿਸ਼ਨੂੰ ਗਣੇਸ਼ ਪਿੰਗਲੇ ਗਦਰ ਪਾਰਟੀ ਵਿਚ ਸ਼ਾਮਲ ਹੋਇਆ, ਤਾਂ ਉਸਦੀ ਉਮਰ 23 ਸਾਲ ਸੀ। ਉਹਨਾਂ ਦਾ ਜਨਮ ਪਿੰਡ ਤਲਾਗਾਓਂ, ਜ਼ਿਲ੍ਹਾ ਪੂਨਾ (ਮਹਾਂਰਾਸ਼ਟਰ) ਵਿਚ ਗਣੇਸ਼ ਪਿੰਗਲੇ ਦੇ ਘਰ ਹੋਇਆ। ਉਸਦੇ ਮਾਪਿਆਂ ਨੇ ਉਸਨੂੰ ਅਮਰੀਕਾ ਵਿਚ ਪੜ੍ਹਨ ਲਈ ਭੇਜਿਆ ਸੀ। ਉਹ ਸਾਨਫਰਾਂਸਿਸਕੋ (ਕੈਲੀਫੋਰਨੀਆ) ਵਿਚ ਪੜ੍ਹ ਰਹੇ ਸਨ, ਜਦੋਂ ਗਦਰ ਪਾਰਟੀ ਨੇ ਹਿੰਦੁਸਤਾਨ ਦੀ ਆਜ਼ਾਦੀ ਦਾ ਝੰਡਾ ਬੁਲੰਦ ਕੀਤਾ ਸੀ। ਇਸ ਗੋਰੇ ਰੰਗ, ਮੋਟੀਆਂ-ਮੋਟੀਆਂ ਅੱਖਾਂ ਤੇ ਸੁਡੌਲ ਜਿਸਮ ਵਾਲੇ ਨੌਜਵਾਨ ਦੇ ਦਿਲ ਵਿਚ ਦੇਸ਼ ਪਿਆਰ ਦੇ ਜਜ਼ਬੇ ਨੇ ਅੰਗੜਾਈ ਲਈ ਅਤੇ ਉਹ ਗਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਯੂਨੀਵਰਸਿਟੀ ਦੀ ਪੜ੍ਹਾਈ 'ਚੋਂ ਜੋ ਵੀ ਸਮਾਂ ਉਸਨੂੰ ਮਿਲਦਾ ਸੀ, ਉਹ ਗਦਰ ਪਾਰਟੀ ਦੇ ਦਫ਼ਤਰ ਵਿਚ ਆ ਕੇ ਕੰਮ ਕਰਿਆ ਕਰਦਾ ਸੀ। ਉਸਨੇ ਪੂਰੀ ਸੰਜੀਦਗੀ, ਲਗਨ ਅਤੇ ਸਿਰੜ ਨਾਲ ਪਾਰਟੀ ਦੇ ਕੰਮ ਨਾਲ ਰਿਸ਼ਤਾ ਜੋੜਿਆ। ਗਦਰ ਪਾਰਟੀ ਦੇ ਸਾਹਿਤ ਅਤੇ ਸਾਥੀਆਂ ਦੇ ਖਿਆਲਾਂ ਦਾ ਉਹਨਾਂ ਉੱਤੇ ਬਹੁਤ ਅਸਰ ਸੀ। ਜਦੋਂ ਪਾਰਟੀ ਨੇ ਹਿੰਦੁਸਤਾਨ ਆ ਕੇ ਇਨਕਲਾਬ ਕਰਨ ਦਾ ਫੈਸਲਾ ਕੀਤਾ ਤਾਂ ਪਿੰਗਲੇ ਜੀ ਨੇ ਯੂਨੀਵਰਸਿਟੀ ਦੀ ਪੜ੍ਹਾਈ ਨੂੰ ਅਲਵਿਦਾ ਕਹਿ ਕੇ ਜੰਗ-ਏ-ਆਜ਼ਾਦੀ ਲਈ ਕਮਰਕੱਸਾ ਕਰ ਲਿਆ। ਉਹਨਾਂ ਨੇ ਆਜ਼ਾਦੀ ਦੇ ਹੋਮ-ਕੁੰਡ ਵਿਚ ਆਪਣੀ ਅਹੂਤੀ ਦੇਣ ਦੀ ਠਾਣ ਲਈ। ਹਿੰਦੁਸਤਾਨ ਪਹੁੰਚਣ 'ਤੇ ਉਹ ਆਪਦੇ ਘਰ ਨਹੀਂ ਗਏ, ਸਗੋਂ ਸਿੱਧੇ ਬੰਗਾਲ ਜਾ ਪਹੁੰਚੇ। ਉਥੇ ਉਹ ਟੈਰੇਰਿਸਟ ਪਾਰਟੀ ਦੇ ਲੀਡਰ ਰਾਸ ਬਿਹਾਰੀ ਬੋਸ ਨੂੰ ਮਿਲੇ। ਫਿਰ ਉਹ ਬਨਾਰਸ ਜਾ ਕੇ ਸ਼ਚਿੰਦਰ ਨਾਥ ਸਨਿਆਲ, ਜੋ ਰਾਸ ਬਿਹਾਰੀ ਬੋਸ ਦੇ ਦੋਸਤ ਤੇ ਪਾਰਟੀ ਲੀਡਰ ਸਨ, ਨੂੰ ਵੀ ਮਿਲੇ। ਉਹਨਾਂ ਨੇ ਇਹਨਾਂ ਲੋਕਾਂ ਨੂੰ ਗਦਰ ਪਾਰਟੀ ਦੇ ਇਨਕਲਾਬੀ ਪ੍ਰੋਗਰਾਮ ਬਾਰੇ ਵਿਸਥਾਰ ਸਹਿਤ ਦੱਸਿਆ ਅਤੇ ਬੰਗਾਲ ਤੇ ਪੰਜਾਬ ਦੀ ਪਾਰਟੀ ਨੂੰ ਆਪਸ ਵਿਚ ਜੋੜਿਆ। ਇਸਦਾ ਨਤੀਜਾ ਇਹ ਹੋਇਆ ਕਿ ਕੁਝ ਕੁ ਦਿਨਾਂ ਵਿਚ ਹੀ ਪੰਜਾਬ ਤੋਂ ਲੈ ਕੇ ਕਲਕੱਤੇ ਤੱਕ ਗਦਰ ਲਈ ਮੈਦਾਨ ਤਿਆਰ ਹੋ ਗਿਆ। ਬੰਬ ਵਗੈਰਾ ਕਾਫੀ ਮਾਤਰਾ ਵਿਚ ਤਿਆਰ ਹੋਣ ਲੱਗੇ ਅਤੇ ਨੌਜਵਾਨਾਂ ਅੰਦਰ ਇਨਕਲਾਬੀ ਰੂਹ ਫੂਕੀ ਜਾਣ ਲੱਗੀ। ਇਸ ਸਭ ਦਾ ਸਿਹਰਾ ਪਿੰਗਲੇ ਜੀ ਨੂੰ ਜਾਂਦਾ ਸੀ।

ਰਾਸ ਬਿਹਾਰੀ ਬੋਸ ਅਤੇ ਸ਼ਚਿੰਦਰ ਨਾਥ ਜੀ ਨਾਲ ਗੱਲਬਾਤ ਕਰਨ ਤੋਂ ਬਾਅਦ ਪਿੰਗਲੇ ਜੀ ਪੰਜਾਬ ਆਏ ਅਤੇ ਬੰਗਾਲ ਪਾਰਟੀ ਦੇ ਪੂਰੀ ਤਰ੍ਹਾਂ ਨਾਲ ਮਿਲ ਜਾਣ ਦੀ ਖ਼ੁਸ਼ਖ਼ਬਰੀ ਪਾਰਟੀ ਦੇ ਜ਼ਿੰਮੇਵਾਰ ਲੀਡਰਾਂ ਨੂੰ ਦਿੱਤੀ। ਇਸਦੇ ਸਿੱਟੇ ਵਜੋਂ ਗਦਰ ਪਾਰਟੀ ਹੋਰ ਵੀ ਉਤਸ਼ਾਹ ਨਾਲ ਕੰਮ ਕਰਨ ਲੱਗੀ। ਬਾਅਦ ਵਿਚ ਉਹ ਫਿਰ ਬਨਾਰਸ ਗਏ ਅਤੇ ਇਸ ਵਾਰੀ ਸ਼ਚਿੰਦਰ ਨਾਥ ਸਨਿਆਲ ਨੂੰ ਪੰਜਾਬ ਲੈ ਆਏ। ਉਹ ਅੰਮ੍ਰਿਤਸਰ ਜਾ ਠਹਿਰੇ। ਉਥੇ ਉਹਨਾਂ ਦਾ ਮੇਲ ਕਰਤਾਰ ਸਿੰਘ ਸਰਾਭਾ ਅਤੇ ਹੋਰ ਜ਼ਿੰਮੇਵਾਰ ਸਾਥੀਆਂ ਨਾਲ ਹੋਇਆ। ਕਰਤਾਰ ਸਿੰਘ, ਸ਼ਚਿੰਦਰ ਨਾਥ ਅਤੇ ਪਿੰਗਲੇ ਜੀ

(ਬਾਕੀ ਅਗਲੇ ਸਫੇ ਤੇ)

# ਬਾਬਾ ਸੋਹਨ ਸਿੰਘ ਭਕਨਾ ਦੀਆਂ ਅਪ੍ਰਕਾਸ਼ਿਤ ਲਿਖਤਾਂ

ਫਿਰ ਬਨਾਰਸ ਗਏ। ਕਰਤਾਰ ਸਿੰਘ ਦੇ ਜਾਣ ਦਾ ਮਤਲਬ ਇਹ ਸੀ ਕਿ ਬੰਗਾਲ ਪਾਰਟੀ ਦੀ ਹੋਰ ਵਾਕਫ਼ੀਅਤ ਹਾਸਲ ਕਰੇ ਅਤੇ ਕੰਮ ਦਾ ਜਾਇਜ਼ਾ ਲਿਆ ਜਾਵੇ।

ਜਦੋਂ ਪੰਜਾਬ ਗ਼ਦਰ ਪਾਰਟੀ ਤੇ ਬੰਗਾਲ ਪਾਰਟੀ 'ਚ ਪਰਸਪਰ ਭਰੋਸਾ ਪੈਦਾ ਹੋ ਗਿਆ, ਤਾਂ ਰਾਸ ਬਿਹਾਰੀ ਬੋਸ ਵੀ ਪੰਜਾਬ ਆ ਗਏ। ਇਨਕਲਾਬੀ ਪ੍ਰਚਾਰ ਅਤੇ ਬੰਬ ਆਦਿ ਬਣਾਉਣ ਦਾ ਕੰਮ ਜ਼ੋਰਾਂ ਨਾਲ ਚੱਲਣ ਲੱਗਾ। ਸ਼ਚਿੰਦਰ ਨਾਥ ਸਨਿਆਲ ਨੂੰ ਬਨਾਰਸ ਵਿਚ ਕਾਫੀ ਜ਼ਿੰਮੇਵਾਰੀ ਦਾ ਕੰਮ ਸੌਂਪਿਆ ਗਿਆ।

21 ਫਰਵਰੀ, 1915 ਦੀ ਰਾਤ ਨੂੰ ਇਨਕਲਾਬ ਸ਼ੁਰੂ ਕਰਨ ਦਾ ਫੈਸਲਾ ਹੋ ਚੁੱਕਿਆ ਸੀ, ਪਰ ਸੀ. ਆਈ. ਡੀ. ਦੇ ਮੈਂਬਰ ਕਿਰਪਾਲ ਸਿੰਘ ਨੇ ਸਭ ਕੁਝ ਅੰਗਰੇਜ਼ੀ ਹਕੂਮਤ ਨੂੰ ਦੱਸ ਦਿੱਤਾ। ਉਹ ਗਲਤੀ ਨਾਲ ਪਾਰਟੀ ਵਿਚ ਆ ਗਿਆ ਸੀ ਅਤੇ ਐਕਸ਼ਨ ਕਮੇਟੀ ਦਾ ਮੈਂਬਰ ਬਣ ਚੁੱਕਿਆ ਸੀ। ਇਸਦਾ ਨਤੀਜਾ ਇਹ ਹੋਇਆ ਕਿ ਥਾਂ-ਥਾਂ 'ਤੇ ਛਾਪੇ ਪਏ ਅਤੇ ਪਾਰਟੀ ਲੀਡਰ ਫੜ੍ਹੇ ਗਏ। ਜਿਨ੍ਹਾਂ ਫੌਜੀ ਦਸਤਿਆਂ 'ਤੇ ਸ਼ੱਕ ਸੀ, ਉਹਨਾਂ ਦੇ ਹਥਿਆਰ ਜਮ੍ਹਾ ਕਰਵਾ ਲਏ ਗਏ। ਫਿਰੋਜ਼ਪੁਰ ਦੇ ਕਿਲੇ ਵਿਚ ਸਿੱਖ ਸਿਪਾਹੀਆਂ ਦੀ ਤਬਦੀਲੀ ਕੀਤੀ ਗਈ ਅਤੇ ਉਹਨਾਂ ਦੀ ਜਗ੍ਹਾ ਉੱਤੇ ਗੋਰੇ ਸਿਪਾਹੀ ਲਾਏ ਗਏ। ਸਾਰਾ ਇਨਕਲਾਬੀ ਜਾਲ ਫੇਲ੍ਹ ਹੋ ਗਿਆ।

ਗ੍ਰਿਫ਼ਤਾਰੀ ਤੋਂ ਕੁਝ ਹੀ ਸਮਾਂ ਪਹਿਲਾਂ ਰਾਸ ਬਿਹਾਰੀ ਬੋਸ ਤੇ ਪਿੰਗਲੇ ਜੀ ਬਨਾਰਸ ਵੱਲ ਤੁਰ ਗਏ। ਰਸਤੇ ਵਿਚ ਪਿੰਗਲੇ ਮੇਰਠ ਛਾਉਣੀ ਵਿਚ ਮੁੜ ਇਨਕਲਾਬੀ ਪ੍ਰਚਾਰ ਕਰਨ ਲਈ ਸਿਪਾਹੀਆਂ 'ਚ ਜਾ ਦਾਖਲ ਹੋਏ। ਪਰ ਹੁਣ ਸਰਕਾਰ ਹੁਸ਼ਿਆਰ ਹੋ ਚੁੱਕੀ ਸੀ। ਪਿੰਗਲੇ ਜੀ ਮੇਰਠ ਵਿਚ ਗ੍ਰਿਫ਼ਤਾਰ ਹੋ ਗਏ। ਜਿਸ ਵੇਲੇ ਉਹ ਫੜ੍ਹੇ ਏ, ਉਸ ਵਕਤ ਉਹਨਾਂ ਕੋਲ ਬੜੇ ਜ਼ਬਰਦਸਤ ਕਿਸਮ ਦੇ ਬੰਬ ਸਨ। ਕਿਉਂਕਿ ਉਹਨਾਂ ਦੀ ਗ੍ਰਿਫ਼ਤਾਰੀ ਅਚਨਚੇਤ ਹੀ ਹੋਈ ਸੀ, ਇਸ ਲਈ ਉਹਨਾਂ ਨੂੰ ਬੰਬ ਚਲਾਉਣ ਦਾ ਮੌਕਾ ਹੀ ਨਾ ਮਿਲ ਸਕਿਆ। ਜਦੋਂ ਇਹ ਅਦਾਲਤ 'ਚ ਪੇਸ਼ ਹੋਏ, ਤਾਂ ਸਰਕਾਰੀ ਮਾਹਿਰਾਂ ਦਾ ਅੰਦਾਜ਼ਾ ਸੀ ਕਿ ਇਹ ਬੰਬ ਬਹੁਤ ਹੀ ਖਤਰਨਾਕ ਸਨ ਅਤੇ ਸੈਂਕੜੇ ਲੋਕਾਂ ਦਾ ਨੁਕਸਾਨ ਕਰ ਸਕਦੇ ਹਨ।

ਅਦਾਲਤ ਨੇ 23 ਹੋਰ ਸਾਥੀਆਂ ਸਮੇਤ ਪਿੰਗਲੇ ਜੀ ਨੂੰ ਮੌਤ ਦੀ ਸਜ਼ਾ ਸੁਣਾਈ, ਜੋ ਉਹਨਾਂ ਨੇ ਖਿੜੇ ਮੱਥੇ ਪ੍ਰਵਾਨ ਕੀਤੀ। ਗ੍ਰਿਫ਼ਤਾਰੀ ਸਮੇਂ ਮਹਾਂਰਾਸ਼ਟਰ ਦੀ ਸੀ. ਆਈ. ਡੀ. ਨੇ ਬਹੁਤ ਕੋਸ਼ਿਸ਼ ਕੀਤੀ ਕਿ ਪਿੰਗਲੇ ਜੀ ਨੂੰ ਵਾਅਦਾ ਮੁਆਫ਼ ਗਵਾਹ ਬਣਾਇਆ ਜਾ ਸਕੇ। ਉਹ ਕਈ ਵਾਰ ਜੇਲ੍ਹ ਆਏ ਅਤੇ ਕੋਰਾ ਜਵਾਬ ਲੈ ਕੇ ਨਿਮੋਸ਼ੀ ਨਾਲ ਮੁੜਦੇ ਰਹੇ। ਭੈਅ, ਲਾਲਚ ਅਤੇ ਇੱਜ਼ਤ ਦੀ ਤਾਂਘ ਕੋਈ ਵੀ ਚੀਜ਼ ਪਿੰਗਲੇ ਜੀ ਨੂੰ ਆਪਣੇ ਰਸਤੇ ਤੋਂ ਭਟਕਾ ਨਾ ਸਕੀ। ਅਖੀਰ 16 ਨਵੰਬਰ, 1915 ਨੂੰ ਦੂਜੇ ਛੇ ਸਾਥੀਆਂ ਸਮੇਤ ਪਿੰਗਲੇ ਜੀ ਨੂੰ ਵੀ ਫਾਂਸੀ ਲਟਕਾਉਣ ਲਈ ਸੂਲੀ-ਘਰ 'ਚ ਲਿਆਂਦਾ ਗਿਆ। ਆਖਰੀ ਵੇਲੇ ਜਦੋਂ ਕਾਤਲਾਂ ਨੇ ਪੁੱਛਿਆ ਕਿ ਉਹ ਕੁਝ ਕਹਿਣਾ ਚਾਹੁੰਦੇ ਹਨ ਤਾਂ ਪਿੰਗਲੇ ਜੀ ਨੇ ਕਿਹਾ- ''ਮੈਂ ਦੋ ਮਿੰਟ ਪ੍ਰਾਰਥਨਾ ਕਰਨਾ ਚਾਹੁੰਦਾ ਹਾਂ।''

ਹੱਥਕੜੀ ਉਤਾਰ ਦਿੱਤੀ ਗਈ। ਪਿੰਗਲੇ ਜੀ ਨੇ ਪ੍ਰਾਰਥਨਾ ਕੀਤੀ- ''ਹੇ ਭਗਵਾਨ! ਮੇਰੀ ਆਖਰੀ ਕਾਮਨਾ ਇਹੀ ਹੈ ਕਿ ਭਾਰਤ ਆਜ਼ਾਦ ਹੋ ਜਾਵੇ।''

ਇਸ ਤੋਂ ਬਾਅਦ ਉਹ ਫਾਂਸੀ ਦੇ ਤਖਤੇ ਤੇ ਜਾ ਖੜ੍ਹੇ ਹੋਏ ਅਤੇ ਫਾਂਸੀ ਦੀ ਰੱਸੀ ਖੁਦ ਆਪਣੇ ਗਲ਼ ਵਿਚ ਪਾਈ। ਜਲਾਦ ਨੇ ਤਖਤਾ ਖਿੱਚ ਦਿੱਤਾ ਅਤੇ ਪਿੰਗਲੇ ਜੀ ਹਮੇਸ਼ਾ ਲਈ ਅਮਰ ਪਦ ਪਾ ਗਏ।

### ਜਗਤ ਸਿੰਘ

ਜਗਤ ਸਿੰਘ ਦੀ ਉਮਰ ਲੱਗਭੱਗ 35 ਸਾਲ ਸੀ ਜਦੋਂ ਉਹ ਗ਼ਦਰ ਪਾਰਟੀ ਵਿਚ ਸ਼ਾਮਲ ਹੋਏ ਸਨ। ਉਹਨਾਂ ਦਾ ਜਨਮ ਪਿੰਡ ਸੁਰਸਿੰਘ, ਜ਼ਿਲ੍ਹਾ ਲਾਹੌਰ ਵਿਚ ਸ: ਅਰੂੜ ਸਿੰਘ ਦੇ ਘਰ ਹੋਇਆ। ਸੁਰਸਿੰਘ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਅਹਿਮ ਮੁਕਾਮ ਰੱਖਦਾ ਹੈ। ਇਸ ਪਿੰਡ ਨੇ ਇੰਦਰ ਸਿੰਘ, ਜਵੰਦ ਸਿੰਘ, ਪ੍ਰੇਮ ਸਿੰਘ, ਕਾਲਾ ਸਿੰਘ, ਗੁਰਦਿੱਤ ਸਿੰਘ ਤੇ ਜਗਤ ਸਿੰਘ ਵਰਗੇ ਸੂਰਬੀਰ ਪੈਦਾ ਕੀਤੇ, ਜਿਹਨਾਂ ਨੇ ਕੌਮ ਦੀ ਆਜ਼ਾਦੀ ਲਈ ਕੈਨੇਡਾ ਤੇ ਅਮਰੀਕਾ ਵਿਚ ਹਜ਼ਾਰਾਂ ਡਾਲਰਾਂ ਦੀ ਆਮਦਨੀ 'ਤੇ ਲੱਤ ਮਾਰੀ ਅਤੇ ਆਜ਼ਾਦੀ ਹਾਸਲ ਕਰਨ ਦੇ ਮੰਤਵ ਲਈ ਦੇਸ਼ ਵਿਚ ਆ ਕੇ ਫਾਂਸੀ ਤੇ ਕਾਲੇਪਾਣੀ ਦੀਆਂ ਸਜ਼ਾਵਾਂ ਨੂੰ ਹੱਸ-ਹੱਸ ਕੇ ਕਬੂਲ ਕੀਤਾ, ਗੁਲਾਮ ਰੱਖਣ ਵਾਲਿਆਂ ਦੇ ਸਾਹਮਣੇ ਸਿਰ ਨਾ ਝੁਕਾਇਆ। ਇਸੇ ਪਿੰਡ ਦੇ ਇਹਨਾਂ ਸਾਥੀਆਂ ਵਿਚ ਜਗਤ ਸਿੰਘ ਵੀ ਸਨ, ਜੋ ਕੁਝ ਸਮਾਂ ਚੀਨ ਵਿਚ ਰਹਿਣ ਉਪਰੰਤ ਕਨੇਡਾ ਪਹੁੰਚੇ ਸਨ। ਕਨੇਡਾ 'ਚੋਂ ਉਹ ਕੈਲੀਫੋਰਨੀਆ ਪਹੁੰਚ ਕੇ ਖੇਤ ਮਜ਼ਦੂਰ ਦਾ ਕੰਮ ਕਰਦੇ ਰਹੇ, ਬਾਗਾਂ 'ਚੋਂ ਫਲ ਤੋੜਦੇ ਰਹੇ ਅਤੇ 15-20 ਰੁਪਏ ਰੋਜ਼ਾਨਾ ਕਮਾਉਣ ਲੱਗ ਪਏ।

ਜਦੋਂ ਗ਼ਦਰ ਪਾਰਟੀ ਕਾਇਮ ਹੋਈ, ਤਾਂ ਦੂਜੇ ਹਿੰਦੀ ਦੇਸ਼ ਭਗਤਾਂ ਦੀ ਤਰ੍ਹਾਂ ਉਹਨਾਂ ਦੇ ਦਿਲ ਅੰਦਰ ਵੀ ਆਜ਼ਾਦੀ ਦੀ ਲਗਨ ਪੈਦਾ ਹੋ ਗਈ। ਜਦੋਂ ਪਾਰਟੀ ਨੇ ਭਾਰਤ ਆ ਕੇ ਇਨਕਲਾਬ ਕਰਨ ਦਾ ਸੱਦਾ ਦਿੱਤਾ, ਤਾਂ ਆਪ ਸਭ ਕੁਝ ਪਾਰਟੀ ਦੇ ਹਵਾਲੇ ਕਰਕੇ ਆਜ਼ਾਦੀ ਦੀ ਵੇਦੀ 'ਤੇ ਅਹੂਤੀ ਦੇਣ ਲਈ ਆਪਣੇ ਸਾਥੀਆਂ ਸਮੇਤ ਹਿੰਦੁਸਤਾਨ ਆਏ ਅਤੇ ਕੰਮ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਲੱਗੇ।

ਉਹ ਸੁਡੌਲ ਜੁੱਸੇ ਵਾਲੇ ਦਲੇਰ ਨੌਜਵਾਨ ਸਨ। ਜਦੋਂ ਐਕਸ਼ਨ ਕਮੇਟੀ ਨੇ ਲਾਹੌਰ ਤੋਂ ਬਾਹਰ ਤਿੰਨ ਸਾਥੀਆਂ ਨੂੰ ਖਾਸ ਕਾਰਜ ਲਈ ਭੇਜਿਆ ਤਾਂ ਜਗਤ ਸਿੰਘ ਉਹਨਾਂ ਵਿਚ ਸ਼ਾਮਲ ਸਨ। ਉਹ ਤਿੰਨੋਂ ਟਾਂਗੇ 'ਤੇ ਅਨਾਰਕਲੀ 'ਚੋਂ ਗੁਜ਼ਰ ਰਹੇ ਸਨ ਕਿ ਪੁਲਿਸ ਨੂੰ ਉਹਨਾਂ 'ਤੇ ਸ਼ੱਕ ਹੋ ਗਿਆ। ਇਕ ਸਬ-ਇੰਸਪੈਕਟਰ ਤੇ ਤਿੰਨ ਸਿਪਾਹੀਆਂ ਨੇ ਟਾਂਗੇ ਨੂੰ ਰੋਕ ਲਿਆ ਅਤੇ ਤਿੰਨਾਂ ਨੂੰ ਕੋਤਵਾਲੀ ਚੱਲਣ ਲਈ ਮਜਬੂਰ ਕਰਨ ਲੱਗੇ। ਕੋਤਵਾਲੀ ਜਾਣਾ ਉਹਨਾਂ ਲਈ ਮੌਤ ਦੇ ਮੂੰਹ ਪੈਣ ਵਾਲੀ ਗੱਲ ਸੀ। ਉਹਨਾਂ ਕੋਲ ਪਸਤੌਲ ਸਨ ਤੇ ਉਹਨਾਂ ਨੇ ਫਾਇਰ ਕਰ ਦਿੱਤੇ। ਸਬ-ਇੰਸਪੈਕਟਰ ਤਾਂ ਮੌਕੇ 'ਤੇ ਹੀ ਮਰ ਗਿਆ ਅਤੇ ਸਿਪਾਹੀ ਜ਼ਖ਼ਮੀ ਹੋ ਗਏ। ਇਹ ਤਿੰਨੋਂ- ਜਗਤ ਸਿੰਘ, ਅਰਜਨ ਸਿੰਘ ਤੇ ਹਰਨਾਮ ਸਿੰਘ- ਸਿਆਲਕੋਟ ਵੱਲ ਨੂੰ ਭੱਜ ਤੁਰੇ। ਜਗਤ ਸਿੰਘ ਤੇ ਹਰਨਾਮ ਸਿੰਘ ਤਾਂ ਭੱਜਣ 'ਚ ਸਫਲ ਹੋ ਗਏ, ਪਰ ਅਰਜਨ ਸਿੰਘ ਫੜਿਆ ਗਿਆ। ('ਫਾਂਸੀ ਕੇ ਪੁਜਾਰੀ' ਦੇ ਲੇਖਕ ਨੇ ਜਗਤ ਸਿੰਘ ਦੀ ਗ੍ਰਿਫ਼ਤਾਰੀ ਦੀ ਗੱਲ ਲਿਖੀ ਹੈ, ਜੋ ਕਿਸੇ ਗਲਤ ਇਤਲਾਹ 'ਤੇ ਆਧਾਰਿਤ ਹੈ।)

ਜਦੋਂ ਪਾਰਟੀ ਅਸਫਲ ਹੋ ਗਈ ਅਤੇ ਬਹੁਤ ਸਾਰੇ ਮੈਂਬਰ ਹਿੰਦੁਸਤਾਨ ਛੱਡਣ ਲਈ ਮਜਬੂਰ ਹੋ ਗਏ, ਤਾਂ ਜਗਤ ਸਿੰਘ ਵੀ ਕਰਤਾਰ ਸਿੰਘ ਸਰਾਭਾ ਤੇ ਹਰਨਾਮ ਸਿੰਘ ਟੁੰਡੀਲਾਟ ਨਾਲ ਸਰਗੋਧੇ ਵੱਲ ਰਵਾਨਾ ਹੋ ਗਿਆ। ਜਗਤ ਸਿੰਘ ਕਨੇਡਾ ਜਾਣ ਤੋਂ ਪਹਿਲਾਂ ਰਸਾਲਾ ਨੰ: 35 ਵਿਚ ਨੌਕਰੀ ਕਰ ਚੁੱਕੇ ਸਨ ਅਤੇ ਰਸਾਲਾ ਨੰ: 35 ਦਾ ਘੋੜਿਆਂ ਦਾ ਤਬੇਲਾ ਚੱਕ ਨੰ: 5 ਸਰਗੋਧਾ ਵਿਚ ਸੀ। ਜਦੋਂ ਉਹ ਉਥੋਂ ਗੁਜ਼ਰਨ ਲੱਗੇ ਤਾਂ ਜਗਤ ਸਿੰਘ ਦੇ ਮਨ ਵਿਚ ਖਿਆਲ ਆਇਆ ਕਿ ਉਹ ਤਾਂ ਇੱਥੇ ਬਹੁਤ ਸਾਰੇ ਸਿਪਾਹੀਆਂ ਨੂੰ ਜਾਣਦਾ ਹੈ।

ਇਹ ਇਕ ਚੰਗੀ ਗੱਲ ਹੋਵੇਗੀ ਕਿ ਇਹਨਾਂ ਦੇ ਖਿਆਲਾਤ ਬਦਲੇ ਜਾਣ ਅਤੇ ਜੇ ਕੋਈ ਗੱਲ ਬਣ ਜਾਏ, ਤਾਂ ਬਾਹਰ ਜਾਣ ਦੀ ਬਜਾਏ ਮੁੜ ਕਿਸਮਤ ਅਜ਼ਮਾਈ ਜਾਏ। ਇਸ ਖਿਆਲ ਨਾਲ ਉਹ ਚੱਕ ਨੰ: 5 ਚਲੇ ਗਏ। ਉਹਨਾਂ ਨੂੰ ਬਹੁਤ ਸਾਰੇ ਵਾਕਿਫ ਸਿਪਾਹੀ ਮਿਲੇ, ਜਿਹਨਾਂ ਨੇ ਬੜੇ ਪਿਆਰ ਦਾ ਇਜ਼ਹਾਰ ਕੀਤਾ। ਇਹ ਉਥੇ ਰੁਕ ਗਏ ਅਤੇ ਸਿਪਾਹੀਆਂ ਨਾਲ ਖੁੱਲ੍ਹਮ-ਖੁੱਲ੍ਹਾ ਵਿਚਾਰ-ਵਟਾਂਦਰਾ ਕਰਨ ਲੱਗੇ। ਇਸ ਤਬੇਲੇ ਦਾ ਇੰਚਾਰਜ ਇਕ ਰਸਾਲਦਾਰ ਸੀ, ਜੋ ਉੱਤੋਂ-ਉੱਤੋਂ ਬਹੁਤ ਪਿਆਰ ਜਿਤਾਉਂਦਾ ਸੀ, ਪਰ ਉਸਨੇ ਚੋਰੀ-ਛਿਪੇ ਇਕ ਆਦਮੀ ਨੇੜਲੇ ਥਾਣੇ ਭੇਜ ਦਿੱਤਾ। ਖ਼ਬਰ ਮਿਲਦਿਆਂ ਹੀ ਪੁਲਿਸ ਭੱਜੀ ਆਈ ਅਤੇ ਜਗਤ ਸਿੰਘ ਅਤੇ ਉਸਦੇ ਦੋਵਾਂ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

ਪਹਿਲੇ ਲਹੌਰ ਸਾਜ਼ਿਸ਼ ਕੇਸ ਵਿਚ ਜਗਤ ਸਿੰਘ ਉਸਦੇ ਛੇ ਸਾਥੀਆਂ ਸਮੇਤ ਲਾਹੌਰ ਸੈਂਟਰਲ ਜੇਲ੍ਹ ਵਿਚ 16 ਨਵੰਬਰ, 1915 ਨੂੰ ਫਾਂਸੀ 'ਤੇ ਲਟਕਾਇਆ ਗਿਆ। ਫਾਂਸੀ ਦੀ ਕੋਠੜੀ ਵਿਚ ਜਗਤ ਸਿੰਘ ਦਾ ਭਾਰ 10 ਪੌਂਡ ਵੱਧ ਗਿਆ। ਫਾਂਸੀ ਚੜ੍ਹਨ ਵੇਲੇ ਜਗਤ ਸਿੰਘ ਬਹੁਤ ਖੁਸ਼ ਸੀ ਤੇ ਕਹਿੰਦਾ ਸੀ- ''ਫਾਂਸੀ ਕੀ ਸ਼ੈਅ ਹੈ, ਜੋ ਚਾਹੋ ਤਾਂ ਮੇਰਾ ਅੰਗ-ਅੰਗ ਕੱਟ ਕੇ ਇਮਤਿਹਾਨ ਲੈ ਲਉ।''

### ਹਰਨਾਮ ਸਿੰਘ ਸਿਆਲਕੋਟ

ਇਹ ਨੌਜਵਾਨ ਉਹਨਾਂ ਇਨਕਲਾਬੀਆਂ ਵਿਚੋਂ ਸੀ, ਜੋ ਬੋਲਦੇ ਬਹੁਤ ਘੱਟ ਸਨ, ਪਰ ਕੰਮ ਬਹੁਤ ਜ਼ਿਆਦਾ ਕਰਦੇ ਸਨ। ਜਦੋਂ ਹਰਨਾਮ ਸਿੰਘ ਆਜ਼ਾਦੀ ਦੀ ਜੰਗ ਲਈ ਦੂਜੇ ਸਾਥੀਆਂ ਨਾਲ ਬਾਹਰਲੇ ਟਾਪੂਆਂ ਤੋਂ ਹਿੰਦੁਸਤਾਨ ਆਇਆ, ਤਾਂ ਉਸਦੀ ਉਮਰ ਕੋਈ 25 ਕੁ ਸਾਲ ਸੀ। ਉਸਦਾ ਜਨਮ ਪਿੰਡ ਭੱਟੀ ਗਿਆਈਆਂ ਜ਼ਿਲ੍ਹਾ ਸਿਆਲਕੋਟ ਵਿਚ ਹੋਇਆ ਸੀ ਅਤੇ ਉਹ ਰੁਜ਼ਗਾਰ ਦੀ ਭਾਲ ਵਿਚ ਵਿਦੇਸ਼ ਚਲੇ ਗਏ ਸਨ। ਉਥੇ ਗ਼ਦਰ ਪਾਰਟੀ ਦਾ ਇਨਕਲਾਬੀ ਰੰਗ ਉਹਨਾਂ 'ਤੇ ਇਸ ਕਦਰ ਚੜ੍ਹਿਆ ਕਿ ਅਖੀਰ ਤੱਕ ਨਾ ਉਤਰਿਆ। ਅਨਾਰਕਲੀ 'ਚ ਜਿਹੜੇ ਤਿੰਨ ਇਨਕਲਾਬੀ ਟਾਂਗੇ 'ਤੇ ਜਾ ਰਹੇ ਸਨ, ਹਰਨਾਮ ਸਿੰਘ ਉਹਨਾਂ ਵਿਚ ਵੀ ਸ਼ਾਮਲ ਸੀ। ਉਹ ਨਿਹਾਇਤ ਸੰਜੀਦਾ ਤੇ ਭੇਦ ਨੂੰ ਦਿਲ 'ਚ ਛੁਪਾ ਕੇ ਰੱਖਣ ਵਾਲਾ ਬੰਦਾ ਸੀ, ਭੇਸ ਬਦਲਣ 'ਚ ਮਾਹਿਰ ਸੀ ਅਤੇ ਕਈ ਵਾਰ ਪੁਲਿਸ ਦੀਆਂ ਅੱਖਾਂ 'ਚ ਘੱਟਾ ਪਾ ਕੇ ਨਿਕਲ ਗਿਆ ਸੀ।

ਜਦੋਂ ਪਾਰਟੀ ਮੈਂਬਰ ਲਾਹੌਰ ਵਿਚ ਗ੍ਰਿਫ਼ਤਾਰ ਕੀਤੇ ਗਏ, ਤਾਂ ਉਹਨਾਂ ਵਿਚ ਹਰਨਾਮ ਸਿੰਘ ਵੀ ਸਨ। ਉਹਨਾਂ ਨੇ ਪਾਰਟੀ ਕੰਮ 'ਚ ਬਹੁਤ ਹਿੱਸਾ ਲਿਆ ਸੀ। ਕਰਤਾਰ ਸਿੰਘ ਦੇ ਛੇ ਸਾਥੀ, ਜਿਹਨਾਂ ਨੂੰ 16 ਨਵੰਬਰ ਨੂੰ ਫਾਂਸੀ ਤੇ ਲਟਕਾਇਆ ਗਿਆ ਸੀ, ਹਰਨਾਮ ਸਿੰਘ ਉਹਨਾਂ ਵਿਚ ਸ਼ਾਮਲ ਸਨ। ਫਾਂਸੀ ਦੀ ਕੋਠੀ ਵਿਚ ਉਹਨਾਂ ਦਾ ਵਜ਼ਨ ਹੀ ਨਹੀਂ ਵਧਿਆ, ਸਗੋਂ ਚਿਹਰੇ 'ਤੇ ਇੰਨੀ ਲਾਲੀ ਤੇ ਰੌਣਕ ਆਈ ਕਿ ਵੇਖਣ ਵਾਲੇ ਹੈਰਾਨ ਹੋ ਗਏ ਸਨ।ਕਰਤਾਰ ਸਿੰਘ ਦੀ ਤਰ੍ਹਾਂ ਉਸਨੇ ਵੀ ਰਹਿਮ ਦੀ ਅਪੀਲ ਨਹੀਂ ਕੀਤੀ ਸੀ ਤੇ ਹੱਸ-ਹੱਸ ਕੇ ਫਾਂਸੀ ਚੜ੍ਹ ਗਏ ਸਨ। ਉਦੋਂ ਇਨਕਲਾਬੀਆਂ ਦੀਆਂ ਲਾਸ਼ਾਂ ਵਾਰਿਸਾਂ ਨੂੰ ਨਹੀਂ ਦਿੱਤੀਆਂ ਜਾਂਦੀਆਂ ਸਨ, ਸਗੋਂ ਜੇਲ੍ਹ ਅਧਿਕਾਰੀ ਖੁਦ ਹੀ ਇਹਨਾਂ ਨੂੰ ਟਿਕਾਣੇ ਲਗਾ ਦਿੰਦੇ ਸਨ ਅਤੇ ਕੋਈ ਅਖ਼ਬਾਰ ਇਹਨਾਂ ਦੀ ਖ਼ਬਰ ਤੱਕ ਅਖ਼ਬਾਰ 'ਚ ਨਹੀਂ ਛਾਪ ਸਕਦਾ ਸੀ। ਗੁਲਾਮੀ ਦੇ ਅਜਿਹੇ ਘੋਰ ਹਨੇਰੇ ਦੇ ਸਮੇਂ ਇਹਨਾਂ ਬਹਾਦਰਾਂ ਇਨਕਲਾਬੀਆਂ ਨੇ ਆਜ਼ਾਦੀ ਤੇ ਬਰਾਬਰੀ ਲਈ ਆਪਣੀਆਂ ਅਹੂਤੀਆਂ ਦਿੱਤੀਆਂ ਸਨ ਅਤੇ ਆਪਣੇ ਆਪ ਨੂੰ ਮੁਲਕ ਅਤੇ ਇਨਸਾਨੀਅਤ ਲਈ ਨਿਛਾਵਰ ਕਰ ਦਿੱਤਾ ਸੀ।

### ਬਖ਼ਸ਼ੀਸ਼ ਸਿੰਘ ਤੇ ਛੋਟਾ ਸੁਰੈਣ ਸਿੰਘ

ਇਹ ਦੋਵੇਂ ਹੀ ਉਹਨਾਂ ਦੇਸ਼ ਭਗਤਾਂ ਵਿਚੋਂ ਸਨ, ਜਿਹਨਾਂ ਨੂੰ ਕਰਤਾਰ ਸਿੰਘ ਦੇ ਨਾਲ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ। ਬਖ਼ਸ਼ੀਸ਼ ਸਿੰਘ ਅਤੇ ਸੁਰੈਣ ਸਿੰਘ, ਦੋਵਾਂ ਦੀ ਉਮਰ ਕਰੀਬ 25-25 ਸਾਲ ਸੀ। ਇਹਨਾਂ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਗਿੱਲਵਾਲੀ ਵਿਚ ਹੋਇਆ। ਬਖ਼ਸ਼ੀਸ਼ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਖੂਬਸੂਰਤ ਨੌਜਵਾਨ ਸੀ। ਇਹ ਪਹਿਲਾਂ ਪਾਰਟੀ ਮੈਂਬਰ ਨਹੀਂ ਸੀ। ਪਿੰਡ ਚੱਬਾ 'ਚ ਜਿਹੜਾ ਡਾਕਾ ਮਾਰਿਆ ਗਿਆ ਸੀ, ਇਹ ਉਸ ਵਿਚ ਸ਼ਾਮਲ ਸੀ। ਵਿਸਾਖਾ ਸਿੰਘ ਗਿੱਲਵਾਲੀ, ਜੋ ਅਮਰੀਕਾ ਤੋਂ ਆਏ ਸਨ, ਬਖ਼ਸ਼ੀਸ਼ ਸਿੰਘ ਦੇ ਚਾਚਾ ਜੀ ਸਨ।

ਭਾਵੇਂ ਡਾਕੇ ਮਾਰਨਾ ਗ਼ਦਰ ਪਾਰਟੀ ਦੇ ਪ੍ਰੋਗਰਾਮ ਦਾ ਹਿੱਸਾ ਨਹੀਂ ਸੀ, ਪਰ ਕਰਤਾਰ ਸਿੰਘ ਤੇ ਹੋਰ ਲੋਕ ਦੇਸ਼ ਦੇ ਹਾਲਾਤ ਵੇਖ ਕੇ ਡਾਕੇ ਮਾਰਨ 'ਚ ਜੁੱਟ ਗਏ ਸਨ। ਬਹੁਤ ਸਾਰੇ ਨੌਜਵਾਨ ਇਸ ਖਿਆਲ ਨਾਲ ਡਾਕਿਆਂ ਵਿਚ ਸ਼ਾਮਲ ਹੋ ਗਏ ਸਨ ਕਿ ਜੇਕਰ ਮੁਲਕ ਦੀ ਆਜ਼ਾਦੀ ਲਈ ਕਿਸੇ ਹੋਰ ਜ਼ਰੀਏ ਨਾਲ ਧਨ ਪ੍ਰਾਪਤ ਨਹੀਂ ਹੁੰਦਾ, ਤਾਂ ਡਾਕੇ ਮਾਰਨੇ ਕੋਈ ਪਾਪ ਨਹੀਂ ਹੈ। ਇਹ ਸੋਚ ਬੁਨਿਆਦੀ ਤੌਰ 'ਤੇ ਬੰਗਾਲ ਦੀ ਟੈਰੇਰਿਸਟ ਪਾਰਟੀ ਦੀ ਸੀ, ਜਿਸਦਾ ਅਸਰ ਗਦਰ ਪਾਰਟੀ ਦੇ ਕਈ ਮੈਂਬਰਾਂ ਉੱਤੇ ਪਿਆ। ਇਸ ਗਲਤ ਪਾਲਸੀ ਦੇ ਨਤੀਜੇ ਕਰਕੇ ਹੀ ਅੰਗਰੇਜ਼ੀ ਸਰਕਾਰ ਨੂੰ ਆਮ ਲੋਕਾਂ ਅੱਗੇ ਗਦਰ ਪਾਰਟੀ ਨੂੰ ਬਦਨਾਮ ਕਰਨ ਦਾ ਮੌਕਾ ਮਿਲਿਆ। ਭਾਵੇਂ ਕੁਝ ਵੀ ਹੋਵੇ, ਬਖ਼ਸ਼ੀਸ਼ ਸਿੰਘ ਅਤੇ ਛੋਟੇ ਸੁਰੈਣ ਸਿੰਘ ਦੀ ਕੋਈ ਖੁਦਗਰਜ਼ੀ ਨਹੀਂ ਸੀ। ਉਹ ਮੁਲਕ ਦੀ ਆਜ਼ਾਦੀ ਲਈ ਇਸ ਵਿਚ ਸ਼ਾਮਲ ਹੋਏ ਸਨ। ਇਸ ਲਈ ਉਹਨਾਂ ਨੂੰ ਸ਼ਹੀਦਾਂ ਦਾ ਦਰਜਾ ਦੇਣਾ ਹੀ ਨਿਆਂ ਹੈ। ਪਰ ਵੱਡਾ ਸੁਰੈਣ ਸਿੰਘ, ਜਿਸਨੇ ਚੱਬੇ 'ਚ ਡਾਕਾ ਮਰਵਾਇਆ ਸੀ, ਉਸਦੀ ਨੀਅਤ ਖੁਦਗਰਜ਼ੀ ਰਹਿਤ ਨਹੀਂ ਸੀ। ਉਸਨੇ ਚੱਬੇ ਦੇ ਸ਼ਾਹੂਕਾਰ ਦੇ ਘਰ ਡਾਕਾ ਇਸ ਕਰਕੇ ਮਰਵਾਇਆ ਸੀ, ਕਿਉਂਕਿ ਉਸਨੇ ਸ਼ਾਹੂਕਾਰ ਦਾ ਕਰਜ਼ਾ ਦੇਣਾ ਸੀ ਅਤੇ ਉਹ ਰੋਂਦਾ ਹੋਇਆ ਫਾਂਸੀ ਚੜ੍ਹਿਆ ਸੀ। ਇਹ ਫਾਂਸੀਆਂ ਲਾਹੌਰ ਸੈਂਟਰਲ ਜੇਲ੍ਹ 'ਚ ਹੋਈਆਂ ਸਨ।

### ਕਾਂਸ਼ੀ ਰਾਮ ਮੜੌਲੀ

ਆਪ ਗ਼ਦਰ ਪਾਰਟੀ ਦੇ ਉਹਨਾਂ ਜ਼ਿੰਮੇਵਾਰ ਬੰਦਿਆਂ ਵਿਚੋਂ ਸਨ, ਜਿਹਨਾਂ ਨੇ ਗਦਰ ਪਾਰਟੀ ਦੀ ਬੁਨਿਆਦ ਰੱਖੀ ਸੀ। ਆਪ ਗਦਰ ਪਾਰਟੀ ਦੇ ਖ਼ਜ਼ਾਨਚੀ ਅਤੇ ਪਾਰਟੀ ਕਮਿਸ਼ਨ ਦੇ ਤੀਜੇ ਮੈਂਬਰ ਸਨ। ਉਹ ਉਹਨਾਂ ਲਾਈਫ਼ ਮੈਂਬਰਾਂ ਵਿਚੋਂ ਸਨ, ਜਿਹਨਾਂ ਨੇ ਤਨ, ਮਨ, ਧਨ ਸਭ ਕੁਝ ਪਾਰਟੀ ਦੇ ਹਵਾਲੇ ਕਰ ਦਿੱਤਾ ਸੀ। ਉਹ ਲੱਕੜੀ ਦੇ ਇਕ ਕਾਰਖਾਨੇ ਦੇ ਠੇਕੇਦਾਰ ਸਨ, ਚੰਗਾ ਕਮਾਉਂਦੇ ਸਨ ਅਤੇ ਆਉਣ ਵਾਲੇ ਦੇਸ਼ ਭਗਤਾਂ ਦੀ ਸੇਵਾ ਅਤੇ ਬੇਕਾਰਾਂ ਨੂੰ ਕੰਮ 'ਤੇ ਲਗਵਾਉਣਾ ਉਹਨਾਂ ਦਾ ਸੁਭਾਵਿਕ ਕਰਤੱਵ ਸੀ।

ਕਾਂਸ਼ੀ ਰਾਮ ਜੀ 1882 ਵਿਚ ਮੜੌਲੀ ਕਲਾਂ, ਜ਼ਿਲ੍ਹਾ ਅੰਬਾਲਾ ਵਿਚ ਪੰਡਿਤ ਗੰਗਾ ਰਾਮ ਦੇ ਘਰ ਪੈਦਾ ਹੋਏ। ਉਹਨਾਂ ਨੇ ਪਟਿਆਲਾ ਤੋਂ ਮੈਟ੍ਰਿਕ ਪਾਸ ਕੀਤੀ ਅਤੇ ਮਾਂ-ਪਿਓ ਦੇ ਜ਼ੋਰ ਪਾਉਣ 'ਤੇ ਵੀ ਸ਼ਾਦੀ ਨਾ ਕੀਤੀ। 1902 ਵਿਚ ਉਹ ਵਿਦੇਸ਼ਾਂ ਦੇ ਸਫ਼ਰ ਨੂੰ ਤੁਰ ਪਏ ਅਤੇ ਚੀਨ ਤੇ ਹੋਰਨਾਂ ਮੁਲਕਾਂ 'ਚੋਂ ਹੁੰਦੇ ਹੋਏ ਅਮਰੀਕਾ ਜਾ ਪੁੱਜੇ। ਅਮਰੀਕਾ ਪਹੁੰਚ ਕੇ ਉਹਨਾਂ ਨੇ ਕਾਫੀ ਡਾਲਰ ਕਮਾਏ। ਉਹਨਾਂ ਦੇ ਦਿਲ ਵਿਚ ਆਜ਼ਾਦੀ ਦੀ ਲਗਨ ਸੀ, ਜਿਸਨੇ ਧਨ-ਦੌਲਤ ਹੁੰਦੇ ਹੋਏ ਵੀ ਚੈਨ ਨਾਲ ਬਹਿਣ ਨਾ ਦਿੱਤਾ ਅਤੇ ਉਹਨਾਂ ਨੇ ਆਪਣੇ ਇਨਕਲਾਬੀ ਸਾਥੀਆਂ ਨਾਲ ਮਿਲ ਕੇ ਦੇਸ਼ ਨੂੰ ਅੰਗਰੇਜ਼ੀ ਸਾਮਰਾਜ ਦੇ ਪੰਜੇ 'ਚੋਂ ਛੁਡਾਉਣ ਲਈ ਗਦਰ ਪਾਰਟੀ ਦੀ ਬੁਨਿਆਦ ਰੱਖੀ।

ਜਦੋਂ 1914 ਵਿਚ ਯੂਰਪ ਵਿਚ ਪਹਿਲੀ ਜੰਗ ਸ਼ੁਰੂ ਹੋਈ ਤਾਂ ਪਾਰਟੀ ਨੇ ਫੈਸਲਾ ਕੀਤਾ ਕਿ ਇਹ ਮੌਕਾ ਹਿੰਦੁਸਤਾਨ ਵਿਚ ਜਾ ਕੇ ਇਨਕਲਾਬੀ ਮੁਹਿੰਮ ਸ਼ੁਰੂ ਕਰਨ ਦਾ ਹੈ। ਇਹ ਫੈਸਲਾ ਹੁੰਦਿਆਂ ਹੀ ਆਜ਼ਾਦੀ ਦੇ ਪ੍ਰਵਾਨੇ ਭਾਰਤ ਦੀ ਆਜ਼ਾਦੀ ਲਈ ਅਮਰੀਕਾ ਤੋਂ ਰਵਾਨਾ ਹੋ ਗਏ। ਅੰਗਰੇਜ਼ਾਂ ਨੇ ਵੀ ਆਪਣੇ ਏਜੰਟਾਂ ਰਾਹੀਂ ਅਮਰੀਕਾ ਤੋਂ ਆਉਣ ਵਾਲੇ ਇਨਕਲਾਬੀਆਂ ਦੇ ਇਰਾਦੇ ਦਾ ਪਤਾ ਲਗਾ ਲਿਆ ਸੀ ਅਤੇ ਉਹਨਾਂ ਨੇ ਹਿੰਦੁਸਤਾਨ ਦੀਆਂ ਤਮਾਮ ਬੰਦਰਗਾਹਾਂ ਦੀ ਨਾਕਾਬੰਦੀ ਕਰ ਰੱਖੀ ਸੀ। ਇਨਕਲਾਬੀਆਂ ਦੇ ਬਹੁਤ ਸਾਰੇ ਪੂਰ ਬੰਦਰਗਾਹਾਂ 'ਤੇ ਉੱਤਰਨ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਏ ਗਏ। ਕਾਂਸ਼ੀ ਰਾਮ ਜੀ ਕਿਵੇਂ ਨਾ ਕਿਵੇਂ ਅੰਗਰੇਜ਼ੀ ਸਾਮਰਾਜ ਦੀ ਉਕਾਬੀ-ਨਜ਼ਰ ਤੋਂ ਬਚ ਕੇ ਪੰਜਾਬ ਪਹੁੰਚ ਗਏ ਸਨ।

ਪੰਜਾਬ ਪਹੁੰਚਣ ਵਾਲੇ ਇਨਕਲਾਬੀਆਂ ਦੀ ਇਹ ਮੀਟਿੰਗ ਲੁਧਿਆਣੇ 'ਚ ਹੋਈ। ਇੱਥੇ ਫੈਸਲਾ ਹੋਇਆ ਕਿ ਇਕ ਵਾਰ ਘਰੀਂ ਜਾ ਕੇ ਆਪੋ-ਆਪਣੇ ਪਰਿਵਾਰ ਵਾਲਿਆਂ ਨੂੰ ਮਿਲ ਲਿਆ ਜਾਏ ਅਤੇ ਤਿੰਨ ਦਿਨਾਂ ਬਾਅਦ ਮੁੜ ਇੱਥੇ ਹੀ ਇਕੱਠੇ ਹੋਇਆ ਜਾਵੇ। 18 ਨਵੰਬਰ, 1914 ਨੂੰ ਕਾਂਸ਼ੀ ਰਾਮ ਜੀ 12 ਵਰ੍ਹਿਆਂ ਬਾਅਦ ਘਰ ਆਏ ਅਤੇ ਆਪਣੇ ਪਿਤਾ ਜੀ ਅਤੇ ਪਿੰਡ ਦੇ ਹੋਰ ਲੋਕਾਂ ਨੂੰ ਮਿਲੇ। ਫਿਰ ਤਿੰਨ ਘੰਟਿਆਂ ਬਾਅਦ ਹੀ ਆਪਣੇ ਖਾਨਦਾਨ ਵਾਲਿਆਂ ਨੂੰ ਇਹ ਕਹਿ ਕੇ ਕਿ ਮੈਨੂੰ ਲਾਹੌਰ ਵਿਚ ਕੋਈ ਜ਼ਰੂਰੀ ਕੰਮ ਹੈ, ਘਰੋਂ ਤੁਰ ਪਏ। ਵਾਹ ਰੀ ਲਗਨ। ਧੰਨ ਹਨ ਉਹ ਇਨਕਲਾਬੀ ਲੋਕ, ਜਿਹਨਾਂ ਨੂੰ ਆਮ ਲੋਕਾਂ ਦੀ ਗੁਲਾਮੀ ਤੇ ਦੁੱਖ ਦਾ ਦਰਦ ਹੈ ਅਤੇ ਦੁਨੀਆਂ ਦੀ ਖੁਦਗਰਜ਼ੀ ਅਤੇ ਝੂਠੇ ਮੋਹ ਤੋਂ ਉੱਤੇ ਹਨ। ਇਹੀ ਸੱਚੇ ਇਨਕਲਾਬੀ ਹਨ।

ਉਹ ਪਾਰਟੀ ਦੇ ਹੁਕਮ ਮੁਤਾਬਕ ਲੁਧਿਆਣੇ ਆ ਪਹੁੰਚੇ। ਇੱਥੇ ਹੋਏ ਸਮੇਂ 'ਤੇ ਪਾਰਟੀ ਦੀ ਹੰਗਾਮੀ ਮੀਟਿੰਗ ਹੋਈ। ਫੈਸਲਾ ਹੋਇਆ ਕਿ 15 ਜਾਂਬਾਜ਼ ਫਿਰੋਜ਼ਪੁਰ ਛਾਉਣੀ 'ਚ ਕੰਮ ਦਾ ਜ਼ਿੰਮਾ ਲੈਣ। ਕਾਂਸ਼ੀ ਰਾਮ ਤੇ 14 ਹੋਰ ਸਾਥੀਆਂ ਨੂੰ ਇਹ ਅਹਿਮ ਕੰਮ ਤੇ ਜ਼ਿੰਮੇਵਾਰੀ ਸੌਂਪੀ ਗਈ। ਇਹ ਪਾਰਟੀ ਆਪਣੇ ਕੰਮ ਨੂੰ ਸਿਰੇ ਚਾੜ੍ਹਨ ਲਈ ਫਿਰੋਜ਼ਪੁਰ ਨੂੰ ਰਵਾਨਾ ਹੋ ਗਈ, ਪਰ ਫਿਰੋਜ਼ਪੁਰ ਤੋਂ 9 ਮੀਲ ਉਰੇ ਹੀ ਪੁਲਿਸ ਨਾਲ ਮੁਠਭੇੜ ਹੋ ਗਈ। ਕਈ ਘੰਟਿਆਂ ਤੱਕ ਦੁਵੱਲੀ ਗੋਲੀਬਾਰੀ ਹੁੰਦੀ ਰਹੀ। ਪੁਲਿਸ ਦਾ ਇਕ ਸਬ-ਇੰਸਪੈਕਟਰ ਤੇ ਇਕ ਜ਼ੈਲਦਾਰ ਮਾਰੇ ਗਏ ਅਤੇ ਇਕ ਇਨਕਲਾਬੀ ਸ਼ਹੀਦ ਹੋ ਗਿਆ। ਪੁਲਿਸ ਦੀ ਇਕ ਕੁਮਕ ਪਹੁੰਚਣ 'ਤੇ ਇਨਕਲਾਬੀ ਭੱਜਣ ਲਈ ਮਜਬੂਰ ਹੋ ਗਏ। ਇਹਨਾਂ ਵਿਚੋਂ 7 ਸਾਥੀ ਤਾਂ ਬਚ ਕੇ ਨਿਕਲ ਗਏ ਪਰ ਛੇ ਸਾਥੀ, ਜਿਹਨਾਂ ਵਿਚ ਕਾਂਸ਼ੀ ਰਾਮ ਤੇ ਰਹਿਮਤ ਅਲੀ ਵਜੀਦਕੇ ਸ਼ਾਮਲ ਸਨ, ਗ੍ਰਿਫ਼ਤਾਰ ਹੋ ਗਏ। ਉਹਨਾਂ ਨੂੰ ਫਿਰੋਜ਼ਪੁਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਅਤੇ ਉਥੇ ਹੀ ਸੈਸ਼ਨ ਜੱਜ ਦੀ ਅਦਾਲਤ ਵਿਚ ਅੰਗਰੇਜ਼ੀ ਰਾਜ ਵਿਰੁੱਧ ਬਗਾਵਤ ਕਰਨ ਦਾ ਮੁਕੱਦਮਾ ਸ਼ੁਰੂ ਹੋਇਆ।

ਮੁਕੱਦਮੇ ਦੇ ਦੌਰਾਨ ਸੀ. ਆਈ ਡੀ. ਨੇ ਬਹੁਤ ਕੋਸ਼ਿਸ਼ ਕੀਤੀ ਕਿ ਕਾਂਸ਼ੀ ਰਾਮ ਨੂੰ ਕਿਸੇ ਨਾ ਕਿਸੇ ਢੰਗ-ਲਾਲਚ ਜਾਂ ਭੈਅ ਨਾਲ ਮੁਖ਼ਬਰ ਬਣਾ ਲਿਆ ਜਾਵੇ, ਪਰ ਕਾਂਸ਼ੀ ਰਾਮ ਜੀ ਨੂੰ ਕੋਈ ਵੀ ਚੀਜ਼ ਆਪਣੇ ਰਾਹ ਤੋਂ ਮੋੜ ਨਾ ਸਕੀ। ਉਹਨਾਂ ਨੇ ਹਮੇਸ਼ਾ ਕੋਰਾ ਜਵਾਬ ਦਿੱਤਾ।

2 ਫਰਵਰੀ, 1915 ਨੂੰ ਸੈਸ਼ਨ ਜੱਜ ਨੇ ਜਾਇਦਾਦ ਜ਼ਬਤੀ ਤੇ ਮੌਤ ਦੀ ਸਜ਼ਾ ਦਾ ਫਤਵਾ ਦਿੱਤਾ ਅਤੇ 40 ਹਜ਼ਾਰ ਰੁਪਈਆ, ਜੋ ਉਹਨਾਂ ਨੇ ਅਮਰੀਕਾ ਤੋਂ ਭੇਜ ਕੇ ਹਿੰਦੁਸਤਾਨ ਦੀਆਂ ਬੈਂਕਾਂ 'ਚ ਜਮ੍ਹਾ ਕਰਵਾਇਆ ਸੀ, ਜ਼ਬਤ ਕਰ ਲਿਆ। ਉਹਨਾਂ ਨੇ ਇਹ ਫੈਸਲਾ ਬੜੇ ਠਰ੍ਹੰਮੇ ਤੇ ਖੁਸ਼ਮਿਜ਼ਾਜੀ ਨਾਲ ਸੁਣਿਆ ਅਤੇ ਹੱਸ ਕੇ ਜੱਜ ਦਾ ਸ਼ੁਕਰੀਆ ਅਦਾ ਕੀਤਾ। ਉਹਨਾਂ ਦੇ ਪਿਤਾ ਜੀ ਨੇ ਬਾਹਰੋਂ ਹੀ ਹਾਈਕੋਰਟ ਵਿਚ ਅਪੀਲ ਕੀਤੀ, ਜੋ 19 ਮਾਰਚ 1915 ਨੂੰ ਨਾ-ਮਨਜ਼ੂਰ ਹੋ ਗਈ। 27 ਮਾਰਚ, 1915 ਨੂੰ ਇਨਕਲਾਬ-ਜ਼ਿੰਦਾਬਾਦ ਦੇ ਨਾਅਰੇ ਮਾਰਦੇ ਹੋਏ ਪੰਡਿਤ ਕਾਂਸ਼ੀ ਰਾਮ ਜੀ ਆਜ਼ਾਦੀ ਦੀ ਦੇਵੀ ਦੇ ਕਦਮਾਂ ਵਿਚ ਆਪਣੀ ਜਵਾਨੀ ਨਿਛਾਵਰ ਕਰ ਗਏ।

ਬੈਂਕ ਦੇ ਰੁਪਏ ਤੋਂ ਇਲਾਵਾ ਪੁਲਿਸ ਨੇ ਪੰਡਿਤ ਜੀ ਦੇ ਘਰ ਦੀ ਤਲਾਸ਼ੀ ਲਈ। ਉਹਨਾਂ ਦੀਆਂ ਦੋ ਫੋਟੋਆਂ ਤੇ ਬੈਂਕ ਦੇ ਜ਼ਰੂਰੀ ਕਾਗਜ਼ਾਤ ਤੇ 50 ਤੋਲੇ ਸੋਨੇ ਦੇ ਗਹਿਣੇ, ਜੋ ਤਲਾਸ਼ੀ ਸਮੇਂ ਹੱਥ ਆਏ, ਪੁਲਿਸ ਆਪਣੇ ਨਾਲ ਲੈ ਗਈ। ਘਰ ਵਾਲਿਆਂ ਦੇ ਉਜ਼ਰ ਕਰਨ 'ਤੇ ਪੁਲਿਸ ਵਾਲਿਆਂ ਨੇ ਇਨਕਾਰ ਕੀਤਾ ਕਿ ਇਕ ਹਫਤੇ ਤੱਕ ਸਾਰੀਆਂ ਚੀਜ਼ਾਂ ਵਾਪਸ ਮਿਲ ਜਾਣਗੀਆਂ। ਅੰਗਰੇਜ਼ੀ ਹਕੂਮਤ ਤਾਂ ਖਤਮ ਹੋ ਗਈ ਹੈ, ਪਰ ਪੁਲਿਸ ਦਾ ਇਕ ਹਫਤਾ ਅਜੇ ਤੱਕ ਨਹੀਂ ਆਇਆ।

### ਰਹਿਮਤ ਅਲੀ ਤੇ ਭਾਈ ਜੀਵਨ ਸਿੰਘ

ਆਪ ਮਨੀਲਾ ਵਿਚ ਸਨ, ਮਨੀਲਾ ਦੀ ਗਦਰ ਪਾਰਟੀ ਦੇ ਰੁਕਨ ਅਤੇ ਸ਼ਹੀਦ ਭਾਈ ਜੀਵਨ ਸਿੰਘ ਦੇ ਸਾਥੀ ਸਨ। ਰਹਿਮਤ ਅਲੀ ਅਤੇ ਜੀਵਨ ਸਿੰਘ ਫਿਰੋਜ਼ਪੁਰ ਛਾਉਣੀ ਨੂੰ ਜਾਂਦੇ ਹੋਏ ਪੰਡਿਤ ਕਾਂਸ਼ੀ ਰਾਮ ਦੇ ਨਾਲ ਹੀ ਪਕੜੇ ਗਏ ਸਨ। ਰਹਿਮਤ ਅਲੀ ਰਾਏਕੋਟ ਦੇ ਕੋਲ ਪੈਂਦੇ ਪਿੰਡ ਵਜੀਦਕੇ (ਸੰਗਰੂਰ) ਤੋਂ ਸਨ। ਉਹ ਅੰਤਾਂ ਦੇ ਬਹਾਦਰ ਤੇ ਸੱਚੇ ਦੇਸ਼ ਭਗਤ ਸਨ। ਮੁਸਲਮਾਨ ਸੀ. ਆਈ. ਡੀ. ਵਾਲਿਆਂ ਨੇ ਉਹਨਾਂ ਉੱਤੇ ਬਹੁਤ ਜ਼ੋਰ ਪਾਇਆ ਅਤੇ ਇੱਥੋਂ ਤੱਕ ਕਿਹਾ ਕਿ ਤੁਸੀਂ ਕਾਫਰਾਂ ਦਾ ਸਾਥ ਦੇ ਰਹੇ ਹੋ ਅਤੇ ਮੁਸਲਮਾਨਾਂ ਨੂੰ ਬਦਨਾਮ ਕਰ ਰਹੇ ਹੋ। ਇਸ ਲਈ ਜਹੰਨਮ ਤੋਂ ਸਿਵਾ ਤੁਹਾਨੂੰ ਕੋਈ ਹੋਰ ਜਗ੍ਹਾ ਨਹੀਂ ਮਿਲੇਗੀ। ਪਰ ਰਹਿਮਤ ਅਲੀ ਨੇ ਹਮੇਸ਼ਾ ਇਹੀ ਜਵਾਬ ਦਿੱਤਾ- ''ਕਾਫਰ ਉਹ ਨਹੀਂ, ਜੋ ਲੋਕਾਈ ਤੇ ਦੇਸ਼ ਦੀ ਆਜ਼ਾਦੀ ਲਈ ਜਹਾਦ ਕਰ ਰਹੇ ਹਨ। ਕਾਫਰ ਤਾਂ ਤੁਸੀਂ ਹੋ, ਜੋ ਚੰਦ ਟੁਕੜਿਆਂ ਦੀ ਖਾਤਰ ਇਮਾਨ ਵੇਚ ਰਹੇ ਹੋ।'' ਤੇ ਆਖਿਰ ਰਹਿਮਤ ਅਲੀ ਜੀ ਫਾਂਸੀ 'ਤੇ ਚੜ੍ਹ ਗਏ, ਪਰ ਸਾਨੂੰ ਗੁਲਾਮ ਰੱਖਣ ਵਾਲੀ ਜ਼ਾਲਮ ਤਾਕਤ ਦੇ ਅੱਗੇ ਕਦੇ ਨਾ ਝੁਕੇ।

ਇਸੇ ਤਰ੍ਹਾਂ ਭਾਈ ਜੀਵਨ ਸਿੰਘ ਸਨ, ਜੋ ਰਹਿਮਤ ਅਲੀ ਦੇ ਸਾਥੀ ਤੇ ਮਨੀਲਾ ਦੀ ਗਦਰ ਪਾਰਟੀ ਦੇ ਮੈਂਬਰ ਸਨ, ਆਪਣੇ ਕਰਤੱਵ ਨੂੰ ਪੂਰਿਆਂ ਕਰਦੇ ਹੋਏ ਫਾਂਸੀ 'ਤੇ ਲਟਕ ਗਏ ਸਨ।

ਪੰਡਿਤ ਕਾਂਸ਼ੀ ਰਾਮ ਲਾਹੌਰ, ਰਹਿਮਤ ਅਲੀ ਮਿੰਟਗੁਮਰੀ ਅਤੇ ਜੀਵਨ ਸਿੰਘ ਲਾਹੌਰ ਤਿੰਨੋਂ ਇਕੱਠੇ ਹੀ ਫਿਰੋਜ਼ਪੁਰ ਕਤਲ ਕੇਸ ਵਿਚ ਫਾਂਸੀ ਚੜ੍ਹ ਗਏ ਸਨ। ਉਹਨਾਂ ਨੂੰ 27 ਮਾਰਚ 1915 ਵਿਚ ਫਾਂਸੀ ਦਿੱਤੀ ਗਈ ਸੀ।

# ਡਾ.ਅੰਬੇਡਕਰ ਅਤੇ ਦਲਿਤ ਮੁਕਤੀ ਅੰਦੋਲਨ



ਡਾ. ਰੌਣਕੀ ਰਾਮ
ਡੀਨ, ਆਰਟਸ ਫੈਕਲਟੀ
ਆਨਰੇਰੀ ਡਾਇਰੈਕਟਰ, ਆਈ. ਸੀ. ਐਸ. ਐਸ. ਆਰ
ਸ਼ਹੀਦ ਭਗਤ ਸਿੰਘ ਪ੍ਰੋਫੈਸਰ ਆਫ ਪੋਲੀਟੀਕਲ ਸਾਇੰਸ
ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ (91-977-914-2308)

(ਤੀਜੀ ਕਿਸ਼ਤ)

ਜਿਸ ਮੁੱਦੇ ਨੂੰ ਲੈ ਕੇ ਮਹਾੜ ਕਾਨਫਰੰਸ ਵਿਵਾਦਗ੍ਰਸਤ ਬਣਦੀ ਹੈ ਉਹ ਸੀ ਇਸ ਕਾਨਫਰੰਸ ਤੋਂ ਪਿਛੋਂ ਵਿਸ਼ਾ ਕਮੇਟੀ ਦੀ ਮੀਟਿੰਗ ਵਿੱਚ ਲਿਆ ਗਿਆ ਫੈਸਲਾ ਜਿਸ ਅਨੁਸਾਰ ਦੂਸਰੇ ਦਿਨ 20 ਮਾਰਚ 1927 ਨੂੰ ਡਾ. ਅੰਬੇਡਕਰ ਦੀ ਅਗਵਾਈ ਹੇਠ ਹਜ਼ਾਰਾਂ ਲੋਕਾਂ ਦਾ ਇੱਕਠ ਚੋਦਾਰ ਤਲਾਬ ਚੋਂ ਪਾਣੀ ਪੀਣ ਲਈ ਜਲੂਸ ਦੇ ਰੂਪ ਵਿੱਚ ਉਸ ਵਲ ਤੁਰਿਆ। ਸੁਰਿੰਦਰ ਨਾਥ ਟਿਪਨਸ ਅਨੁਸਾਰ ਚੋਦਾਰ ਤਲਾਬ ਤੇ ਪਾਣੀ ਪੀਣ ਦਾ ਫੈਸਲਾ ਮੌਕੇ ਤੇ ਹੀ ਕੀਤਾ ਗਿਆ ਸੀ। ਇਸ ਬਾਰੇ ਪਹਿਲਾ ਤੋਂ ਕੋਈ ਵਿਚਾਰ ਨਹੀਂ ਸੀ ਬਣਾਇਆ ਹੋਇਆ। ਇਹ ਜਲੂਸ ਸ਼ਾਇਦ ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਦਾ ਉਹ ਪਹਿਲਾ ਸਾਰਥਕ ਕਦਮ ਸੀ ਜਿਸ ਨੇ ਉਨ੍ਹਾਂ ਦੀ ਪ੍ਰਤੀਭਾਸ਼ਾਲੀ ਅਤੇ ਵਲਵਲਾ ਭਰਪੂਰ ਅਗਵਾਈ ਹੇਠ ਲੋਕਤੰਤਰਿਕ ਅਤੇ ਕਾਨੂੰਨੀ ਸਿਧਾਂਤਾਂ ਦੇ ਆਧਾਰ ਤੇ ਦਲਿਤ ਉਥਾਨ ਲਈ ਇਕ ਲੰਬੇ ਸੰਘਰਸ਼ ਦੀ ਸ਼ੁਰੂਆਤ ਕੀਤੀ। ਜਲੂਸ ਦੇ ਚੋਦਾਰ ਤਲਾਬ ਤੇ ਪਹੁੰਚਣ ਤੋਂ ਬਾਅਦ ਸਭ ਤੋਂ ਪਹਿਲਾਂ ਡਾ. ਅੰਬੇਡਕਰ ਨੇ ਪਾਣੀ ਦਾ ਘੁੱਟ ਭਰਿਆ। ਇਸ ਉਪਰੰਤ ਜਲੂਸ ਵਿੱਚ ਸ਼ਾਮਲ ਹਜ਼ਾਰਾਂ ਲੋਕਾਂ ਨੇ ਵੀ ਪਾਣੀ ਪੀਤਾ। ਇਸ ਤੋਂ ਬਾਅਦ ਜਲੂਸ ਸ਼ਾਂਤੀਪੂਰਵਕ ਤਰੀਕੇ ਨਾਲ ਵਾਪਸ ਪੰਡਾਲ ਵਿੱਚ ਪਰਤ ਆਇਆ। ਭਾਰਤ ਦੇ ਦਲਿਤ ਇਤਿਹਾਸ ਵਿੱਚ ਇਹ ਘਟਨਾ ਹਮੇਸ਼ਾ ਲਈ ਪ੍ਰੇਰਣਾ ਸਰੋਤ ਬਣ ਗਈ ਜਿਸਨੇ ਇਹ ਸਾਬਿਤ ਕਰ ਦਿੱਤਾ ਕਿ ਦਲਿਤ ਮੁਕਤੀ ਦਾ ਅੰਦੋਲਨ ਦਲਿਤ ਸਮਾਜ ਨੇ ਖ਼ੁਦ ਆਪਣੇ ਬਲਬੂਤੇ ਤੇ ਸੰਚਾਲਨ ਕਰਨਾ ਹੈ। ਇਹ ਮਹਾੜ ਅੰਦੋਲਨ ਭਾਰਤ ਵਿੱਚ ਤਤਕਾਲੀਨ ਰਾਜਨੀਤਿਕ ਆਜ਼ਾਦੀ ਦੇ ਨਾਲ-ਨਾਲ ਸਮਾਜਿਕ ਆਜਾਦੀ ਦੀ ਸ਼ੁਰੂਆਤ ਦਾ ਬਿਗਲ ਸੀ ਜਿਸਨੇ ਦੱਬੇ-ਕੁਚਲੇ ਵਰਗ ਦੇ ਲੋਕਾਂ ਵਿੱਚ ਉਨਾਂ ਉੱਪਰ ਸਦੀਆਂ ਤੋਂ ਢਾਹੇ ਜਾ ਰਹੇ ਅਣਮਨੁੱਖੀ ਜ਼ੁਲਮਾਂ ਅਤੇ ਉਨਾ ਜ਼ੁਲਮਾਂ ਨੂੰ ਧਾਰਮਿਕ ਗ੍ਰੰਥਾਂ ਦੇ ਜ਼ਰੀਏ ਜਾਇਜ਼ ਸਾਬਿਤ ਕਰਨ ਦੇ ਆਡੰਬਰ ਵਿਰੁੱਧ ਇਨਕਲਾਬੀ ਆਵਾਜ਼ ਬੁਲੰਦ ਕੀਤੀ। ਅਛੂਤ ਵਰਗ ਵਾਸਤੇ ਇਹ ਅੰਦੋਲਨ ਖ਼ਾਸ ਅਹਿਮੀਅਤ ਰੱਖਦਾ ਹੈ। ਕਿਸੇ ਗੁਲਾਮ ਦੇਸ਼ ਵਿੱਚ ਰਾਜਨੀਤਿਕ ਆਜਾਦੀ ਵਾਸਤੇ ਰਾਜਨੀਤਿਕ ਸੰਘਰਸ਼ ਕਾਫੀ ਹੱਦ ਤੱਕ ਆਸਾਨ ਹੁੰਦਾ ਹੈ ਕਿਉਂਕਿ ਉੱਥੋ ਦੀ ਆਵਾਮ ਅਜਿਹੇ ਸੰਘਰਸ਼ ਨਾਲ ਖੁਲਮ-ਖੁੱਲ੍ਹੇ ਜਾ ਫਿਰ ਚੁੱਪ-ਚਪੀਤੇ ਆਪਣੀ ਸਹਾਨਭੂਤੀ ਪੇਸ਼ ਕਰਦੀ ਹੈ ਪਰੰਤੂ ਇਸਦੇ ਉਲਟ ਸਮਾਜਿਕ ਆਜ਼ਾਦੀ ਲਈ ਸੰਘਰਸ਼ ਕਰਨਾ ਬਹੁਤ ਕਠਿਨ ਹੁੰਦਾ ਹੈ ਕਿਉਂਕਿ ਉਸ ਸਮਾਜ ਦੇ ਰੂੜ੍ਹੀਵਾਦੀ ਪਿਛਾਂਹ ਖਿਚੂ ਸੋਚ ਵਾਲੇ ਲੋਕ ਕਦੇ ਵੀ ਅਜਿਹੇ ਸੰਘਰਸ਼ ਦੀ ਅਹਿਮੀਅਤ ਭਰਨ ਨੂੰ ਤਿਆਰ ਨਹੀਂ ਹੁੰਦੇ। ਮਹਾੜ ਦਲਿਤ ਮੁਕਤੀ ਅੰਦੋਲਨ ਸਮਾਜਿਕ ਆਜ਼ਾਦੀ ਵਾਸਤੇ ਦਲਿਤ ਲੋਕਾਂ ਦਾ ਆਪਣਾ ਇੱਕ ਅਜਿਹਾ ਵਿਲੱਖਣ ਅੰਦੋਲਨ ਸੀ ਜਿਸਨੇ ਉਨਾਂ ਤਮਾਮ ਰੂੜੀਵਾਦੀ ਅਣਮਨੁੱਖੀ ਅਤੇ ਅਤਿਆਚਾਰੀ ਸਮਾਜਿਕ ਅਤੇ ਧਾਰਮਿਕ ਕਦਰਾਂ-ਕੀਮਤਾਂ ਦੇ ਪਤਨ ਲਈ ਸੰਘਰਸ਼ ਦਾ ਰਾਹ ਚੁਣਿਆ, ਜਿਨਾ ਨੇ ਭਾਰਤੀ ਸਮਾਜ ਦੇ ਇੱਕ ਬਹੁਤ ਵੱਡੇ ਹਿੱਸੇ ਨੂੰ ਸਦੀਆਂ ਤੋਂ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਕੀਤਾ ਹੋਇਆ ਸੀ। ਇਸ ਦਾ ਸਿਹਰਾ ਡਾ. ਅੰਬੇਡਕਰ ਅਤੇ ਉਸਦੇ ਦਲਿਤ ਮੁਕਤੀ ਅੰਦੋਲਨ ਨੂੰ ਜਾਂਦਾ ਹੈ।

ਮਹਾੜ ਚੋਦਾਰ ਤਲਾਬ 'ਚੋਂ ਪਾਣੀ ਦਾ ਘੁੱਟ ਭਰਨਾ, ਦਲਿਤ ਮੁਕਤੀ ਅੰਦੋਲਨ ਦੀ ਸ਼ੁਰੂਆਤ ਸੀ ਜਿਸਨੇ ਆਉਣ ਵਾਲੇ ਸਮੇਂ ਵਿੱਚ ਇੱਕ ਵਿਸ਼ਾਲ ਅਤੇ ਇਤਿਹਾਸਿਕ ਸੰਘਰਸ਼ ਦੀ ਗਾਥਾ ਬਣਨਾ ਸੀ। ਚੋਦਾਰ ਤਲਾਬ 'ਚੋਂ ਪਾਣੀ ਪੀਣ ਦੀ ਘਟਨਾ ਤੋਂ ਦੋ ਘੰਟੇ ਬਾਅਦ ਕੁਝ ਸ਼ਰਾਰਤੀ ਹਿੰਦੂਆਂ ਨੇ ਸ਼ਹਿਰ ਵਿੱਚ ਝੂਠੀ ਅਫ਼ਵਾਹ ਫੈਲਾ ਦਿੱਤੀ ਕਿ ਅਛੂਤ ਹੁਣ ਸਥਾਨਕ ਦੇਵਤੇ ਵੀਰੇਸ਼ਵਰ ਦੇ ਮੰਦਰ ਵਿੱਚ ਪਰਵੇਸ਼ ਕਰਨ ਦੀ ਤਿਆਰੀ ਕਰ ਰਹੇ ਹਨ। ਅਫ਼ਵਾਹ ਫੈਲਦੇ ਸਾਰ ਹੀ ਵੱਡੀ ਗਿਣਤੀ ਵਿੱਚ ਸਵਰਨ ਹਿੰਦੂਆਂ ਦੀ ਭੀੜ ਲਾਠੀਆ ਲੈ ਕੇ ਤੁਰੰਤ ਇਕੱਠੀ ਹੋ ਗਈ। ਦੇਖਦੇ-ਦੇਖਦੇ ਇਸ ਭੀੜ ਨੇ ਮਹਾੜ ਕਾਨਫਰੰਸ ਦੇ ਪੰਡਾਲ ਤੇ ਧਾਵਾ ਬੋਲ ਦਿੱਤਾ। ਪੰਡਾਲ ਵਿੱਚ ਰੁਕੇ ਹੋਏ ਅਛੂਤ ਸੱਤਿਆਗ੍ਰਹੀਆਂ ਤੇ ਬੇਰਹਮੀ ਨਾਲ ਲਾਠੀਆਂ ਵਰਸਾਈਆਂ, ਬਰਤਨ ਤੋੜ ਦਿੱਤੇ ਅਤੇ ਉਨ੍ਹਾਂ ਦੇ ਖਾਣੇ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਜੋ ਕੁਝ ਕੁ ਡੈਲੀਗੇਟ ਮਹਾੜ ਦੀਆਂ ਗਲੀਆਂ ਵਿੱਚ ਘੁੰਮ ਰਹੇ ਸਨ ਉਹ ਵੀ ਇਸ ਗੁੰਡਾਗਰਦੀ ਦਾ ਸ਼ਿਕਾਰ ਹੋਏ। ਛੂਤ-ਛਾਤ ਨੂੰ ਕੱਟੜਤਾ ਨਾਲ ਲਾਗੂ ਕਰਨ ਵਾਲੇ ਤੰਗ ਦਿਲ ਬ੍ਰਾਹਮਣਵਾਦੀ ਹਿੰਦੂ ਅਨਸਰਾਂ ਨੇ ਮਹਾੜ ਦੀ ਭਿੱਟ ਦੀ ਖ਼ਬਰ ਦੂਰ-ਦੁਰਾਡੇ ਪਿੰਡਾਂ ਵਿੱਚ ਵੀ ਫੈਲਾ ਦਿੱਤੀ ਅਤੇ ਉਨ੍ਹਾਂ ਪਿੰਡਾਂ ਦੇ ਸਵਰਨ ਹਿੰਦੂਆਂ ਨੂੰ ਉੱਥੋਂ ਦੇ ਉਨਾਂ ਮਹਾਰ ਲੋਕਾਂ ਦੀ ਕੁੱਟ-ਮਾਰ ਕਰਨ ਦੀ ਗੱਲ ਕੀਤੀ ਜਿਨ੍ਹਾਂ ਨੇ ਮਹਾੜ ਅੰਦੋਲਨ ਵਿੱਚ ਹਿੱਸਾ ਲਿਆ ਸੀ। ਇਸ ਵਹਿਸ਼ੀਆਨਾ ਘਟਨਾ ਦੌਰਾਨ ਜੋ ਰੋਲ ਡਾ. ਅੰਬੇਡਕਰ ਨੇ ਅਦਾ ਕੀਤਾ ਉਸਦੀ ਦਲਿਤ ਮੁਕਤੀ ਅੰਦੋਲਨ ਦੇ ਨਜ਼ਰੀਏ ਤੋਂ ਬਹੁਤ ਮਹੱਤਤਾ ਹੈ।

ਉਪਰੋਕਤ ਹੁੱਲੜਬਾਜ਼ੀ ਅਤੇ ਗੁੰਡਾਗਰਦੀ ਨੂੰ ਲੈ ਕੇ ਕੁਝ ਪੁਲਿਸ ਅਧਿਕਾਰੀਆਂ ਨੇ ਅੰਬੇਡਕਰ, ਜੋ ਕਿ ਉਸ ਸਮੇਂ ਯਾਤਰੀਆਂ ਦੇ ਬੰਗਲੇ ਵਿੱਚ ਠਹਰੇ ਹੋਏ ਸਨ, ਨਾਲ ਮੁਲਾਕਾਤ ਕੀਤੀ ਅੰਬੇਡਕਰ ਨੇ ਇਨ੍ਹਾਂ ਅਧਿਕਾਰੀਆਂ ਨੂੰ ਯਕੀਨ ਦਿਵਾਇਆ ਕਿ ''ਤੁਸੀ ਦੂਜਿਆਂ 'ਤੇ ਕਾਬੂ ਪਾਓ, ਮੈਂ ਆਪਣੇ ਲੋਕਾਂ ਨੂੰ ਸਮਝਾਉਂਦਾ ਹਾਂ''। ਇਸ ਤਰ੍ਹਾਂ ਕਹਿ ਕੇ ਅੰਬੇਡਕਰ ਆਪਣੇ ਨਾਲ ਦੋ-ਤਿੰਨ ਸਾਥੀਆਂ ਸਮੇਤ ਪੰਡਾਲ ਵੱਲ ਨੂੰ ਚੱਲ ਪਏ ਜਿੱਥੇ ਸੱਤਿਆਗ੍ਰਹੀਆਂ ਦੀ ਮਾਰ-ਪਿੱਟ ਹੋ ਰਹੀ ਸੀ। ਪੰਡਾਲ ਵੱਲ ਜਾਂਦਿਆਂ ਹੋਇਆ ਅੰਬੇਡਕਰ ਨੂੰ ਰਸਤੇ ਵਿੱਚ ਕੁਝ ਹਿੰਦੂ ਗੁੰਡਿਆਂ ਨੇ ਘੇਰਿਆ ਪਰ ਉਹ ਆਪਣੀ ਸਿਆਣਪ ਨਾਲ ਉਨ੍ਹਾਂ ਨੂੰ ਸ਼ਾਂਤ ਕਰਨ ਵਿੱਚ ਸਫ਼ਲ ਹੋ ਗਏ। ਅੰਬੇਡਕਰ ਨੇ ਉਨਾਂ ਨੂੰ ਬੜੇ ਆਰਾਮ ਨਾਲ ਸਮਝਾ ਦਿੱਤਾ ਕਿ ਉਨ੍ਹਾਂ ਦੀ ਵੀਰੇਸ਼ਵਰ ਮੰਦਰ ਵਿੱਚ ਜਾਣ ਦੀ ਨਾਂ ਹੀ ਕੋਈ ਇੱਛਾ ਸੀ ਅਤੇ ਨਾਂ ਹੀ ਅਜਿਹੀ ਕੋਈ ਯੋਜਨਾ। ਉਨਾਂ ਨੇ ਪੰਡਾਲ ਵਿੱਚ ਪੁੱਜ ਕੇ ਸਾਰੇ ਹਾਲਾਤਾਂ ਦਾ ਖ਼ੁਦ ਜਾਇਜ਼ਾ ਲਿਆ। ਡਾਕਟਰ ਨੂੰ ਬੁਲਾਇਆ ਅਤੇ ਤਕਰੀਬਨ ਵੀਹ ਸੱਤਿਆਗ੍ਰਹੀਆਂ, ਜਿਨਾਂ ਨੂੰ ਜ਼ਿਆਦਾ ਸੱਟਾਂ ਲੱਗੀਆਂ ਸਨ, ਦੀ ਮਰਹਮਪੱਟੀ ਕਰਵਾਈ। ਜਦ ਤੱਕ ਅੰਬੇਡਕਰ ਆਪਣੇ ਠਹਿਰਨ ਵਾਲੇ ਸਥਾਨ, ਯਾਤਰੀਆਂ ਦੇ ਬੰਗਲੇ ਪਹੁੰਚਦੇ ਹਨ ਉੱਥੇ ਤਕਰੀਬਨ 100 ਡੈਲੀਗੇਟਾਂ ਦੀ ਭੀੜ ਇੱਕਠੀ ਹੋ ਚੁੱਕੀ ਸੀ। ਉਹ ਆਪਣੇ ਨੇਤਾ ਦੇ ਹੁਕਮਾਂ ਦੇ ਇੰਤਜ਼ਾਰ ਵਿੱਚ ਸਨ। ਉਹ ਹਿੰਦੂ ਗੁੰਡਿਆਂ ਦੀ ਭੀੜ ਨੂੰ ਤਿੱਖਾ ਸਬਕ ਸਿਖਾਉਣ ਲਈ ਤੱਤਪਰ ਸਨ। ਉਸ ਵੇਲੇ ਤੱਕ ਉਹ ਸੱਤਿਆਗ੍ਰਹੀ ਜੋ ਮਹਾੜ ਨੂੰ ਛੱਡ ਕੇ ਅਜੇ ਨਹੀਂ ਗਏ ਸਨ, ਕੁਝ ਸ਼ਹਿਰ ਵਿੱਚ, ਕੁਝ ਪੰਡਾਲ ਵਿੱਚ ਅਤੇ ਕੁਝ ਬਾਬਾ ਸਾਹਿਬ ਦੇ ਠਹਿਰਨ ਵਾਲੇ ਸਥਾਨ ਤੇ ਇਕੱਤਰ ਸਨ ਸਾਰਿਆਂ ਨੂੰ ਮਿਲਾ ਕੇ ਸੰਪੂਰਨ ਅਛੂਤ ਸੱਤਿਆਗ੍ਰਹੀਆਂ ਦੀ ਨਫ਼ਰੀ ਹਿੰਦੂ ਗੁੰਡਾਗਰਦੀਆਂ ਤੋਂ ਕਿਤੇ ਵੱਧ ਸੀ। ਅਗਰ ਚਾਹੁੰਦੇ ਤਾਂ ਇਹ ਅਛੂਤ ਸੱਤਿਆਗ੍ਰਹੀ ਹਿੰਦੂ ਗੁੰਡਿਆਂ ਦੀਆਂ ਖੋਪੜੀਆਂ ਪਾੜ ਦਿੰਦੇ। ਅਛੂਤ ਸੱਤਿਆਗ੍ਰਹੀਆਂ ਵਿੱਚ ਕਾਫ਼ੀ ਗਿਣਤੀ ਉਨਾਂ ਵੀਰ ਮਹਾਰਾਂ ਦੀ ਸੀ ਜਿਨਾਂ ਨੇ ਪਹਿਲੇ ਵਿਸ਼ਵ ਯੁੱਧ ਦੇ ਮੈਦਾਨ ਵਿੱਚ ਵੀ ਦੋ ਹੱਥ ਕੀਤੇ ਸਨ। ਇਸ ਸਭ ਕੁਝ ਦੇ ਬਾਵਜੂਦ ਡਾ. ਅੰਬੇਡਕਰ ਸ਼ਾਂਤ ਰਹੇ। ਉਹ ਦਲਿਤ ਮੁਕਤੀ ਅੰਦੋਲਨ ਨੂੰ ਸ਼ਾਂਤੀ ਪੂਰਵਕ, ਲੋਕਤੰਤਰਿਕ ਅਤੇ ਕਾਨੂੰਨੀ ਵਿਵਸਥਾ ਨੂੰ ਬਣਾਏ ਰੱਖਣ ਦੇ ਮੰਤਵ ਨਾਲ ਚਲਾਉਣਾ ਚਾਹੁੰਦੇ ਸਨ। ਅੰਬੇਡਕਰ ਦਾ ਦਲਿਤ ਮੁਕਤੀ ਅੰਦੋਲਨ ਸ਼ਾਂਤੀਪੂਰਵਕ ਅਤੇ ਸੰਵਿਧਾਨਿਕ ਸਿਧਾਂਤਾਂ ਤੇ ਨਿਰਧਾਰਿਤ ਸੀ। ਮਹਾੜ ਅੰਦੋਲਨ ਦੀ ਇਹ ਇੱਕ ਹੋਰ ਬਹੁਤ ਵੱਡੀ ਪ੍ਰਾਪਤੀ ਸੀ ਜਿਸਨੇ ਭਾਰਤ ਵਿੱਚ ਦਲਿਤ ਮੁਕਤੀ ਅੰਦੋਲਨ ਨੂੰ ਅਹਿੰਸਾ ਅਤੇ ਸੰਵਿਧਾਨਿਕ ਸਿਧਾਂਤਾਂ ਦੀਆਂ ਲੀਹਾਂ ਤੇ ਪਾਉਂਦੇ ਹੋਏ ਉਸਨੂੰ ਇੱਕ ਨਵਾਂ ਅਤੇ ਸਾਰਥਕ ਰੂਪ ਪ੍ਰਦਾਨ ਕੀਤਾ ਜਿਸਨੇ ਆਪਣੀ ਜਿੱਤ ਦਾ ਪ੍ਰਗਟਾਵਾ ਅਖ਼ੀਰ ਵਿੱਚ ਮਹਾੜ ਚੋਦਾਰ ਤਲਾਬ ਦੇ ਸੰਘਰਸ਼ ਨੂੰ ਅਦਾਲਤਾਂ ਵਿੱਚ ਕਾਨੂੰਨੀ ਲੜਾਈ ਦੇ ਜ਼ਰੀਏ ਜਿੱਤ ਕੇ ਕੀਤਾ।

ਮਹਾੜ ਪੰਡਾਲ ਵਿੱਚ ਦੰਗਾਕਾਰੀਆਂ ਵੱਲੋਂ ਕੁੱਟ-ਮਾਰ ਦਾ ਜਾਇਜ਼ਾ ਲੈਣ ਉਪਰੰਤ ਅੰਬੇਡਕਰ ਕੁਝ ਦਿਨ ਆਪਣੇ ਸਾਥੀ ਅਨੰਤ ਰਾਓ ਚਿਤਰੇ ਨਾਲ ਮਿਲਕੇ ਪੁਲਿਸ ਥਾਣੇ ਵਿੱਚ ਠਹਿਰੇ। ਅੰਤ 23 ਮਾਰਚ 1927 ਨੂੰ ਉਹ ਸਾਰੀ ਘਟਨਾ ਦੀ ਜਾਂਚ-ਪੜਤਾਲ ਕਰਕੇ ਬੰਬਈ ਪਰਤ ਆਏ। ਬਾਅਦ ਵਿੱਚ ਪੁਲਿਸ ਨੇ ਨੌਂ ਹਿੰਦੂ ਦੰਗਾਕਾਰੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਤੇ ਕੇਸ ਚਲਾਇਆ ਅਤੇ ਜਿਨ੍ਹਾਂ ਵਿੱਚੋਂ ਪੰਜਾਂ ਨੂੰ 6 ਜੂਨ 1927 ਨੂੰ ਜਿਲ੍ਹਾ ਮੈਜਿਸਟਰੇਟ ਨੇ ਚਾਰ-ਚਾਰ ਮਹੀਨਿਆਂ ਦੀ ਸਜ਼ਾ ਸੁਣਾਈ। ਅੰਬੇਡਕਰ ਦਾ ਇਹ ਕਹਿਣਾ ਸੱਚਾਈ ਤੋਂ ਦੂਰ ਨਹੀਂ ਹੈ ਕਿ ਅਗਰ ਇਸ ਕੇਸ ਦਾ ਮੁਨਸਿਫ ਇੱਕ ਗੈਰ ਹਿੰਦੂ ਨਾ ਹੁੰਦਾ ਤਾਂ ਸ਼ਾਇਦ ਸਜ਼ਾ ਨਾ ਹੁੰਦੀ। ਉਨ੍ਹਾਂ ਅਨੁਸਾਰ ਅਗਰ ਉਸ ਵੇਲੇ ਪੇਸ਼ਵਾ ਦਾ ਰਾਜ਼ ਹੁੰਦਾ ਤਾਂ ਉਨ੍ਹਾਂ ਨੂੰ ਹਾਥੀ ਥੱਲੇ ਮਿੱਧ ਕੇ ਮਰਵਾ ਦੇਣਾ ਸੀ।

ਮਹਾੜ ਅੰਦੋਲਨ ਦਾ ਅਜੇ ਤੱਕ ਅੰਤ ਨਹੀਂ ਸੀ ਹੋਇਆ। ਹੁਣ ਇਹ ਅੰਦੋਲਨ ਚੋਦਾਰ ਤਲਾਬ 'ਚੋਂ ਪਾਣੀ ਪੀਣ ਤੋਂ ਵੱਧ ਕੇ ਦਲਿਤ ਸਮਾਜ ਦੀ ਮਨੁੱਖੀ ਅਧਿਕਾਰਾਂ ਨੂੰ ਪ੍ਰਾਪਤ ਕਰਨ ਦੀ ਵਿਸ਼ਾਲ ਸਮਾਜਿਕ ਲੜਾਈ ਦਾ ਪ੍ਰਚੰਡ ਰੂਪ ਧਾਰਨ ਕਰ ਚੁੱਕਾ ਸੀ। ਇਹ ਸਮਾਜਿਕ ਲੜਾਈ ਨੂੰ ਸੰਬੋਧਿਤ ਅੰਦੋਲਨ ਹੌਲੀ-ਹੌਲੀ ਭਾਰਤ ਦੀ ਅੰਦਰੂਨੀ ਸਮਾਜਿਕ ਆਜਾਦੀ ਦੀ ਲਹਿਰ ਵਿੱਚ ਬਦਲਣਾ ਸ਼ੁਰੂ ਹੋ ਜਾਂਦਾ ਹੈ। ਜਿਸਨੂੰ ਡਾ. ਅੰਬੇਡਕਰ ਨੇ ਲੋਕਤੰਤਰਿਕ ਅਤੇ ਕਾਨੂੰਨੀ ਤੌਰ-ਤਰੀਕੇ ਨਾਲ ਬਹੁਤ ਹੀ ਸੁਚੱਜੇ ਢੰਗ ਨਾਲ ਦਲਿਤ ਮੁਕਤੀ ਅੰਦੋਲਨ ਦੇ ਰੂਪ ਵਿੱਚ ਮੂਰਤੀਮਾਨ ਕੀਤਾ। ਮਹਾੜ ਦੀ ਭਿੱਟ ਅਤੇ ਉਸਤੋਂ ਬਾਅਦ ਹੋਈ ਹੁੱਲੜਗਰਦੀ ਕੁਝ ਸਮੇਂ ਬਾਅਦ ਇੱਕ ਹੋਰ ਮੋੜ ਲੈਂਦੀ ਹੈ, ਜਿਸਦੀ ਪ੍ਰਤਿਕਿਰਿਆਂ ਵਜੋਂ ਡਾ. ਅੰਬੇਡਕਰ ਨੂੰ ਦਲਿਤ ਮੁਕਤੀ ਅੰਦੋਲਨ ਨੂੰ ਹੋਰ ਅੱਗੇ ਵਧਾਉਣ ਦਾ ਇੱਕ ਸੁਨਹਿਰੀ ਮੌਕਾ ਮਿਲਦਾ ਹੈ। ਚੋਦਾਰ ਤਲਾਬ ਦੀ ਭਿੱਟ ਤੋਂ ਮੁਕਤੀ ਹਾਸਿਲ ਕਰਨ ਦੇ ਟੀਚੇ ਨਾਲ ਮਹਾੜ ਦੇ ਹਿੰਦੂਆਂ ਨੇ ਇਸ ਵਿੱਚੋਂ 108 ਘੜੇ ਪਾਣੀ ਕੱਢੇ ਅਤੇ ਉਨ੍ਹਾਂ ਵਿੱਚ 'ਪੰਚ ਗਵਯ' (ਗਊ ਦਾ ਪੇਸ਼ਾਬ, ਗੋਹਾ, ਦੁੱਧ, ਦਹੀ ਅਤੇ ਮੱਖਣ) ਘੋਲ ਕੇ ਮੁੜ ਇਹ ਪਾਣੀ ਤਾਲਾਬ ਨੂੰ ਸ਼ੁੱਧ ਕਰਨ ਲਈ ਉਸ ਵਿੱਚ ਮਿਲਾਇਆ ਗਿਆ। ਇਸ ਘਟਨਾ ਨੇ ਡਿਪਰੈਸਡ ਕਲਾਸਿਜ਼ ਅਤੇ ਡਾ. ਅੰਬੇਡਕਰ ਦੇ ਮਨ ਨੂੰ ਝੰਜੋੜ ਦਿੱਤਾ। ਡਾ. ਅੰਬੇਡਕਰ ਨੇ ਇਸ ਘਟਨਾ ਤੋਂ ਬਾਅਦ ਮਨੁੱਖੀ ਅਧਿਕਾਰਾਂ ਦੀ ਬਹਾਲੀ ਲਈ ਸੱਤਿਆਗ੍ਰਹ ਸੰਘਰਸ਼ ਦੀ ਯੋਜਨਾ ਬਣਾਈ। ਮਹਾਰਾਸ਼ਟਰਾਂ ਦੇ ਗ਼ੈਰ ਬ੍ਰਾਹਮਣ ਨੇਤਾਵਾਂ (ਜਬਲਕਰ ਅਤੇ ਜੇਦੇ) ਨੇ ਡਾ. ਅੰਬੇਡਕਰ ਨੂੰ ਇਸ ਸੰਘਰਸ਼ ਵਾਸਤੇ ਆਪਣੀ ਪੂਰੀ ਸਹਾਇਤਾ ਦਾ ਵਿਸ਼ਵਾਸ਼ ਦਿਵਾਇਆ ਬਸ਼ਰਤੇ ਕਿ ਉਹ ਇਸ ਸੰਘਰਸ਼ ਵਿੱਚ ਕਿਸੇ ਵੀ ਬ੍ਰਾਹਮਣ ਨੂੰ ਨਾ ਲੈਣ, ਸੰਘਰਸ਼ ਸ਼ਾਂਤੀਪੂਰਵਕ ਹੋਵੇ ਅਤੇ ਮਹਾੜ ਵਿੱਚ ਇੱਕ ਸਭਾ ਬੁਲਾਉਣ ਉਪਰੰਤ ਇਸਨੂੰ ਵੱਡੇ ਪੱਧਰ ਤੇ ਲਾਮਬੰਧ ਕੀਤਾ ਜਾਵੇ। ਬ੍ਰਾਹਮਣਾਂ ਦੀ ਸ਼ਿਰਕਤ ਨੂੰ ਲੈ ਕੇ ਅੰਬੇਡਕਰ ਨੇ ਆਪਣੇ ਵਿਚਾਰ ਪੇਸ਼ ਕਰਦੇ ਕਿਹਾ ਕਿ ਇਹ ਕਹਿਣਾ ਸਾਰੇ ਹੀ ਬ੍ਰਾਹਮਣ ਅਛੂਤਾਂ ਦੇ ਦੁਸ਼ਮਣ ਹਨ ਇੱਕ ਗ਼ਲਤ ਧਾਰਨਾ ਹੈ। ਉਨ੍ਹਾਂ ਨੇ ਕਿਹਾ ਕਿ ਜਿਸ ਗੱਲ ਨੂੰ ਉਹ ਬਹੁਤ ਨਫ਼ਰਤ ਕਰਦੇ ਹਨ ਉਹ ਹੈ ਬ੍ਰਾਹਮਣਵਾਦ ਦੀ ਧਾਰਣਾ ਜਿਸਦੇ ਤਹਿਤ ਸਮਾਜ ਵਿੱਚ ਊਚ-ਨੀਚ ਨੂੰ ਪੈਦਾ ਕੀਤਾ ਜਾਂਦਾ ਹੈ ਅਤੇ ਜੋ ਅਸਮਾਨਤਾ ਅਤੇ ਕੁਝ ਲੋਕਾਂ ਨੂੰ ਵਿਸ਼ੇਸ਼ ਅਧਿਕਾਰਾਂ ਨਾਲ ਨਿਵਾਜ਼ਦੀ ਹੈ। ਉਨ੍ਹਾਂ ਨੇ ਆਪਣੀ ਗੱਲ ਨੂੰ ਤਰਕਸੰਗਤ ਅਗਾਂਹ ਤੋਰਦੇ ਹੋਏ ਕਿਹਾ ਕਿ ਉਹ ਗੈਰ ਬ੍ਰਾਹਮਣ ਜਿਹੜਾ ਊਚ-ਨੀਚ ਨੂੰ ਮੰਨਦਾ ਹੈ ਉੱਨਾ ਹੀ ਬੁਰਾ ਹੈ ਜਿਨਾਂ ਕਿ ਉਹ ਬ੍ਰਾਹਮਣ ਜਿਹੜਾ ਬ੍ਰਾਹਮਣਵਾਦੀ ਧਾਰਣਾ ਨੂੰ ਪਰਣਾਇਆ ਹੋਇਆ ਹੋਵੇ।

ਮਹਾੜ ਦੀ ਭਿੱਟ ਦੀ ਸੁੱਚਮ ਨੂੰ ਲੈ ਕੇ 26 ਜੂਨ 1927 ਨੂੰ 'ਬਹਿਸ਼ਕ੍ਰਿਤ ਭਾਰਤ' ਪਰਚੇ ਵਿੱਚ ਇਹ ਐਲਾਨ ਕੀਤਾ ਗਿਆ ਕਿ ਪਿੱਛੜੇ ਵਰਗ ਦੇ ਜੋ ਲੋਕ ਹਿੰਦੂਆਂ ਵੱਲੋਂ ਕੀਤੇ ਅਪਮਾਨ ਦੇ ਕਲੰਕ ਨੂੰ ਧੌਣਾ ਚਾਹੁੰਦੇ ਹਨ ਅਤੇ ਜੋ ਉਨ੍ਹਾਂ ਦੇ ਪ੍ਰਤੀਨਿਧਾਂ ਉੱਤੇ ਜਿਹੜੇ ਚੋਦਾਰ ਤਲਾਬ 'ਚੋਂ ਪਾਣੀ ਪੀਣ ਖ਼ਾਤਿਰ ਦਮਨ ਦਾ ਸ਼ਿਕਾਰ ਹੋਏ, ਦਾ ਵਿਰੋਧ ਕਰਦੇ ਹਨ, ਉਹ ਆਪਣਾ ਨਾਮ 'ਬਹਿਸ਼ਕ੍ਰਿਤ ਹਿੱਤਕਾਰਨੀ ਸਭਾ' ਵਿੱਚ ਦਰਜ ਕਰਵਾਉਣ। ਇਹ ਐਲਾਨ ਵੀ ਕੀਤਾ ਗਿਆ ਕਿ ਸੱਤਿਆਗ੍ਰਹਿ ਸੰਘਰਸ਼ 'ਬਹਿਸ਼ਕ੍ਰਿਤ ਹਿੱਤਕਾਰਨੀ ਸਭਾ' ਦੇ ਝੰਡੇ ਹੇਠ ਲਾਮਬੰਧ ਕੀਤਾ ਜਾਵੇਗਾ। ਇਸ ਸਮੇਂ ਦੌਰਾਨ ਮਹਾੜ ਦੀ ਮਿਊਂਸੀਪੈਲਟੀ ਨੇ ਅਗਸਤ 4, 1927 ਨੂੰ ਆਪਣਾ 1924 ਵਾਲਾ ਪਾਸ ਕੀਤਾ ਗਿਆ ਮਤਾ ਜਿਸ ਰਾਹੀਂ ਹਰ ਸਰਵਜਨਕ ਸਥਾਨ ਤੇ ਅਛੂਤਾਂ ਨੂੰ ਜਾਣ ਦੀ ਖੁੱਲ ਦਿੱਤੀ ਗਈ ਸੀ, ਵਾਪਸ ਲੈ ਲਿਆ। ਲਾਹੌਰੀ ਰਾਮ ਬਾਲੀ ਅਨੁਸਾਰ ਨਗਰਪਾਲਿਕਾ ਦੇ ਇਸ ਫੈਸਲੇ ਨੇ ਬਲਦੀ ਅੱਗ 'ਤੇ ਤੇਲ ਪਾਉਣ ਦਾ ਕੰਮ ਕੀਤਾ। ਅੰਬੇਡਕਰ ਨੇ ਇਸ ਲਲਕਾਰ ਨੂੰ ਕਬੂਲਦੇ ਹੋਏ ਸਤੰਬਰ 11, 1927 ਨੂੰ ਬੰਬਈ ਦੇ ਦਮੋਦਰ ਹਾਲ ਵਿੱਚ ਇਕ ਮੀਟਿੰਗ ਬੁਲਾਈ ਤਾਂ ਕਿ ਮਹਾੜ ਤਲਾਬ 'ਤੇ ਪੱਛੜੇ ਵਰਗ ਦੇ ਹੱਕਾਂ ਨੂੰ ਮੁੜ ਬਹਾਲ ਕੀਤਾ ਜਾ ਸਕੇ ਅਤੇ ਉਸ ਵਾਸਤੇ ਸੰਘਰਸ਼ ਕਿਸ ਤਰੀਕ ਨੂੰ ਅਤੇ ਕਿਸ ਤਰ੍ਹਾਂ ਕਰਨਾ ਹੈ ਅਤੇ ਉਸ ਬਾਰੇ ਕੀ-ਕੀ ਯੋਜਨਾ ਬਣਾਉਣੀ ਹੈ ਬਾਰੇ ਚਰਚਾ ਕੀਤੀ ਜਾ ਸਕੇ। ਇਸ ਤੋਂ ਚਾਰ ਦਿਨ ਬਾਅਦ ਸੰਘਰਸ਼ ਕਮੇਟੀ ਨੇ ਅੰਬੇਡਕਰ ਦੇ ਦਫ਼ਤਰ ਵਿਖੇ ਸਭਾ ਕਰਕੇ ਦਸੰਬਰ 25 ਅਤੇ 26, 1927 ਸੱਤਿਆਗ੍ਰਹ ਦੀਆਂ ਤਰੀਖਾਂ ਦਾ ਐਲਾਨ ਕਰ ਦਿੱਤਾ।

ਮਹਾੜ ਅੰਦੋਲਨ ਦੇ ਦੂਸਰੇ ਚਰਨ ਦੌਰਾਨ ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਦੀ ਰੂਪ-ਰੇਖਾ ਦੀ ਦਿਖ ਬਣਨੀ ਸ਼ੁਰੂ ਹੁੰਦੀ ਹੈ। ਇਸ ਅੰਦੋਲਨ ਨਾਲ ਸੰਬੰਧਤ ਵੱਖ-ਵੱਖ ਸਭਾਵਾਂ ਅਤੇ ਕਾਨਫਰੰਸਾਂ ਦੌਰਾਨ ਸੰਬੋਧਨ ਕਰਦਿਆਂ ਉਨ੍ਹਾਂ ਨੇ ਦਲਿਤ ਮੁਕਤੀ ਅੰਦੋਲਨ ਦੀ ਰੂਪ-ਰੇਖਾ ਅਤੇ ਉਸ ਦੀ ਸੰਚਾਲਨ ਕਿਰਿਆ, ਉਦੇਸ਼, ਸਾਧਨ ਅਤੇ ਦਰਸ਼ਨ ਤੇ ਕਾਫੀ ਵਿਸਥਾਰ ਨਾਲ ਆਪਣੇ ਵਿਚਾਰ ਪੇਸ਼ ਕੀਤੇ। ਦਲਿਤ ਮੁਕਤੀ ਅੰਦੋਲਨ ਦੀ ਸਫਲਤਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਅੰਦੋਲਨ ਦੌਰਾਨ ਅਪਣਾਏ ਗਏ ਸਾਧਨਾਂ ਤੇ ਵੀ ਓਨਾ ਹੀ ਨਿਰਭਰ ਕਰਦੀ ਹੈ ਜਿੰਨਾ ਕਿ ਅੰਦੋਲਨ ਵਿੱਚ ਲੜੇ ਜਾਣ ਵਾਲੇ ਕਾਰਨ ਦੀ ਉਚਿਤਤਾ 'ਤੇ। ਉਨ੍ਹਾਂ ਦਾ ਇਹ ਕਹਿਣਾ ਸੀ ਅਗਰ ਟੀਚਾ ਠੀਕ ਹੈ ਤਾਂ ਉਸ ਨੂੰ ਸਰ ਕਰਨ ਬਾਰੇ ਕੋਈ ਖਦਸ਼ਾ ਨਹੀਂ ਹੋਵੇਗਾ। ਕਿਉਂਕਿ ਅਖ਼ੀਰ ਵਿੱਚ ਸੱਚ ਦੀ ਹੀ ਜਿੱਤ ਹੋਣੀ ਹੈ। ਦਲਿਤ ਮੁਕਤੀ ਅੰਦੋਲਨ ਦੇ ਸਹੀ ਪੈਂਤਰੇ ਦੀ ਨਿਸ਼ਾਨਦੇਹੀ ਕਰਦਿਆਂ ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਸਤਿਆਗ੍ਰਹਿ ਨੂੰ ਆਪਣੇ ਆਪ ਤੇ ਪੂਰਨ ਵਿਸ਼ਵਾਸ ਹੋਣਾ ਚਾਹੀਦਾ ਹੈ ਜਿਹੜਾ ਅੱਗੋਂ ਉਸ ਵਲੋਂ ਸੰਘਰਸ਼ ਦੇ ਮੁੱਦੇ ਦੀ ਸਚਾਈ ਵਿੱਚ ਉਸ ਦੇ ਵਿਸ਼ਵਾਸ ਤੇ ਨਿਰਭਰ ਕਰਦਾ ਹੈ। ਇਸ ਲਈ ਹਰ ਸਤਿਆਗ੍ਰਹਿ ਨੂੰ ਠੀਕ ਅਤੇ ਚੰਗੇ ਟੀਚੇ ਬਾਰੇ ਪੂਰਾ ਪੂਰਾ ਪਤਾ ਹੋਣਾ ਜ਼ਰੂਰੀ ਹੈ। ਉਹ ਕੋਈ ਵੀ ਕਦਮ ਜਿਹੜਾ ਲੋਕਾਂ ਵਿੱਚ ਆਪਣੀ ਮਿਲ ਵਰਤੋਂ ਅਤੇ ਇੱਕਠ ਨੂੰ ਜਨਮ ਦਿੰਦਾ ਹੈ ਉਹ ਹਮੇਸ਼ਾ ਹੀ ਚੰਗਿਆ ਮੰਨਿਆ ਜਾਂਦ ਹੈ। ਜਿਥੇ ਇੱਕਠ ਹੋਵੇਗਾ ਉਥੇ ਹੀ ਕੋਈ ਚੰਗਾ ਕਾਰਜ ਉਤਪੰਨ ਹੋਵੇਗਾ। ਡਾ. ਅੰਬੇਡਕਰ ਨੇ ਇਸ ਵਿਚਾਰ ਨੂੰ ਗੀਤਾ ਦਾ ਹਵਾਲਾ ਦੇ ਕੇ, ਜਿਸ ਵਿੱਚ ਸਤਿਆਗ੍ਰਹਿ ਤੇ ਜ਼ੋਰ ਦਿੱਤਾ ਗਿਆ ਹੈ ਅਤੇ ਜਿਸ ਨੂੰ ਅਛੂਤ ਅਤੇ ਸਵਰਨ ਸਭ ਮੰਨਦੇ ਹਨ, ਇਸ ਦੀ ਪ੍ਰੋੜ੍ਹਤਾ ਕੀਤੀ।

ਮਹਾੜ ਅੰਦੋਲਨ ਦੇ ਦੂਜੇ ਚਰਨ ਦੌਰਾਨ ਸੰਘਰਸ਼ ਬਾਰੇ ਗੱਲ ਕਰਦਿਆਂ ਡਾ. ਅੰਬੇਡਕਰ ਨੇ ਸੰਭਾਵੀ ਗੜਬੜ ਬਾਰੇ ਸੁਚੇਤ ਕੀਤਾ। ਅਜਿਹੇ ਹਾਲਾਤ ਦੌਰਾਨ ਉਨ੍ਹਾਂ ਨੇ ਕਿਹਾ ਕਿ ਸਰਕਾਰ ਉਸ ਧੜੇ ਦੀ ਮਦਦ ਕਰੇਗੀ ਜਿਹੜਾ ਆਪਣੇ ਜਾਇਜ਼ ਅਧਿਕਾਰਾਂ ਦੀ ਵਰਤੋਂ ਕਰ ਰਿਹਾ ਹੋਵੇਗਾ। ਪਰੰਤੂ ਅਗਰ ਸਰਕਾਰ ਸਤਿਆਗ੍ਰਹਿ ਤੇ ਪਾਬੰਦੀ ਲਗਾਉਂਦੀ ਹੈ ਤਾਂ ਉਨ੍ਹਾਂ ਮੁਤਾਬਕ ਸਤਿਆਗ੍ਰਹਿਆਂ ਨੂੰ ਅਜਿਹੀ ਪਾਬੰਦੀ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਗ੍ਰਿਫਤਾਰੀਆਂ ਦੇਣੀਆਂ ਹੋਣਗੀਆਂ। ਇਸ ਲਈ ਡਾ. ਅੰਬੇਡਕਰ ਨੇ ਇਸ ਸੰਘਰਸ਼ ਦੌਰਾਨ ਸਭ ਨੂੰ ਪਹਿਲਾਂ ਹੀ ਅਗਾਹ ਕਰ ਦਿੱਤਾ ਸੀ ਕਿ ਉਹ ਇਸ ਵਿੱਚ ਹਿੱਸਾ ਲੈਣ ਤੋਂ ਪਹਿਲਾ ਸ਼ਾਂਤੀ ਪੂਰਵਕ ਗ੍ਰਿਫ਼ਤਾਰੀਆਂ ਦੇਣ ਲਈ ਤਿਆਰ ਰਹਿਣ। ਆਪਣੀ ਗੱਲ ਨੂੰ ਹੋਰ ਜ਼ੋਰ ਨਾਲ ਆਖਦਿਆਂ ਡਾ. ਅੰਬੇਡਕਰ ਨੇ ਕਿਹਾ ਕਿ ਛੂਤਛਾਤ ਇਕ ਅਜਿਹਾ ਘਿਨਾਉਣਾ ਦਾਗ ਹੈ ਕਿ ਇਸ ਨੂੰ ਸਾਫ ਕਰਨ ਵਾਸਤੇ ਅਗਰ ਕੁਝ ਕੁਰਬਾਨੀਆਂ ਵੀ ਦੇਣੀਆਂ ਪੈਣ ਤਾਂ ਉਹ ਜ਼ਿਆਦਾ ਨਹੀਂ। ਛੂਤਛਾਤ ਤੋਂ ਛੁਟਕਾਰਾ ਪਾਉਣ ਬਾਰੇ ਆਪਣੇ ਵਿਚਾਰ ਰੱਖਦਿਆਂ ਅੰਬੇਡਕਰ ਕਹਿੰਦੇ ਹਨ, ''ਜੀਵਨ ਨੂੰ ਕਿਸੇ ਤਰ੍ਹਾਂ ਲਮਕਾਈ ਰੱਖਣਾ ਜਾਂ ਫਿਰ ਕਾਂ ਦੀ ਤਰ੍ਹਾਂ ਹਜ਼ਾਰਾਂ ਸਾਲ ਜਿਉਂਦੇ ਰਹਿਣਾ ਇਸ ਸੰਸਾਰ ਵਿੱਚ ਜੀਵਤ ਰਹਿਣ ਦਾ ਸਿਰਫ ਇਕੋ ਹੀ ਅਤੇ ਉਚਿਤ ਢੰਗ ਨਹੀਂ ਹੈ। ਜੀਵਨ ਨੂੰ ਸਚਾਈ, ਇੱਜ਼ਤ ਜਾਂ ਦੇਸ਼ ਦੇ ਮਾਣ ਵਰਗੇ ਉਚੇ ਆਦਰਸ਼ਾਂ ਦੀ ਪ੍ਰਾਪਤੀ ਵਾਸਤੇ ਕੁਰਬਾਨ ਕਰਕੇ ਅਮਰ ਅਤੇ ਅਮਿਟ ਬਣਾਇਆ ਜਾ ਸਕਦਾ ਹੈ। ਇਨਸਾਨੀ ਅਧਿਕਾਰਾਂ ਦੀ ਰੱਖਿਆ ਵਾਸਤੇ ਕਿੰਨੇ ਹੀ ਮਹਾਂਪੁਰਸ਼ਾਂ ਨੇ ਆਪਣੇ ਜੀਵਨਾਂ ਨੂੰ ਇਸ ਦੀ ਖਾਤਰ ਨਿਛਾਵਰ ਕਰ ਦਿੱਤਾ। ਬਲੂਤ ਦੇ ਰੁੱਖ ਦੀ ਤਰ੍ਹਾਂ ਨਾ ਕੁਝ ਕਰਦੇ ਹੋਏ ਬੇਅਰਥ ਜੀਣ ਨਾਲੋਂ ਤਾਂ ਚੰਗਾ ਹੈ ਕਿ ਕਿਸੇ ਵੱਡੇ ਮੰਤਵ ਤੇ ਉਦੇਸ਼ ਖਾਤਰ ਭਰ ਜਵਾਨੀ ਵਿੱਚ ਹੀ ਮਰ ਜਾਣਾ''। ਉਨ੍ਹਾਂ ਨੇ ਇਸ ਦਲਿਤ ਮੁਕਤੀ ਅੰਦੋਲਨ ਨੂੰ ਸੰਵਿਧਾਨਕ ਤੌਰ ਤਰੀਕਿਆਂ ਨਾਲ ਚਲਾਉਣ ਦੀ ਗੱਲ ਕਰਦੇ ਹੋਏ ਸਰਕਾਰ ਨੂੰ ਵੰਗਾਰਕੇ ਕਿਹਾ ਕਿ ''ਅਗਰ ਉਸ ਨੇ ਡਿਪਰੈਸਡ ਕਲਾਸਿਜ਼ ਦੇ ਲੋਕਾਂ ਨੂੰ ਉਨ੍ਹਾਂ ਦੇ ਜਾਇਜ਼ ਅਧਿਕਾਰਾਂ ਨੂੰ ਵਰਤੋਂ ਵਿੱਚ ਲਿਆਉਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹ ਆਪਣੀ ਫਰਿਆਦ ਲੀਗ ਆਫ਼ ਨੇਸ਼ਨਜ਼ ਕੋਲ ਲੈ ਕੇ ਜਾਣਗੇ। ਅਗਰ ਸਵਰਨ ਹਿੰਦੂਆਂ ਨੇ ਉਨ੍ਹਾਂ ਦੇ ਸੰਘਰਸ਼ 'ਚ ਵਿਘਨ ਪਾਇਆ ਤਾਂ ਪੂਰੇ ਸੰਸਾਰ ਨੂੰ ਇਹ ਪਤਾ ਚੱਲ ਜਾਵੇਗਾ ਕਿ ਹਿੰਦੂਵਾਦ ਇਕ ਪੱਥਰ ਦੀ ਦੀਵਾਰ ਦੇ ਸਮਾਨ ਹੈ ਜਿਸ ਨੂੰ ਅਪਣਾਉਣਾ ਬੇਮਤਲਬ ਹੈ ਅਤੇ ਇਸ ਲਈ ਅਛੂਤਾਂ ਨੂੰ ਕਿਸੇ ਹੋਰ ਧਰਮ ਵਿੱਚ ਪਨਾਹ ਲੈਣੀ ਹੋਵੇਗੀ''।

ਦਲਿਤ ਮੁਕਤੀ ਅੰਦੋਲਨ ਨੂੰ ਲੈ ਕੇ ਸੰਭਾਵੀ ਮਹਾੜ ਸਤਿਆਗ੍ਰਹਿ ਬਾਰੇ ਸਵਰਨ ਹਿੰਦੂ ਸੰਸਥਾਵਾਂ ਅਤੇ ਅਖਬਾਰਾਂ ਨੇ ਬਹੁਤ ਤਿੱਖੇ ਪ੍ਰਤੀਕਰਮ ਪੇਸ਼ ਕੀਤੇ ਅਤੇ ਅੰਬੇਡਕਰ ਨੂੰ ਮੁੱਖ ਨਿਸ਼ਾਨਾ ਬਣਾਇਆ ਗਿਆ। ਡਾ. ਅੰਬੇਡਕਰ ਨੇ ਇਸ ਵਿਰੋਧਤਾ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਅਗਰ ਧਰਮ ਪ੍ਰਵਤਨ ਦੀ ਹੀ ਗੱਲ ਹੈ ਅਤੇ ਉਹ ਉਨ੍ਹਾਂ ਦੇ ਇੱਕਲੇ ਜੀਵਨ ਨਾਲ ਜੁੜੀ ਹੋਈ ਹੈ ਤਾਂ ਉਹ ਇਸ ਦਾ ਹੱਲ ਤੁਰੰਤ ਲੱਭ ਦਿੰਦੇ। ਲੇਕਿਨ ਇਹ ਸਵਾਲ ਤਾਂ ਸੰਪੂਰਨ ਪੱਛੜੇ ਹੋਏ ਵਰਗਾਂ ਨਾਲ ਸੰਬੰਧਤ ਹੈ।

(ਚਲਦਾ)



ਇਹ ਅੰਦੋਲਨ ਆਪਣੇ ਖਿਲਾਫ਼ ਹੋ ਰਹੇ ਭੇਦ-ਭਾਵ ਨੂੰ ਖਤਮ ਕਰਨ ਦੇ ਲਈ ਹੀ ਨਹੀਂ, ਇਹ ਇਕ ਸਮਾਜਿਕ ਕ੍ਰਾਂਤੀ ਲਿਆਉਣ ਦੇ ਲਈ ਵੀ ਹੈ। ਇਹ ਕ੍ਰਾਂਤੀ ਇਨਸਾਨ ਦੁਆਰਾ ਜਾਤ-ਪਾਤ ਦੇ ਬੰਧਨਾਂ ਨੂੰ ਖਤਮ ਕਰਨ ਦੇ ਲਈ ਵੀ ਹੈ। ਇਹ ਕ੍ਰਾਂਤੀ ਸਭ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਦੇ ਲਈ ਵੀ ਹੈ। ਵਰਤਮਾਨ ਜਾਤ-ਪਾਤ ਵਿਵਸਥਾ ਸਾਡੇ ਰਾਸ਼ਟਰ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਸਾਡਾ ਅੰਦੋਲਨ ਸ਼ਕਤੀ ਅਤੇ ਭਾਈਚਾਰੇ ਦੇ ਲਈ ਹੈ। ਅਸੀਂ ਉਨ੍ਹਾਂ ਸ਼ਾਸਤਰਾਂ ਅਤੇ ਸਿਮਰਤੀਆਂ ਦੁਆਰਾ ਨਿਯੰਤਰਿਤ (ਕੰਟਰੋਲ) ਹੋਣ ਅਤੇ ਬੰਨ੍ਹੇ ਜਾਣ ਤੋਂ ਇਨਕਾਰ ਕਰਦੇ ਹਾਂ ਜੋ ਕਾਲੇ ਕਾਨੂੰਨ ਅੰਧਕਾਰਮਈ ਅਤੇ ਅਗਿਆਨੀ ਯੁੱਗਾਂ ਵਿੱਚ ਤਿਆਰ ਕੀਤੇ ਗਏ ਸਨ। ਸਾਡੀ ਸਫਲਤਾ ਦੇਸ਼ ਦੀ ਮਹਾਨ ਸੇਵਾ ਹੋਵੇਗੀ।

**– ਡਾ. ਅੰਬੇਡਕਰ**



# ਲੋਕ ਵਿਰਸਾ

## ਕਿੱਸਾ ਸ਼ਾਂਤੀ ਦਾ



ਡਾ.ਕਰਮਜੀਤ ਸਿੰਘ
91-98763-23862

ਅੰਗਰੇਜ਼ਾਂ ਨੇ ਪੰਜਾਬ ਉੱਪਰ ਇਕ ਸਦੀ ਰਾਜ ਕੀਤਾ। ਇਕ ਸਦੀ ਕੋਈ ਇਨਾਂ ਲੰਮਾ ਸਮਾਂ ਨਹੀਂ ਹੁੰਦਾ ਕਿ ਲੋਕ-ਧਾਰਾ ਵਿਚ ਆਪਣੀ ਜਗਾਹ ਬਣਾ ਸਕੇ। ਫਿਰ ਵੀ ਇਕਾ-ਦੁੱਕਾ ਪ੍ਰਭਾਵ ਵੇਖੇ ਜਾ ਸਕਦੇ ਹਨ। ਫਰੰਗੀਅ ਬਾਰੇ ਕੁਝ ਇਕ ਬੋਲੀਆਂ ਆਮ ਪ੍ਰਚੱਲਿਤ ਹਨ। ਅੰਗਰੇਜ਼ਾਂ ਖਿਲਾਫ਼ ਲੜ ਰਹੇ ਗਾਂਧੀ ਤੇ ਭਗਤ ਸਿੰਘ ਨਾਲ ਸਬੰਧਤ ਬੋਲੀਆਂ ਤੇ ਇਕ ਅੱਧ ਗੀਤ ਵੀ ਮਿਲ ਜਾਂਦਾ ਹੈ। ਹਾਂ ਅਜਿਹੀ ਸਾਮੱਗਰੀ ਜ਼ਰੂਰ ਮਿਲ ਜਾਂਦੀ ਹੈ ਜਿਸ ਤੋਂ ਇਹ ਪਤਾ ਲੱਗ ਜਾਂਦਾ ਹੈ ਕਿ ਅੰਗਰੇਜ਼ੀ ਪ੍ਰਭਾਵ ਲੋਕ-ਧਾਰਾ ਵਿਚ ਪ੍ਰਵੇਸ਼ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਸੀ।

ਆਰ.ਸੀ. ਟੈਂਪਲ ਨੇ ਉਨ੍ਹੀਵੀਂ ਸਦੀ ਦੇ ਅੰਤ ਜਿਹੇ ਇਕ ਦੰਤ ਕਥਾ ਦੇ ਤਿੰਨ ਪਾਠ ਦਿੱਤੇ ਹਨ, ਉਨ੍ਹਾਂ ਵਿਚ ਇਕ ਗੀਤ ਹੈ। ਉਸ ਵਿਚ ਸਵਰਨ ਤੇ ਫਰੀਦਨ ਦੀ ਕਥਾ ਦਿੱਤੀ ਗਈ ਹੈ। ਫਰੀਦਨ, ਵਿਲੀਅਮ ਫਰੇਜ਼ਰ ਦਾ ਵਿਗੜਿਆ ਰੂਪ ਹੈ। ਦਿੱਲੀ ਵਿਚ ਮੁਗਲ ਬਾਦਸ਼ਾਹ ਦੀ ਕਚਹਿਰੀ ਵਿਚ ਅੰਗਰੇਜ਼ ਰੈਜ਼ੀਡੈਂਟ ਸੀ ਜਿਸ ਨੂੰ ਸ਼ਮਸੁੱਦੀਨ ਖ਼ਾਨ ਨੇ ਤੰਗ ਆ ਕੇ ਮਰਵਾ ਦਿੱਤਾ ਸੀ। ਪਰ ਦੰਤ ਕਥਾ ਵਿਚ ਫਰੀਦਨ ਸਰਵਣ ਜੱਟੀ 'ਤੇ ਆਸ਼ਕ ਹੋ ਜਾਂਦਾ ਹੈ ਤੇ ਉਸ ਨੂੰ ਘਰੋਂ ਚੁੱਕ ਕੇ ਲੈ ਜਾਂਦਾ ਹੈ। ਇਕ ਪਾਠ ਵਿਚ ਫਰੀਦਨ ਸਰਵਨ ਦੇ ਭਰਾ ਨੂੰ ਨਹਿਰ 'ਤੇ ਪੁਟਾਈ ਕਰਦਿਆਂ ਦੇਖਦਾ ਹੈ। ਨੌਜਵਾਨ ਏਨਾ ਸੁਹਣਾ ਹੈ ਕਿ, 'ਇਹ ਤਾਂ ਕੁਝ ਵੀ ਨਹੀਂ ਇਸ ਦੀ ਭੈਣ ਇਸ ਤੋਂ ਵੀ ਸੁਹਣੀ ਹੈ।' ਇਸ ਤੋਂ ਨੌਜਵਾਨ ਨੂੰ ਲਾਲਚ ਦੇ ਕੇ ਆਪਣੀ ਭੈਣ ਲਿਆਉਣ ਲਈ ਕਹਿੰਦਾ ਹੈ। ਉਹ ਭਰਾ ਭੈਣ ਦੇ ਸਹੁਰਿਆਂ ਤੋਂ ਜਾ ਕੇ ਉਨ੍ਹਾਂ ਦੀ ਸਹਿਮਤੀ ਤੋਂ ਬਗ਼ੈਰ ਹੀ ਸਰਵਨ ਭੈਣ ਨੂੰ ਘੋੜੇ 'ਤੇ ਚਾੜ੍ਹ ਕੇ ਲੈ ਆਉਂਦਾ ਹੈ। ਬਹਾਨਾ ਉਸ ਨੇ ਪਾਇਆ ਸੀ ਕਿ ਮਾਂ ਬਿਮਾਰ ਹੈ ਪਰ ਸਿੱਧਾ ਉਹ ਉਸ ਨੂੰ ਫਰੀਦਨ ਦੇ ਤੰਬੂ ਵਿਚ ਲੈ ਜਾਂਦਾ ਹੈ। ਪਿੱਛਿਉਂ ਸਰਵਨ ਦਾ ਪਤੀ ਪਹਿਲਾਂ ਘਰ ਪਹੁੰਚਦਾ ਹੈ ਤੇ ਬਾਅਦ ਵਿਚੋਂ ਫਰੀਦਨ ਕੋਲ। ਜਦੋਂ ਫਰੀਦਨ ਸਰਵਨ ਨੂੰ ਛੱਡਣ ਲਈ ਤਿਆਰ ਨਹੀਂ ਹੁੰਦਾ ਤਾਂ ਪਿੰਡ ਤੇ ਹੋਰ ਲੋਕਾਂ ਨਾਲ ਰਲ ਕੇ ਉਹ ਉਸ ਦਾ ਕਤਲ ਕਰ ਦਿੰਦਾ ਹੈ। ਅਜਿਹੀ ਕਥਾ ਘੜਨ ਪਿੱਛੇ ਆਰ.ਸੀ. ਟੈਂਪਲ ਨੂੰ ਰਾਜਨੀਤੀ ਵਿਖਾਈ ਦਿੰਦੀ ਹੈ। ਇਸ ਗੀਤ ਦੀਆਂ ਕੁਝ ਪੰਗਤੀਆਂ ਦੇਣ ਦੇ ਲਾਲਚ ਤੋਂ ਮੈਂ ਆਪਣੇ ਆਪ ਨੂੰ ਰੋਕ ਨਹੀਂ ਸਕਦਾ ਕਿਉਂਕਿ ਜਿਸ ਗੀਤ ਦੀ ਚਰਚਾ ਮੈਂ ਕਰਨ ਲੱਗਾ ਹਾਂ ਉਸ ਵਿਚ ਵੀ ਇਸੇ ਤਰ੍ਹਾਂ ਦੇ ਭਾਵ ਲੁਕੇ ਹੋਏ ਹਨ। ਫਰੀਦਨ ਤੇ ਸਰਵਨ ਦਾ ਸੰਵਾਦ ਹੈ।

ਅੱਧੀ ਰਾਤ ਪਹਿਰ ਕਾ ਤੜਕਾ ਤਾਰੇ ਗਿਣਦੀ ਜਾਏ
ਪਾਂਚ ਪੀਰ ਕਾ ਮਲੀਦਾ ਸੁੱਖਾਂ ਫੌਜੋਂ ਮੇਂ ਬਟਾ ਜਾਏ
ਲਹਿੰਗੇ ਕਾ ਪਹਿਨਾ ਛੋੜ ਦੇ।
ਮੇਰੀ ਸਰਵਨ ਸਾਇਆ ਸੀਨਾ ਲਗਾਏ
ਸੂਪ ਕਾ ਪਹਿਨਾਂ ਤੋੜ ਮੇਰੀ ਸਰਵਨ,
ਟੋਪੀ ਸੇ ਨੇਗ ਲਗਾਏ
ਅੰਗੀ ਕਾ ਪਹਿਨਾ ਛੋੜ ਦੇ ਮੇਰੀ ਸਰਵਨ
ਪੇਟੀਕੋਟ ਸੇ ਨੇਗ ਲਗਾਏ।

ਕੁਝ ਅਜਿਹੀ ਘਟਨਾ ਨਾਲ ਹੀ ਜੁੜਿਆ ਲੱਗਦਾ ਹੈ ਹਥਲਾ ਗੀਤ 'ਕਿੱਸਾ ਸ਼ਾਂਤੀ ਦਾ'। ਇਹ ਗੀਤ ਮੈਨੂੰ ਮੋਹਰੀ ਚੱਕ ਤੋਂ ਮਿਲਿਆ। ਕੰਢੀ ਦੇ ਹੋਰਨਾਂ ਖੇਤਰਾਂ ਵਿਚ ਮੈਂ ਇਸ ਨਾਲ ਰਲਦੀ ਮਿਲਦੀ ਵੀ ਨਾ ਕੋਈ ਕਥਾ ਸੁਣੀ ਤੇ ਨਾ ਹੀ ਗੀਤ। ਸ਼ਾਇਦ ਪ੍ਰਕਿਰਿਆ ਵਿਚੋਂ ਗੁਜ਼ਰਦਾ ਹੀ ਗੁਆਚ ਗਿਆ ਹੋਵੇ, ਆਜ਼ਾਦੀ ਤੋਂ ਬਾਅਦ। ਗੀਤ ਸ਼ੁਰੂ ਹੁੰਦਾ ਹੈ ਸ਼ਾਂਤੀ ਦੇ ਘਰ ਆਉਣ ਨਾਲ।

ਬਾਰਾਂ ਤਾਂ ਬਜੇ ਸ਼ਾਂਤੀ ਆਈ ਮਸ਼ੀਨ ਤੋਂ
ਮੂੰਹ ਪਰ ਪਰਛਾ ਆਈ।
ਜਾ ਨੀ ਧੀਏ ਤੂੰ ਨਹਿਰ 'ਤੇ ਨਹਾ ਆ,
ਮੂੰਹ ਦਾ ਪਰਛਾ ਲਾਹ ਆ।

ਗੀਤ ਇਹ ਤਾਂ ਨਹੀਂ ਦੱਸਦਾ ਹੈ ਕਿ ਸ਼ਾਂਤੀ ਕੌਣ ਹੈ ਪਰ ਇਹ ਗੱਲ ਸਾਫ਼ ਹੈ ਕਿ ਉਹ ਉਸ ਘਰ ਵਿਚੋਂ ਹੈ ਜਿਸ ਦੇ ਜੀਆਂ ਨੂੰ ਕਰੜੀ ਮਿਹਨਤ ਕਰਨੀ ਪੈਂਦੀ ਹੈ। ਸ਼ਾਂਤੀ ਮਸ਼ੀਨ ਤੋਂ ਧੁੱਪ ਵਿਚ ਦਾਣੇ ਪਿਹਾ ਕੇ ਆਈ ਹੈ। ਉਸ ਦਾ ਕੁਮਲਾਇਆ ਚਿਹਰਾ ਮਾਂ ਨੂੰ ਚੰਗਾ ਨਹੀਂ ਲੱਗਾ ਇਸ ਲਈ ਇਸ ਨੂੰ ਨਹਿਰ ਉੱਪਰ ਨਹਾ ਆਉਣ ਲਈ ਕਹਿੰਦੀ ਹੈ। ਮਸ਼ੀਨ 'ਤੇ ਨਹਿਰ ਦਾ ਜ਼ਿਕਰ ਇਹ ਦੱਸ ਰਿਹਾ ਹੈ ਕਿ ਗੀਤ ਬਹੁਤਾ ਪੁਰਾਣਾ ਨਹੀਂ ਹੈ। ਆਮ ਘਰਾਂ ਵਿਚ ਕੁੜੀਆਂ ਅਜਿਹੇ ਮੁਸ਼ੱਕਤ ਦੇ ਕੰਮ ਕਰਦੀਆਂ ਰਹੀਆਂ ਹਨ ਹੁਣ ਵੀ ਕਰਦੀਆਂ ਹਨ।

ਖੋਲ੍ਹ ਕੇ ਕੱਪੜੇ ਸ਼ਾਂਤੀ ਨਾਮਣ ਬੈਠ ਗਈ,
ਸਾਹਬ ਕੀ ਕਾਰ ਵੀ ਆ ਗਈ।
ਖੋਲ੍ਹ ਕੇ ਕੱਪੜੇ ਸ਼ਾਂਤੀ ਨਾਮਣ ਬੈਠ ਗਈ
ਸਾਹਬ ਨੇ ਚੱਕ ਕੇ ਪਾਈ
ਨੀ ਕੁੜੇ ਸ਼ਾਂਤੀ ਸਾਹਬ ਨੇ ਚੱਕ ਕੇ ਪਾਈ।

ਅੰਗਰੇਜ਼ ਸਾਹਬਾਂ ਦਾ ਅਜਿਹਾ ਕਿਰਦਾਰ ਆਮ ਰਿਹਾ ਹੈ। ਸੱਤਾਧਾਰੀ ਆਮ ਲੋਕਾਂ ਉੱਪਰ ਅਜਿਹੇ ਜ਼ੁਲਮ ਕਰਨ ਤੋਂ ਨਹੀਂ ਟਲਦੇ। ਅਗਾਂਹ ਗੀਤ ਇਹ ਵੀ ਦੱਸਦਾ ਹੈ ਕਿ ਸ਼ਾਂਤੀ ਵਿਆਹੀ ਹੋਈ ਹੈ। ਜੇ ਉੱਪਰ ਆਰ.ਸੀ. ਟੈਂਪਲ ਦੀ ਕਥਾ ਵਿਚ ਭਰਾ ਆਪ ਭੈਣ ਨੂੰ ਸਾਹਬ ਕੋਲ ਪੇਸ਼ ਕਰਦਾ ਹੈ ਤਾਂ ਫਿਰ ਭੈਣਾਂ ਦਾ ਰਾਖਾ ਹੀ ਕੌਣ ਰਹਿ ਜਾਂਦਾ ਹੈ। ਇਹ ਗਿਰਾਵਟ ਦੀ ਹੱਦ ਹੈ। ਅਕਬਰ ਵੇਲੇ ਰਾਜਪੂਤ ਆਪਣੀਆਂ ਧੀਆਂ ਦੇ ਡੋਲੇ ਲੈ-ਲੈ ਕੇ ਆਪ ਜਾਂਦੇ ਰਹੇ ਹਨ। ਪਰ ਹਥਲਾ ਗੀਤ ਅਜਿਹੇ ਪਾਤਰਾਂ ਨੂੰ ਵਿਚ ਲਿਆਉਂਦਾ ਹੀ ਨਹੀਂ। ਸ਼ਾਂਤੀ ਕੋਲ ਰੋਣ ਤੋਂ ਸਿਵਾ ਸ਼ਾਇਦ ਹੋਰ ਕੋਈ ਰਾਹ ਵੀ ਨਹੀਂ।

ਇਕ ਵੀ ਰੋਵੇ ਸ਼ਾਂਤੀ ਦੋ ਵੀ ਰੋਵੇ,
ਤੂੰ ਕਿਉਂ ਏਡੀ ਘਬਰਾਈ,
ਕੁੜੇ ਸ਼ਾਂਤੀ ਤੂੰ ਕਿਉਂ ਏਡੀ ਘਬਰਾਈ।
ਇਕ ਵੀ ਰੋਵੇ ਦੋ ਵੀ ਰੋਵੇ
ਸਾਹਬ ਨੇ ਗ਼ਲ ਨਾਲ ਲਾਈ
ਕੁੜੇ ਸ਼ਾਂਤੀ ਸਾਹਬ ਨੇ ਗ਼ਲ ਨਾਲ ਲਾਈ।

ਸਿਰਜਣਹਾਰੀਆਂ ਦੇ ਮਨ ਵਿਚ ਕਿਤੇ ਰੁਮਾਂਟਿਕ ਭਾਵਨਾਵਾਂ ਉਬਾਲੇ ਲੈ ਰਹੀਆਂ ਹਨ, ਇਸੇ ਲਈ ਸ਼ਾਂਤੀ ਕਿਸੇ ਤਰ੍ਹਾਂ ਦਾ ਵਿਰੋਧ ਨਹੀਂ ਕਰਦੀ। ਸਗੋਂ ਸਾਹਬ ਦੇ ਗ਼ਲ ਨਾਲ ਲਾਉਣ ਤੋਂ ਬਾਅਦ ਵਾਰਤਾਲਾਪ ਸ਼ੁਰੂ ਹੋ ਜਾਂਦੀ ਹੈ। ਜਾਣ-ਪਛਾਣ ਲਈ।

ਕਿੱਥੇ ਨੀ ਸ਼ਾਂਤੀ ਪੇਕੇ ਤੇਰੇ, ਕਿੱਥੇ ਨੇ ਤੇਰੇ ਸਾਵਰੇ।
ਨੀ ਕੁੜੀ ਸ਼ਾਂਤੀ ਕਿੱਥੇ ਨੇ ਤੇਰੇ ਸਾਵਰੇ।
ਰਾਣੇ ਆਂ ਮੇਰੇ ਪੇਕੇ ਮੇਰੇ ਸਾਹਬ ਜੀ,
ਅੰਬੀ ਆਂ ਮੇਰੇ ਸਾਵਰੇ।

ਪੰਜਾਬ ਹਰਿਆਣੇ ਵਿਚ 'ਅੰਬ' ਤੇ 'ਰਾਣਾਂ' ਨਾਂ ਦੇ ਅਨੇਕਾਂ ਪਿੰਡ ਹਨ, ਇਹ ਗੀਤ ਕਿਹੜੇ ਪਿੰਡਾਂ ਨਾਲ ਵਾਸਤਾ ਰੱਖਦਾ ਹੈ? ਇਸ ਦਾ ਪਤਾ ਨਹੀਂ ਲਾਇਆ ਜਾ ਸਕਦਾ। ਇਸ ਲਈ ਇਨ੍ਹਾਂ ਨੂੰ ਸਾਧਾਰਨ ਰੂਪ ਵਿਚ ਹੀ ਲੈਣਾ ਪਵੇਗਾ। ਇਸ ਥਾਂ ਗਾਇਕਾਵਾਂ ਹੋਰ ਪਿੰਡਾਂ ਦੇ ਨਾਲ ਵੀ ਜੋੜ ਸਕਦੀਆਂ ਹਨ। ਸਾਡੇ ਲਈ ਮਹੱਤਵਪੂਰਨ ਹੈ ਕਿ ਸ਼ਾਂਤੀ ਇਕ ਦਮ 'ਮੇਰੇ ਸਾਹਬ ਜੀ' ਕਹਿਣ ਉੱਪਰ ਆ ਗਈ ਹੈ। ਜਦੋਂ ਮੈਂ ਇਹ ਗੀਤ ਸੁਣ ਰਿਹਾ ਸਾਂ ਤਾਂ ਉਦੋਂ ਗਾਇਕਾਵਾਂ ਮੁਸਕੜੀਏਂ ਹੱਸ ਰਹੀਆਂ ਸਨ। ਉਹ ਸ਼ਾਇਦ ਆਪਣੇ ਮਨ ਦੀ ਕੋਈ ਭਾਵਨਾ ਪੂਰੀ ਹੁੰਦੀ ਦੇਖ ਰਹੀਆਂ ਸਨ। ਅਗਲੀਆਂ ਪੰਗਤੀਆਂ ਨਾਲ ਕੁਝ ਹੋਰ ਵੀ ਹੋਣਾ ਚਾਹੀਦਾ ਸੀ। ਪਰ ਇਹ ਵੱਖਰੀਆਂ ਹੀ ਰਹਿ ਗਈਆਂ। ਹੋ ਸਕਦਾ ਹੈ ਕਿ ਗਾਇਕਾਵਾਂ ਕੁਝ ਭੁੱਲ ਵੀ ਗਈਆਂ ਹੋਣ। ਮੌਖਿਕ ਸਾਹਿਤ ਵਿਚ ਅਜਿਹਾ ਆਮ ਹੁੰਦਾ ਹੈ। ਕਈ ਵਾਰ ਕੁਝ ਮੌਕੇ 'ਤੇ ਜੋੜ ਵੀ ਲਿਆ ਜਾਂਦਾ ਹੈ। ਕਈ ਵਾਰ ਤਾਂ ਦੋ-ਦੋ ਗੀਤ ਇਕੋ ਥਾਂ ਆ ਜੁੜਦੇ ਹਨ। ਗੀਤ ਅਗਾਂਹ ਤੁਰਦਾ ਹੈ।

ਮੰਜੇ 'ਤੇ ਰੋਵੇ ਤੇਰਾ ਬਾਪ ਨੀ ਸ਼ਾਂਤੀ
ਚੌਂਕੇ 'ਚ ਰੋਂਦੀ ਤੇਰੀ ਮਾਈ।
ਕੁੜੇ ਸ਼ਾਂਤੀ ਚੌਂਕੇ 'ਚ ਰੋਂਦੀ ਤੇਰੀ ਮਾਈ।

ਜਵਾਬ ਵਿਚ ਸ਼ਾਇਦ ਸਾਹਬ ਨੇ ਕੁਝ ਕਿਹਾ ਹੋਵੇਗਾ, ਪਰ ਇੱਥੇ ਇਕ ਖੱਪਾ ਰਹਿ ਗਿਆ ਹੈ। ਅਗਲੀਆਂ ਪੰਗਤੀਆਂ ਵਿਚ ਸਾਹਿਬ ਦੀ ਸ਼ਾਂਤੀ ਨੂੰ ਮਨਾਉਣ ਲਈ ਕੀਤੀ ਮੱਖਣ ਬਾਜ਼ੀ ਹੈ, ਜੋ ਸਰਵਣ ਤੇ ਫਰੀਦਨ ਦਾ ਸ਼ੁਰੂ ਵਿਚ ਦੱਸਿਆ ਕਿੱਸਾ ਯਾਦ ਕਰਵਾਉਂਦੀ ਹੈ।

ਗੋਰੇ ਗੋਰੇ ਨੈਣ ਤੇਰੇ ਸੁਰਮਿਆਂ ਵਾਲੇ,
ਕੱਜਲ ਨੇ ਮੌਜ ਲਗਾਈ
ਕੁੜੇ ਸ਼ਾਂਤੀ ਕੱਜਲ ਨੇ ਮੌਜ ਲਗਾਈ।
ਚਿੱਟੇ ਚਿੱਟੇ ਦੰਦ ਤੇ ਕਲੀਆਂ ਵਾਲੇ,
ਸੁਰਖ਼ੀ
ਨੇ ਮੌਜ ਲਗਾਈ,
ਨੀ ਕੁੜੇ ਸ਼ਾਂਤੀ, ਸੁਰਖੀ ਨੇ ਮੌਜ ਲਗਾਈ।
ਗੋਰੇ ਗੋਰੇ ਹੱਥ ਤੇਰੇ ਪਾਲਸ਼ਾਂ ਵਾਲੇ
ਮਹਿੰਦੀ ਨੇ ਮੌਜ ਲਗਾਈ
ਨੀ ਕੁੜੇ ਸ਼ਾਂਤੀ, ਮਹਿੰਦੀ ਨੇ ਮੌਜ ਲਗਾਈ।
ਗੋਰੇ ਗੋਰੇ ਪੈਰ ਤੇਰੇ ਸੈਂਡਲਾਂ ਵਾਲੇ,
ਜੁਰਾਬਾਂ ਨੇ ਮੌਜ ਲਗਾਈ,
ਨੀ ਕੁੜੇ ਸ਼ਾਂਤੀ, ਜੁਰਾਬਾਂ ਨੇ ਮੌਜ ਲਗਾਈ।

ਸੁਰਮਾ, ਸੁਰਖ, ਨਹੁੰ-ਪਾਲਸ਼, ਮਹਿੰਦੀ, ਸੈਂਡਲ, ਜੁਰਾਬਾਂ ਦੋਨਾਂ ਸਭਿਆਚਾਰਾਂ ਦਾ ਮੇਲ ਦਰਸਾ ਰਿਹਾ ਹੈ। ਪਰ ਇਹ ਸਾਰੀਆਂ ਚੀਜ਼ਾਂ 'ਸਾਹਿਬ' ਨੇ ਲੈ ਕੇ ਦਿੱਤੀਆਂ ਹਨ, ਇਸੇ ਲਈ ਉਹ ਇਨ੍ਹਾਂ ਦੀ ਸਿਫ਼ਤ ਕਰਦਾ ਹੈ। ਲੱਗਦਾ ਹੈ ਕਿ ਪੂਰੀ ਤਰ੍ਹਾਂ ਸ਼ਾਂਤੀ ਨੇ ਆਤਮ ਸਮਰਪਣ ਕਰ ਦਿੱਤਾ ਹੈ। ਸਰਵਨ-ਫਰੀਦਨ ਦੇ ਗੀਤ ਵਿਚ ਤਾਂ ਸਰਵਨ ਫਰੀਦਨ ਨੂੰ ਦੇਸੀ ਪਹਿਰਾਵਾ ਪਹਿਨਣ ਲਈ ਕਹਿੰਦੀ ਸਭਿਆਚਾਰਾਂ ਦਾ ਸੰਵਾਦ ਸਿਰਜਦੀ ਹੈ, ਪਰ ਇੱਥੇ ਅਜਿਹਾ ਕੁਝ ਨਹੀਂ।

ਜਦੋਂ ਦਾ ਮੈਂ ਇਹ ਗੀਤ ਸੁਣਿਆ ਹੈ (ਤਕਰੀਬਨ ਅਠਾਰਾਂ-ਵੀਹ ਸਾਲ ਪਹਿਲਾਂ) ਉਦੋਂ ਤੋਂ ਹੀ ਇਸ ਨੇ ਮੇਰੇ ਮਨ ਵਿਚ ਅਨੇਕਾਂ ਵਿਚਾਰ ਪੈਦਾ ਕੀਤੇ ਹਨ। ਆਰ.ਸੀ. ਟੈਂਪਲ ਦੀ ਦਾ ਲੀਜੈਂਡਜ਼ ਆਫ਼ ਪੰਜਾਬ ਪੜ੍ਹਨ ਸਮੇਂ ਇਸ ਨੂੰ ਨਵਾਂ ਪ੍ਰਸੰਗ ਮਿਲਿਆ ਜੋ ਮੈਂ ਪਾਠਕਾਂ ਸਾਹਮਣੇ ਰੱਖਣ ਦਾ ਯਤਨ ਕੀਤਾ ਹੈ। ਸ਼ਾਇਦ ਗੀਤ ਦੀ ਮੂਲ ਭਾਵਨਾ ਮੈਂ ਪਾਠਕਾਂ ਤੱਕ ਪਹੁੰਚਾਉਣ ਵਿਚ ਸਫ਼ਲ ਹੋ ਹੀ ਗਿਆ ਹੋਵਾਂ।




## 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




### ਵੱਡਾ ਮੰਗਤਾ

ਰਾਜਾ ਆਪਣੇ ਸੈਨਿਕਾਂ ਨਾਲ ਜੰਗਲ ਵਿਚ ਸ਼ਿਕਾਰ ਖੇਡਣ ਗਿਆ। ਜੰਗਲ ਵਿਚ ਰਾਜੇ ਦੀ ਨਿਗਾਹ ਇਕ ਭਿਖਾਰੀ ਤੇ ਪਈ। ਭਿਖਾਰੀ ਦੇ ਕੋ਼ਲ ਕੁਛ ਨਹੀਂ। ਪਰ ਉਹ ਹੈ ਬੜਾ ਖੁਸ਼। ਰਾਜਾ ਇਹ ਸਭ ਦੇਖ ਕੇ ਹੈਰਾਨ ਹੁੰਦਾ ਕਿ ਮੇਰੀ ਸਲਤਨਤ ਵਿਚ ਐਸੇ ਲੋਕ ਵੀ ਹੈਗੇ, ਜਿਨ੍ਹਾਂ ਦੇ ਕੋ਼ਲ ਕੁੱਝ ਵੀ ਨਹੀਂ ਪਰ ਫਿਰ ਵੀ ਮੇਰੇ ਤੋਂ ਵੱਧ ਖੁਸ਼ ਆ।

ਰਾਜਾ ਆਪਣੇ ਸੈਨਿਕਾਂ ਨੂੰ ਭਿਖਾਰੀ ਕੋ਼ਲ ਭੇਜਦਾ ਕਿ ਇਹਨੂੰ ਪੁੱਛ ਕੇ ਆਓ ਕਿਸ ਚੀਜ਼ ਦੀ ਜ਼ਰੂਰਤ ਆ।

ਭਿਖਾਰੀ ਸੈਨਿਕਾਂ ਨੂੰ ਕਹਿੰਦਾ, "ਜਾਓ ਰਾਜੇ ਨੂੰ ਕਹਿ ਦਿਓ ਅਸੀਂ ਬੜੇ ਖੁਸ਼ ਹਾਂ। ਸਾਨੂੰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ। ਸਾਨੂੰ ਕੁਝ ਦੇਣ ਦੀ ਥਾਂ ਕਿਸੇ ਗਰੀਬ ਗੁਰਬੇ ਨੂੰ ਦਾਨ ਕਰ ਦਿਓ।"

ਰਾਜਾ ਸੁਣ ਕੇ ਹੋਰ ਸੋਚੀਂ ਪੈ ਗਿਆ ਕਿ ਇਹਦੇ ਕੋ਼ਲ ਕੱਖ ਨੀ ਫਿਰ ਵੀ ਇੰਨਾ ਖੁਸ਼। ਵਾਪਸ ਮਹਿਲਾਂ ਨੂੰ ਚਲੇ ਗਏ। ਰਾਤ ਨੂੰ ਰਾਜੇ ਦੇ ਮਨ ਵਿਚ ਇਹੀ ਖਿਆਲ ਘੁੰਮੀ ਜਾਵੇ। ਸਵੇਰ ਹੋਈ। ਰਾਜੇ ਨੇ ਲੋੜੀਂਦੇ ਸਾਮਾਨ ਦਾ ਰੇਹੜਾ ਲੱਦਿਆ ਤੇ ਆਪ ਲੈ ਕੇ ਉਥੇ ਪਹੁੰਚ ਗਿਆ।

ਸਾਮਾਨ ਦੇਖ ਕੇ ਭਿਖਾਰੀ ਨੇ ਆਖਿਆ, "ਰਾਜਨ! ਇਹ ਤੂੰ ਕੀ ਕੀਤਾ। ਮੈਨੂੰ ਕਿਸੇ ਚੀਜ਼ ਦੀ ਲੋੜ ਈ ਨੀਂ। ਤੂੰ ਇਹ ਕਿਸੇ ਭੁੱਖੇ ਨੂੰ ਦੇ ਦੇ। ਕਿਸੇ ਗਰੀਬ ਨੂੰ ਦੇ ਦੇ।"

ਰਾਜਾ ਕਹਿੰਦਾ, "ਮੈਨੂੰ ਤੈਥੋਂ ਬਿਨਾਂ ਕੋਈ ਭੁੱਖਾ, ਤੈਥੋਂ ਬਿਨਾਂ ਕੋਈ ਗਰੀਬ ਮਿਲਿਆ ਈ ਨੀਂ। ਇਸੇ ਕਰਕੇ ਮੈਂ ਲੈ ਕੇ ਆਇਆਂ।"

ਭਿਖਾਰੀ ਕਹਿੰਦਾ, "ਮੈਂਥੋਂ ਤਾਂ ਇਸ ਤੋਂ ਵੀ ਆਲ੍ਹੀਆਂ ਚੀਜਾਂ। ਮੇਰੇ ਕੋਲ ਤਾਂ ਇਸ ਤਰ੍ਹਾਂ ਦੀ ਸ਼ੈਅ ਐ ਜਿਹੜੀ ਲੋਹੇ ਨੂੰ ਵੀ ਸੋਨਾ ਬਣਾ ਦਿੰਦੀ।"

ਰਾਜੇ ਨੇ ਜਦੋਂ ਇਕੋ ਈ ਸ਼ਬਦ ਸੁਣਿਆ ਤਾਂ ਉਹਦਾ ਰਾਜਪੁਣਾ ਜਾਂਦਾ ਲੱਗਾ। ਮੰਗਤਾ ਬਣ ਗਿਆ। ਕਹਿੰਦਾ ਕਿਹੜੀ ਸ਼ੈਅ ਐ ਮੈਨੂੰ ਵੀ ਦੱਸੋ। ਭਿਖਾਰੀ ਕਹਿੰਦਾ ਤੂੰ ਲੋਹਾ ਜਾਂ ਪਿੱਤਲ ਲੈ ਆ। ਮੇਰੇ ਕੋਲ ਇਕ ਮੰਤਰ ਐ। ਉਸ ਮੰਤਰ ਦਾ ਜਾਪ ਕਰਨ ਨਾਲ ਈ ਲੋਹੇ ਜਾਂ ਪਿੱਤਲ ਦਾ ਸੋਨਾ ਬਣ ਜਾਣੈ।

ਰਾਜਾ ਹੱਥ ਜੋੜਦਾ ਹੋਇਆ ਭਿਖਾਰੀ ਅੱਗੇ ਬੈਠ ਗਿਆ ਕਹਿੰਦਾ, "ਮਹਾਰਾਜ ਫਿਰ ਮੈਨੂੰ ਉਹ ਮੰਤਰ ਦੱਸੋ। ਮੈਂ ਤੁਹਾਡਾ ਬੜਾ ਸ਼ੁਕਰ ਗੁਜ਼ਾਰ ਹੋਵਾਂਗਾ।" ਭਿਖਾਰੀ ਉੱਠ ਕੇ ਖੜਾ ਹੋ ਗਿਆ ਕਹਿੰਦਾ, "ਰਾਜਨ ਹੁਣ ਦੱਸ। ਭੁੱਖਾ ਮੈਂ ਹਾਂ ਜਾਂ ਤੂੰ।" ਭਿਖਾਰੀ ਦੀ ਗੱਲ ਸੁਣ ਕੇ ਰਾਜਾ ਬੜਾ ਸ਼ਰਮਿੰਦਾ ਹੋਇਆ ਤੇ ਚੁਪ ਚਾਪ ਮਹਿਲੀਂ ਵਾਪਸ ਆ ਗਿਆ।

### ਔਲਾਦ

ਇਕ ਮਹਾਂਪੁਰਸ਼ ਬੜੇ ਵਿਦਵਾਨ ਪਹੁੰਚੇ ਹੋਏ ਸਿਗੇ। ਲੋਕ ਉਨ੍ਹਾਂ ਕੋਲ ਆਪਣੀਆਂ ਸਮੱਸਿਆਵਾਂ ਲੈ ਕੇ ਆਉਂਦੇ ਤੇ ਮਹਾਂਪੁਰਸ਼ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਸਹਿਜੇ ਹੀ ਹੱਲ ਕੱਢ ਦਿੰਦੇ ਸੀ। ਲੋਕਾਂ ਵਿਚ ਉਨ੍ਹਾਂ ਦਾ ਬੜਾ ਅਦਬ ਤੇ ਸਤਿਕਾਰ ਸੀ।

ਇਕ ਦਿਨ ਇਸੇ ਤਰ੍ਹਾਂ ਮਹਾਂਪੁਰਸ਼ ਕਥਾ ਕਰ ਰਹੇ ਸਨ। ਬਹੁਤ ਸਾਰੇ ਮਰਦ, ਔਰਤਾਂ, ਅੰਤਰ ਧਿਆਨ ਹੋ ਕੇ ਮਹਾਂਪੁਰਸ਼ਾਂ ਦੇ ਵਚਨ ਸੁਣ ਰਹੇ ਸਨ। ਕਥਾ ਖਤਮ ਹੋਈ ਤਾਂ ਲੋਕ ਆਪੋ ਆਪਣੀਆਂ ਸਮੱਸਿਆਵਾਂ ਮਹਾਂਪੁਰਸ਼ਾਂ ਨਾਲ ਸਾਂਝੀਆਂ ਕਰਨ ਲੱਗੇ।

ਸੰਗਤ ਵਿਚੋਂ ਹੱਥ ਬੰਨ੍ਹ ਕੇ ਇਕ ਅੱਧਖੜ੍ਹ ਉਮਰ ਦੇ ਬੰਦੇ ਨੇ ਮਹਾਂਪੁਰਸ਼ਾਂ ਨੂੰ ਸਵਾਲ ਕੀਤਾ, ਮਹਾਰਾਜ ਕੀ ਗੱਲ ਆ ਅੱਜ ਦੀ ਔਲਾਦ ਸਾਡਾ ਕਹਿਣਾ ਨਹੀਂ ਮੰਨਦੀ। ਅਸੀਂ ਬੜੇ ਦੁੱਖ ਤਕਲੀਫ਼ਾਂ ਨਾਲ ਇਨ੍ਹਾਂ ਨੂੰ ਪਾਲਦੇ ਹਾਂ ਪਰ ਇਹ ਜਦੋਂ ਸੁਰਤ ਸੰਭਾਲਦੀ ਆ ਤਾਂ ਸਾਨੂੰ ਟੀਟਣੇ ਚਘਾਉਣ ਲੱਗ ਪੈਂਦੀ ਆ। ਮਹਾਰਾਜ ਕੀ ਕੀਤਾ ਜਾਵੇ, ਇਸਦਾ ਕੋਈ ਹੱਲ ਦੱਸੋ?

ਮਹਾਂਪੁਰਸ਼ ਕੁਝ ਚਿਰ ਸੋਚੀ ਪੈ ਗਏ ਤੇ ਫਿਰ ਸਹਿਜ ਸੁਭਾਅ ਸੰਗਤ ਨੂੰ ਆਖਣ ਲੱਗੇ, ਵਾਸਤਵ ਦੇ ਵਿਚ ਇਹ ਤੁਹਾਡੀ ਔਲਾਦ ਹੈ ਈ ਨਹੀਂ ਕਿਉਂਕਿ ਤੁਸੀਂ ਕਦੇ ਔਲਾਦ ਦੇ ਖਿਆਲ ਨਾਲ ਔਲਾਦ ਪੈਦਾ ਈ ਨਹੀਂ ਕੀਤੀ।

ਪਹਿਲਾਂ ਤਾਂ ਤੁਹਾਨੂੰ ਇਹੋ ਈ ਨਹੀਂ ਪਤਾ ਕਿ ਕਿੱਦਾਂ ਇਸਦਾ ਸੇਵਨ ਕਰਨਾ, ਕਦੋਂ ਕਿਹੜੇ ਵਕਤ ਇਹਦੇ ਕੋਲ ਜਾਣਾ? ਤੁਸੀਂ ਜਦੋਂ ਇਹ ਕੰਮ ਕੀਤਾ ਤਾਂ ਚਸਕੇ ਨਾਲ ਕੀਤਾ। ਸੁਆਦ ਲੈਣ ਲਈ ਕੀਤਾ ਇਹ ਕੰਮ ਤੁਸੀਂ। ਤੁਸੀਂ ਇਹ ਕੰਮ ਚੰਗੀ ਮਾੜੀ ਔਲਾਦ ਲਈ ਨਹੀਂ ਕੀਤਾ, ਸਗੋਂ ਜੁਆਨੀ ਦਾ ਮਜ਼ਾ ਲੈਣ ਲਈ ਕੀਤਾ।

ਫਿਰ ਇਸ ਚਸਕੇ ਦੀ ਔਲਾਦ ਨੇ ਤੁਹਾਡਾ ਕਹਿਣਾ ਥੋੜ੍ਹੀ ਮੰਨਣਾ। ਸੁਆਦ ਦੀ ਔਲਾਦ ਨੇ ਤੁਹਾਡੇ ਆਖੇ ਨਹੀਂਓਂ ਲੱਗਣਾ। ਇਹਨੇ ਤਾਂ ਚਸਕੇ ਦੇ ਕਹੇ ਲੱਗਣਾ ਤੇ ਚਸਕੇ ਦਾ ਈ ਕਹਿਣਾ ਮੰਨਣਾ। ਮਹਾਂਪੁਰਸ਼ਾਂ ਦਾ ਕਥਨ ਸੁਣ ਕੇ ਸਾਰੀ ਸੰਗਤ ਨਿਰਉੱਤਰ ਹੋ ਗਈ।

### ਚੋਰੀ

ਇਕ ਚੋਰ ਨੂੰ ਚੋਰੀ ਕਰਨ ਦਾ ਬੜਾ ਤਜ਼ਰਬਾ ਸੀ। ਉਸਨੇ ਆਪਣੀ ਜ਼ਿੰਦਗੀ ਵਿਚ ਬੜੀਆਂ ਚੋਰੀਆਂ ਕੀਤੀਆਂ ਪਰ ਕਦੇ ਕਿਸੇ ਦੇ ਹੱਥ ਨਹੀਂ ਆਇਆ। ਹਰ ਵਾਰੀ ਚੋਰੀ ਕਰਨ ਤੋਂ ਬਾਅਦ ਬੜੀ ਸਫਾਈ ਨਾਲ ਬਚ ਨਿਕਲਦਾ।

ਪਰ ਹੁਣ ਉਸਦੀ ਉਮਰ ਲੱਗ ਚੁੱਕੀ ਸੀ। ਉਸਨੇ ਸੋਚਿਆ ਕਿ ਕਿਉਂ ਨਾ ਇਹ ਕੰਮ ਆਪਣੇ ਪੁੱਤਰ ਨੂੰ ਸਿਖਾ ਦਿੱਤਾ ਜਾਵੇ। ਉਹਨੇ ਆਪਣੇ ਪੁੱਤਰ ਨੂੰ ਸੱਦਿਆ ਤੇ ਕਿਹਾ, "ਚੱਲ ਪੁੱਤਰ ਤੈਨੂੰ ਵੀ ਚੋਰੀ ਕਰਨੀ ਸਿਖ-ਾਵਾਂ। ਤੂੰ ਵੀ ਵੱਡਾ ਹੋ ਕੇ ਆਪਣਾ ਦਾ਼ਲ ਫੁਲਕਾ ਤੋਰਨਾ ਕਿ ਨਹੀਂ।" ਲੜਕਾ ਸਿਆਣਾ ਸੀ। ਉਹਨੇ ਮਨ੍ਹਾ ਨਹੀਂ ਕੀਤਾ। ਕਹਿੰਦਾ ਚਲੋ ਪਿਤਾ ਜੀ ਸਖਾ ਦਿਓ। ਅਸੀਂ ਕਿਹੜਾ ਅਫ਼ਸਰ ਬਣਨਾ ਪਿਓ ਪੁਰਖੀ ਕੰਮ ਈ ਕਰਨਾ।



- ਡਾ. ਜਸਵੰਤ ਰਾਏ
91-98158-25999

ਦੋਨੋਂ ਪਿਓ ਪੁੱਤ ਤੁਰ ਪਏ ਚੋਰੀ ਕਰਨ। ਰਾਹ ਵਿਚ ਕਿਤੇ ਸੂਤ ਨਾ ਲੱਗਾ। ਤੁਰਦਿਆਂ ਤੁਰਦਿਆਂ ਰਾਤ ਪੈ ਗਈ। ਦੂਰ ਇਕ ਘਰ ਦੀਵਾ ਜਗਦਾ ਦੇਖ ਕੇ ਦੋਵੇਂ ਰੁਕ ਗਏ। ਪਿਓ, ਪੁੱਤ ਨੂੰ ਆਖਣ ਲੱਗਾ, "ਕਾਕਾ ਓਹ ਜਿਸ ਘਰ ਦੀਵਾ ਜਗ ਰਿਹਾ ਏ ਨਾ, ਮੈਂ ਉਸ ਘਰ ਗਿਆਰਾਂ ਵਾਰ ਚੋਰੀ ਕੀਤੀ ਆ। ਬੜਾ ਮਾਲ ਆ ਇਸ ਘਰ ਵਿਚ। ਮੈਂ ਬਹੁਤ ਲੁੱਟਿਆ ਇਸ ਘਰ ਨੂੰ।"

ਪੁੱਤਰ ਕੁਝ ਚਿਰ ਚੁੱਪ ਰਿਹਾ ਤੇ ਫੇਰ ਚੁੱਪ ਤੋੜਦਿਆਂ ਬੋਲਿਆ, "ਪਿਤਾ ਜੀ ਤੁਸੀਂ ਇਸ ਘਰ ਵਿਚ ਗਿਆਰਾਂ ਵਾਰ ਚੋਰੀ ਕੀਤੀ। ਕਹਿੰਦੇ ਖ਼ੂਬ ਲੁੱਟਿਆ ਇਸ ਘਰ ਨੂੰ। ਪਰ ਦੇਖ ਲਵੋ ਇਸ ਘਰ ਵਿਚ ਦੀਵਾ ਅਜੇ ਵੀ ਜਗ ਰਿਹਾ। ਬਰਕਤ ਅਜੇ ਵੀ ਲਗਦੀ ਆ।

ਜਦ ਕਿ ਸਾਡੇ ਦੀਵੇ ਨੂੰ ਤੇਲ ਵੀ ਨਹੀਂ ਜੁੜਿਆ। ਸਾਡੇ ਘਰ ਅਜੇ ਵੀ ਹਨ੍ਹੇਰਾ ਈ ਆ।"

ਪੁੱਤਰ ਦੀ ਗੱਲ ਨਾਲ ਉਸੇ ਵੇਲੇ ਪਿਤਾ ਨੂੰ ਗਿਆਨ ਹੋ ਗਿਆ। ਉਸਨੇ ਅੱਗੇ ਤੋਂ ਚੋਰੀ ਨਾ ਕਰਨ ਦੀ ਕਸਮ ਖਾ ਲਈ ਤੇ ਮਿਹਨਤ ਮਜ਼ਦੂਰੀ ਕਰਕੇ ਖੁਸ਼ੀ ਖੁਸ਼ੀ ਆਪਣਾ ਗੁਜ਼ਾਰਾ ਕਰਨ ਲੱਗ ਪਿਆ।









ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਮੌਕੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਉਹਨਾਂ ਦੇ ਪ੍ਰਸ਼ੰਸਕ।

# ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਵਫਾਦਾਰ ਸਾਥੀ ਨੇਕ ਮੱਲ੍ਹਾਂਬੇਦੀਆਂ ਨੂੰ ਮਰਦੇ ਨੂੰ ਬਚਾ ਲਓ- ਇਕ ਪੁਕਾਰ



ਸਤਨਾਮ ਸਿੰਘ ਸਹੂੰਗੜਾ
94170-71532

ਦਸਵੀਂ ਕਲਾਸ ਵਿਚ ਪੜ੍ਹਨ ਸਮੇਂ ਦਲਿਤ ਮਸੀਹਾ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਅਗਵਾਈ ਵਿਚ ਬਹੁਜਨ ਸਮਾਜ ਨੂੰ ਲਾਮਬੰਦ ਕਰਨ ਵਾਸਤੇ ਪਿੰਡ ਮੂਸਾਪੁਰ ਦੀ ਪਵਿੱਤਰ ਧਰਤੀ ਉਪਰ ਮੈਂ ਪਹਿਲੀ ਵਾਰ ਦਲਿਤ ਸਮਾਜ ਅੰਦਰ ਇਕ ਨਵੀਂ ਰੂਹ ਪੈਦਾ ਕਰਨ ਵਾਲੇ ਇਨਸਾਨ ਦੇ ਦਰਸ਼ਨ ਕਰਕੇ ਆਪਣੇ-ਆਪ ਨੂੰ ਵੱਡਿਆਂ ਭਾਗਾਂ ਵਾਲਾ ਮਹਿਸੂਸ ਕਰ ਰਿਹਾ ਸੀ। ਦਲਿਤ ਸਮਾਜ ਅੰਦਰ ਇਕ ਨਵੀਂ ਰੌਸ਼ਨੀ ਨਵੀਂ ਚੇਤਨਾ ਦੇ ਵਿਕਾਸ ਦਾ ਰਸਤਾ ਖੁੱਲ੍ਹਣ ਵਾਲਾ ਮਹਿਸੂਸ ਹੋਣ ਲੱਗ ਰਿਹਾ ਸੀ। ਇਹ ਮਿਸ਼ਨਰੀ ਵਿਚਾਰ ਨੇਕਾ ਮੱਲ੍ਹਾਂਬੇਦੀਆਂ ਉਰਫ ਹਰਨੇਕ ਸਿੰਘ ਪਿੰਡ ਮੱਲ੍ਹਾਂ ਬੇਦੀਆਂ ਦੀ ਜ਼ੁਬਾਨ ਵਿਚੋਂ ਜਿਵੇਂ-ਜਿਵੇਂ ਬਾਹਰ ਆ ਕੇ ਸ਼ਬਦਾਂ ਅਰਥਾਂ ਦੇ ਰੂਪ ਲੈ ਰਹੇ ਸਨ। ਮੇਰੇ ਸਰੀਰ ਦੇ ਲੂੰ ਕੰਡੇ ਖੜ੍ਹੇ ਹੁੰਦੇ ਜਾ ਰਹੇ ਸਨ ਕਿ ਇਸ ਇਨਸਾਨ ਨੇ ਕੀ ਸੋਚਿਆ ਸੀ ਤੇ ਅੱਜ ਆਪ ਅਪਾਹਿਜ ਹੋਣ ਦੇ ਬਾਵਜੂਦ ਵੀ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਲਹਿਰ ਨੂੰ ਕਿਵੇਂ ਚੜ੍ਹਦੀ ਕਲਾ ਵਿਚ ਵੇਖਣ ਲਈ ਤਤਪਰਤਾ ਦਿਖਾ ਰਿਹਾ ਸੀ। ਮੈਂ ਇਸ ਹਰਨੇਕ ਉਰਫ ਨੇਕ ਮੱਲ੍ਹਾਬੇਦੀਆਂ ਨਾਲ ਜੋ ਵਿਚਾਰਾਂ ਕੀਤੀਆਂ ਮੇਰਾ ਦਿਲ ਕੀਤਾ ਕਿ ਇਹਨਾਂ ਨੂੰ ਸ਼ਬਦ ਬਣਾ ਕੇ ਕਾਗ਼ਜ਼ ਦੀ ਹਿੱਕ ਉਪਰ ਇਸ ਢੰਗ ਲਾਹ ਦਿਆਂ, ਜਿਸ ਨਾਲ ਇਯ ਅਪਾਹਿਜ ਬਣੇ ਇਕ ਮਿਸ਼ਨਰੀ ਸਾਥੀ ਦੀ ਕੋਇ. ਮਦਦ ਹੋ ਸਕੇ ਤੇ ਦਾਨੀ ਭਰਾ ਜੋ ਵੀ ਤਿਲ ਫੁੱਲ ਹੋਵੇ ਇਸ ਦੇ ਇਲਾਜ ਵਿਚ ਇਸ ਗਰੀਬ ਦੀ ਮਦਦ ਕਰ ਸਕਣ। ਨੇਕ ਦੀ ਦਸਵੀਂ ਕਲਾਸ ਦੇ ਪੱਕੇ ਪੇਪਰ ਪੈਣ ਵਾਲੇ ਸਨ ਕਿ ਨੇਕ ਪੜ੍ਹਾਈ ਤੋਂ ਪਿੱਛੇ ਹਟ ਕੇ ਮਿਸ਼ਨ ਚਲਾਉਣ ਦੀਆਂ ਲੀਹਾਂ ਵੱਲ ਪੱਕੇ ਪੈਰੀਂ ਚੱਲਣ ਲੱਗ ਪਿਆ ਸੀ। ਸਾਹਿਬ ਕਾਂਸ਼ੀ ਰਾਮ ਜੀ ਨੇਕ ਨੂੰ ਬਹੁਤ ਹੀ ਚੰਗੀ ਤਰ੍ਹਾਂ ਜਾਣਦੇ ਤੇ ਪਹਿਚਾਣਦੇ ਸਨ ਤੇ ਬਹੁਤ ਹੀ ਪਿਆਰ ਕਰਿਆ ਕਰਦੇ ਸਨ ਤੇ ਸਾਹਿਬ ਕਾਂਸ਼ੀ ਰਾਮ ਨੂੰ ਨੇਕ ਤੋਂ ਉਮੀਦਾਂ ਵੀ ਬਹੁਤ ਸਨ ਕਿ ਦਲਿਤ ਪਰਿਵਾਰ ਵਿਚ ਜੰਮਿਆ ਇਹ ਨੌਜਵਾਨ ਕੋਲੇ ਦੀ ਖਾਨ ਵਿਚੋਂ ਹੀਰੇ ਵਾਂਗ ਆਪਣੀ ਚਮਕ ਬਿਖੇਰਨ ਦੀ ਸਮਰੱਥਾ ਨਾਲ ਭਰਪੂਰ ਹੈ। ਸਾਹਿਬ ਕਾਂਸ਼ੀ ਰਾਮ ਨੇ ਨੇਕ ਨੂੰ ਪੱਕੇ ਪੇਪਰ ਪਾਉਣ ਬਾਰੇ ਪੁੱਛਿਆ ਤਾਂ ਨੇਕ ਕਹਿੰਦਾ ਸਾਹਿਬ ਜੀ ਮੇਰੇ ਪੱਕੇ ਪੇਪਰਾਂ ਨਾਲੋਂ ਕੌਮ ਨੂੰ ਜਾਗਰੂਕ ਕਰਨ ਦੀ ਜ਼ਿਆਦਾ ਜ਼ਰੂਰਤ ਹੈ ਤਾਂ ਸਾਹਿਬ ਜੀ ਪਿਆਰ ਭਰੀ ਘੂਰ ਨਾਲ ਦਬਕਾ ਮਾਰਿਆ ਤੇ ਆਖਿਆ ਕਿ ਜਾਹ ਪਹਿਲਾਂ ਪਾਸ ਹੋ ਕੇ ਵਿਖਾ ਫਿਰ ਸਾਡੇ ਨਾਲ ਖੜ੍ਹੀਂ। ਨੇਕ ਵਾਸਤੇ ਸਾਹਿਬ ਕਾਂਸ਼ੀ ਰਾਮ ਦਾ ਹਰ ਇਕ ਬੋਲ ਅਲਾਹੀ ਫੁਰਮਾਨ ਦੀ ਤਰ੍ਹਾਂ ਸੀ। ਸਾਹਿਬ ਕਾਂਸ਼ੀ ਰਾਮ ਦੇ ਕਹਿਣ ਤੇ ਨੇਕ ਨੇ ਦਸਵੀਂ ਦੀ ਪ੍ਰੀਖਿਆ ਨਾ ਚਾਹੁੰਦਿਆਂ ਵੀ ਪਾਸ ਕਰਕੇ ਦਿਖਾਈ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਸ਼ਾਬਾਸ਼ੀ ਹਾਸਲ ਕੀਤੀ। ਨੇਕ ਦਾ ਜਨਮ 4 ਨਵੰਬਰ 1972 ਨੂੰ ਮਾਤਾ ਚਰਨ ਕੌਰ ਦੀ ਸੁਭਾਗੀ ਕੁੱਖ ਤੋਂ ਪਿਤਾ ਸਰਬਣ ਲਾਲ ਦੇ ਗ੍ਰਹਿ ਪਿੰਡ ਮੱਲਾ-ਬੇਦੀਆਂ (ਸ਼ਹੀਦ ਭਗਤ ਸਿੰਘ ਨਗਰ) ਨਜ਼ਦੀਕ ਬੰਗਾ ਵਿਖੇ ਹੋਇਆ।ਨੇਕ ਨੇ ਪੜ੍ਹਾਈ ਸਿਰਫ ਦਸਵੀਂ ਤੱਕ ਹੀ ਕੀਤੀ ਸੀ। ਸਾਹਿਬ ਕਾਂਸ਼ੀ ਰਾਮ ਨੂੰ ਪਹਿਲਾਂ ਪਿੰਡ ਮੂਸਾਪੁਰ ਵਿਚ ਵੇਖਿਆ ਤੇ ਫਿਰ ਕਦੇ ਪਿਛਾਂਹ ਮੁੜਨ ਬਾਰੇ ਨਹੀਂ ਸੋਚ ਸਕਿਆ ਜੋ ਅੱਜ ਤੱਕ ਨਿਰੰਤਰ ਅੱਗੇ ਵੱਲ ਹੀ ਵਧਦਾ ਜਾ ਰਿਹਾ ਹੈ। ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਕੀਮਤੀ ਵਿਚਾਰ ਸੁਣ ਕੇ ਨੇਕ ਕਾਂਸ਼ੀ ਰਾਮ ਦਾ ਹੀ ਹੋ ਕੇ ਰਹਿ ਗਿਆ। ਨੇਕ ਸਾਹਿਬ ਕਾਂਸ਼ੀ ਰਾਮ ਦੁਆਰਾ ਬਹੁਜਨ ਸਮਾਜ ਵਾਸਤੇ ਚਲਾਈ ਲਹਿਰ ਵਿਚ ਕਿਸੇ ਤਰੀਕੇ ਆਪਣਾ ਯੋਗਦਾਨ ਪਾਉਣ ਵਾਸਤੇ ਨਿਰੰਤਰ ਯਤਨਸ਼ੀਲ ਰਹਿੰਦਾ ਸੀ। ਉਸ ਭਲੇ ਸਮਿਆ ਵਿਚ ਪਰਮਜੀਤ ਗੋਸਲ ਤੇ ਹਰਭਜਨ ਲਾਖਾ ਜੀ (ਦੋਵੇਂ ਮਰਹੂਮ) ਨਵੇਂ ਨੌਜਵਾਨਾਂ ਨੂੰ ਤਲਾਸ਼ ਕਰਕੇ ਸ਼ਿੰਗਾਰਨ ਦਾ ਕੰਮ ਕਰਿਆ ਕਰਦੇ ਤੇ ਸਾਹਿਬ ਕਾਂਸ਼ੀ ਰਾਮ ਦੀ ਸੋਚ ਵਾਲੀ ਜੋਤ ਜਗਾਉਣ ਲਈ ਪੂਰਾ ਜ਼ੋਰ ਲਗਾਇਆ ਕਰਦੇ ਸਨ। ਜਦੋਂ ਨੇਕ ਇਹਨਾਂ ਦੋਵਾਂ ਦੇ ਸੰਪਰਕ ਵਿਚ ਆਇਆ ਤਾਂ ਇਹਨਾਂ ਦੀ ਪਾਰਖੂ ਅੱਖ ਨੇ ਪਹਿਚਾਨਣ ਵਿਚ ਦੇਰ ਨਾ ਕਰਦਿਆਂ ਝੱਟ ਨੇਕ 'ਤੇ ਆਪਣੇ ਹਥਿਆਰ ਵਰਤਣੇ ਸ਼ੁਰੂ ਕਰ ਦਿੱਤੇ। ਜੋ ਬਾਕੀਆਂ ਨਾਲੋਂ ਬਹੁਤ ਛੇਤੀ ਆਪਣੀ ਚਮਕ ਬਿਖੇਰਨ ਦੇ ਯੋਗ ਹੋ ਗਿਆ। ਨੇਕ ਨੇ ਇਹਨਾਂ ਜੁਝਾਰੂ ਸਾਥੀਆਂ ਦੀ ਸਰਪ੍ਰਸਤੀ ਵਿਚ ਵਿਚਰਦਿਆਂ ਸਦੀਆਂ ਤੋਂ ਲਤਾੜੇ ਗਏ ਦਲਿਤ ਸਮਾਜ ਦੇ ਬੂਹਿਆਂ ਦੇ ਅੰਦਰ ਘਰ-ਘਰ, ਹਰ ਗਲੀ-ਕੋਨੇ ਮੁਹੱਲਿਆਂ ਵਿਚ ਬਸਤੀਆਂ ਵਿਚ ਪਹੁੰਚ ਕਰਕੇ ਪਰਮਜੀਤ ਗੋਸਲ ਤੇ ਹਰਭਜਨ ਲਾਖਾ ਦੀ ਨਿਰਦੇਸ਼ਨਾ ਹੇਠ 'ਨਵਾਂ ਚਿਰਾਗ-ਨਵੀਂ ਰੌਸ਼ਨੀ' ਅਤੇ 'ਕੌਮ ਦੀ ਧੀ' ਨਾਟਕਾਂ ਵਿਚ ਦਿਲ ਨੂੰ ਧੂਹ ਪਾਉਣ ਵਾਲੇ ਕਿਰਦਾਰ ਪੇਸ਼ ਕਰਕੇ ਛੇਤੀ ਹੀ ਮਕਬੂਲੀਅਤ ਦੇ ਝੰਡੇ ਗੱਡ ਦਿੱਤੇ। ਹਰ ਗਲੀ-ਮੁਹੱਲੇ ਵਿਚ ਨੇਕ ਮੱਲ੍ਹਾ ਬੇਦੀਆਂ ਦੇ ਕਿਰਦਾਰਾਂ ਦੀ ਗੂੰਜ ਸੁਣਾਈ ਦੇਣ ਲੱਗ ਪਈ। ਹੋਰ ਪਾਰਟੀਆਂ ਨਾਲ ਜੁੜੇ ਹੋਏ ਲੋਕ ਨਾ ਚਾਹੁੰਦੇ ਹੋਇਆਂ ਵੀ ਨੇਕ ਮੱਲ੍ਹਾਂ ਬੇਦੀਆਂ ਦੇ ਨਾਟਕਾਂ ਨੂੰ ਦੂਰੋਂ-ਦੂਰੋਂ ਸਾਥੀਆਂ ਨਾਲ ਵੇਖਣ ਲਈ ਪਹੁੰਚ ਜਾਂਦੇ ਸਨ ਤਾਂ ਫਿਰ ਪੁਰਾਣੀਆਂ ਪਾਰਟੀਆਂ ਛੱਡ ਕੇ ਨਵੀਂ ਬਣੀ ਬਹੁਜਨ ਸਮਾਜ ਪਾਰਟੀ ਵਿਚ ਜੀਅ-ਜਾਨ ਨਾਲ ਨੇਕ ਜੁੱਟ ਜਾਂਦੇ ਸਨ। ਨਾਟਕਾਂ ਜ਼ਰੀਏ ਲੋਕਾਂ ਵਿਚ ਬਹੁਜਨ ਸਮਾਜ ਦੀ ਤਸਵੀਰ ਪੇਸ਼ ਕਰਦਿਆਂ ਨੇਕ ਕਈ ਵਾਰੀ ਸਟੇਜਾਂ 'ਤੇ ਹੀ ਰੋਣ ਲੱਗ ਪੈਂਦਾ ਸੀ, ਕਿਉਂਕਿ ਉਸ ਨੂੰ ਕਿਰਦਾਰ ਹੀ ਅਜਿਹੇ ਮਿਲਦੇ ਸਨ ਕਿ ਸੱਚ ਨੂੰ ਦੁਨੀਆਂ ਦੀ ਕਚਹਿਰੀ ਵਿਚ ਕਿਵੇਂ ਪਰੋਸਣਾ ਹੈ। ਜਿੱਥੇ ਤੱਕ ਬਹੁਜਨ ਸਮਾਜ ਵੱਸਦਾ ਸੀ ਨੇਕ ਨੇ ਆਪਣੇ ਸਾਥੀਆਂ ਸਮੇਤ ਨਾਟਕਾਂ ਵਾਸਤੇ ਹਰ ਉਸ ਥਾਂ ਤੱਕ ਪਹੁੰਚ ਕਰਕੇ ਸਮਾਜ ਨੂੰ ਜਾਗਰੂਕ ਕਰਨ ਵਾਸਤੇ ਕਦੇ ਕੁਤਾਹੀ ਨਹੀਂ ਵਰਤੀ। ਸਾਹਿਬ ਕਾਂਸ਼ੀ ਰਾਮ ਜੀ ਦੇ ਪਿਆਰ ਦੁਲਾਰ ਸਦਕਾ ਨੇਕ ਮਿਸ਼ਨਰੀ ਗੀਤ ਵੀ ਲਿਖਣ ਲੱਗ ਪਿਆ ਤੇ ਨਾਟਕਾਂ ਵਿਚ ਜਦੋਂ ਸਮਾਂ ਮਿਲਦਾ ਤਾਂ ਪਰਮਜੀਤ ਗੋਸਲ ਦੇ ਇਸ਼ਾਰੇ ਨਾਲ ਆਪਣਾ ਲਿਖਿਆ ਗੀਤ ਖੁਦ ਗਾ ਕੇ ਜਨਤਾ ਵਿਚ ਹਿੱਲਜੁਲ ਜਿਹੀ ਪੈਦਾ ਕਰ ਦਿੰਦਾ। ਦਿਨ ਪ੍ਰਤੀ ਦਿਨ ਨੇਕ ਦੀ ਵਧਦੀ ਹਰਮਨ ਪਿਆਰਤਾ ਨੂੰ ਵੇਖਦਿਆਂ ਸਾਹਿਬ ਕਾਂਸ਼ੀ ਰਾਮ ਨੇ ਜਿੱਥੇ ਕਿਤੇ ਵੀ ਬਹੁਜਨ ਸਮਾਜ ਪਾਰਟੀ ਦੀ ਕਾਨਫਰਸੰ ਜਾਂ ਰੈਲੀ ਹੋਣੀ ਪਹਿਲਾਂ ਨੇਕ ਨੂੰ ਗਾਉਣ ਦਾ ਖੁੱਲ੍ਹਾ ਸਮਾਂ ਦੇਣਾ, ਜਿਸ ਕਾਰਨ ਨੇਕ ਮੋਹਣ ਬੰਗੜ ਵਾਂਗ ਹਰ ਇਕ ਦਿਲ ਵਿਚ ਆਪਣੇ ਚਾਹੁਣ ਦੀ ਇਕ ਜਗ੍ਹਾ ਬਣਾਉਣ ਵਿਚ ਕਾਮਯਾਬ ਹੋ ਗਿਆ। ਜਿੱਥੇ ਕਿਤੇ ਵੀ ਨਾਟਕਾਂ ਦਾ ਮੰਚਨ ਕੀਤਾ ਜਾਂਦਾ, ਉਥੇ ਇਹ ਦੋ ਗੀਤ ਗਾਉਣ ਵਾਸਤੇ ਪਰਮਜੀਤ ਗੋਸਲ ਕੋਲ ਸਿਫਾਰਸ਼ਾਂ ਦੇ ਢੇਰ ਲੱਗ ਜਾਂਦੇ ਕਿ ਜੀ ਮੁੰਡੇ ਕੋਲੋਂ ਦੋ ਗੀਤ ਜ਼ਰੂਰ ਸੁਣਵਾ ਦਿਓ।

ਭੀਮ ਜੋਤੀ ਨੂੰ ਜਗ੍ਹਾ ਕੇ ਚਲੇ ਗਏ।
ਮੋਇਆਂ ਦੇ ਵਿਚ ਜਾਨ ਪਾ ਕੇ ਚਲੇ ਗਏ।
ਅਤੇ
ਬਾਬਾ ਸਾਹਿਬ ਜੀ ਕੀਤੀ ਤਿਆਰੀ ਸੀ,
ਲੱਭ ਮਨੂੰਵਾਦ ਦੇ ਮਾਰੀ ਸੀ,
ਉਹ ਪਿਛਲਾ ਧੋ ਗਏ ਧੋਣਾ ਨੇ,
ਬਾਬਾ ਸਾਹਿਬ ਜਿਹਾ ਨਾ ਕੋਈ ਹੋਇਆ,
ਨਾ ਕੋਈ ਹੋਣਾ ਏ।




ਮਿਸ਼ਨਰੀ ਵਰਕਰ ਆਖਦੇ ਨੇ ਕਿ ਜਦੋਂ ਨੇਕ ਆਪਣੀ ਮਿੱਠੀ ਆਵਾਜ਼ ਵਿਚ ਗੀਤ ਗਾਉਂਦਾ ਤਾਂ ਲੋਕਾਂ ਦੀਆਂ ਅੱਖਾਂ ਵਿਚੋਂ ਅੱਥਰੂ ਆਪ ਮੁਹਾਰੇ ਵਗਣ ਲੱਗ ਪੈਂਦੇ ਸਨ। ਇਹ ਤਾਂ ਸੀ ਨੇਕ ਦੁਆਰਾ ਬਹੁਜਨ ਸਮਾਜ ਪ੍ਰਤੀ ਕੀਤੀਆ ਸੇਵਾਵਾਂ।ਇਹਨਾਂ ਸਾਰੀਆਂ ਕੀਤੀਆਂ ਸੇਵਾਵਾਂ ਤੋਂ ਉਲਟ ਅੱਜ ਸਾਹਿਬ ਕਾਂਸ਼ੀ ਰਾਮ ਜੀ ਦਾ ਇਹ ਬੱਬਰ ਸ਼ੇਰ ਦਹਾੜ ਮਾਰਨੋਂ ਤਾਂ ਜਾਣਾ ਸੀ, ਨਾਲ ਹੀ ਤੁਰਨ-ਫਿਰਨ ਤੋਂ ਵੀ ਅਸਮਰੱਥ ਹੋ ਕੇ ਅਪਾਹਜ ਬਣ ਕੇ ਮੰਜੇ 'ਤੇ ਪਿਛਲੇ 9 ਸਾਲਾਂ ਤੋਂ ਆਪਣੇ ਮਾਤਾ-ਪਿਤਾ ਤੇ ਦੋ ਸਕੇ ਭਾਈਆਂ ਦੀਆਂ ਨਿੱਤ ਦਿਨ ਅੱਖਾਂ ਵਿਚੋਂ ਵਗਦੇ ਹੰਝੂਆਂ ਨੂੰ ਖੂਨ ਦੇ ਘੁੱਟ ਪੀ ਕੇ ਵੇਖਦਾ ਆ ਰਿਹਾ ਹੈ। ਪਿੰਡ ਮੀਰਪੁਰ ਲੱਖਾਂ ਦੇ ਕੋਲੋਂ ਲੰਘਦੀ ਨਹਿਰ 'ਤੇ ਬਣੇ ਕੂਹਣੀ ਮੋੜ 'ਤੇ ਸ਼ਾਮ ਦੇ ਸਮੇਂ ਜਦੋਂ ਨੇਕਾ ਬਸਪਾ ਦੇ ਮਿਸ਼ਨ ਨੂੰ ਮਜ਼ਬੂਤ ਕਰਦਿਆਂ ਘਰ ਵਾਪਸ ਆ ਰਿਹਾ ਸੀ ਤਾਂ ਉਪਰੋਕਤ ਜਗ੍ਹਾ ਤੇ ਦੂਸਰੇ ਪਾਸਿਉਂ ਕੁਝ ਦਿਖਾਈ ਨਹੀਂ ਦਿੰਦਾ ਸੀ। ਅਚਾਨਕ ਸਾਹਮਣੇ ਤੋਂ ਇਕ ਗੱਡੀ ਆ ਗਈ, ਜਿਸ ਦੀਆਂ ਲਾਈਟਾਂ ਇੰਨੀਆਂ ਤੇਜ਼ ਸਨ ਕਿ ਨੇਕੇ ਨੂੰ ਕੁਝ ਦਿਖਾਈ ਨਾ ਦਿੱਤਾ। ਸੰਭਲੇ ਜਾਣ ਤੋਂ ਪਹਿਲਾਂ ਹੀ ਮੋੜ 'ਤੇ ਭੱਠੇ ਵਾਲਿਆਂ ਵੱਲੋਂ ਟੋਇਆ ਪੁੱਟਿਆ ਗਿਆ ਖਾਨਾ ਪੂਰਤੀ ਵਾਸਤੇ ਮਿੱਟੀ ਵੀ ਪਾ ਦਿੱਤੀ ਗਈ ਸੀ ਪਰ ਅਚਾਨਕ ਹੋਈ ਬਾਰਿਸ਼ ਨਾਲ ਨੇਕੇ ਦੇ ਹੋਸ਼ ਭੁਲਾ ਦਿੱਤੇ, ਸਾਹਮਣੇ ਤੋਂ ਆਈ ਗੱਡੀ ਦੀਆਂ ਲਾਈਟਾਂ ਨੇ ਅੱਗੇ ਤੋਂ ਦਿਸਣਾ ਬੰਦ ਕਰ ਦਿੱਤਾ ਤੇ ਅਚਾਨਕ ਭੱਠੇ ਵਾਲਿਆਂ ਵੱਲੋਂ ਪੁੱਟੇ ਟੋਏ ਵਿਚ ਨੇਕਾ ਡਿੱਗ ਪਿਆ ਤੇ ਨਜ਼ਦੀਕ ਪਈਆਂ ਇੱਟਾਂ ਉਸ ਦੀ ਪਿੱਠ ਉਪਰ ਡਿੱਗ ਪਈਆਂ, ਜਿਸ ਕਾਰਨ ਨੇਕ ਦੀ ਰੀੜ੍ਹ ਦੀ ਹੱਡੀ ਦੇ 8 ਮਣਕੇ ਟੁੱਟ ਗਏ ਤੇ ਉਸੇ ਵੇਲੇ ਗੂੰਗਿਆਂ ਦੀ ਆਵਾਜ਼ ਬਣ ਕੇ ਦਹਾੜਨ ਵਾਲਾ ਸਾਹਿਬ ਕਾਂਸ਼ੀ ਰਾਮ ਜੀ ਦੇ ਸੁਪਨਿਆਂ ਨੂੰ ਹਕੀਕਤ ਵਿਚ ਬਦਲਣ ਦੇ ਯੋਗ ਸਮਝਣ ਵਾਲਾ ਸਮਾਜ ਦਾ ਬੱਬਰ ਸ਼ੇਰ ਜ਼ਿੰਦਗੀ ਵਿਚ ਅਪਾਹਜ ਹੋ ਗਿਆ।

ਸਾਹਿਬ ਕਾਂਸ਼ੀ ਰਾਮ ਜੀ ਦੇ ਸੁਪਨਿਆਂ ਨੂੰ ਅਮਲੀ ਰੂਪ ਦੇ ਵਿਚ ਆਪਣੇ ਆਪ ਨੂੰ ਅਸਮਰੱਥ ਮਹਿਸੂਸ ਕਰਨ ਲੱਗਾ। ਨੇਕ ਅੱਜਕੱਲ੍ਹ ਬੀਤੀਆਂ ਕਹਾਣੀਆਂ ਚੇਤੇ ਕਰਦਿਆਂ ਅੱਖਾਂ ਹੰਝੂਆਂ ਨਾਲ ਭਰ ਲੈਂਦਾ ਹੈ। ਨੇਕ ਨੇ ਦੱਸਿਆ ਕਿ ਜਦੋਂ ਮੇਰੇ ਸੱਟ ਲੱਗੀ ਤਾਂ ਪਰਮਜੀਤ ਗੋਸਲ, ਹਰਭਜਨ ਲਾਖਾ, ਸੁਰਿੰਦਰ ਝੰਡਾ, ਪਰਮ ਕੈਂਥ, ਐਸ. ਐਸ. ਆਜ਼ਾਦ ਤੇ ਰੂਪ ਲਾਲ ਧੀਰ ਵਰਗੇ ਅਨੇਕਾਂ ਸਾਥੀ ਤੇ ਅਮਰੀਕਾ ਬੀਸਲਾ, ਸਰੂਪ ਮੱਲ੍ਹਾ ਤੇ ਜੋਗਾ ਸਿੰਘ ਆਜ਼ਾਦ ਵੱਲੋਂ ਭਰਪੂਰ ਕੋਸ਼ਿਸ਼ਾਂ ਕੀਤੀਂ ਕਿ ਮੈਂ ਫਿਰ ਤੋਂ ਆਪਣੇ ਪੈਰਾਂ ਤੇ ਹੋ ਜਾਵਾਂ। ਬਦਕਿਸਮਤੀ ਨਾਲ ਇਹਨਾਂ ਦੋਸਤਾਂ ਦੀਆਂ ਸੇਵਾਵਾਂ ਵੀ ਮੇਰੇ ਅਪਾਹਜ ਸਰੀਰ ਨੂੰ ਫਿਰ ਤੋਂ ਠੀਕ ਨਾਂ ਕਰਵਾ ਸਕੀਆਂ।

ਸਾਹਿਬ ਕਾਂਸ਼ੀ ਰਾਮ ਜੀ ਦੇ ਵਫਾਦਾਰ ਸ਼ੇਰ ਦੇ ਮੋਬਾਇਲ ਨੰਬਰ 084272-53053 ਤੇ ਸੰਪਰਕ ਕਰਕੇ ਕੋਈ ਵੀ ਇਸ ਦੀ ਜਾਣਕਾਰੀ ਲੈ ਕੇ ਇਸ ਗਰੀਬ ਦੀ ਮਦਦ ਕਰਨ ਵਾਸਤੇ ਪਹੁੰਚ ਸਕਦਾ ਹੈ।

# ਪੰਜਾਬੀ ਦਾ ਇਕ ਨਾਮਵਰ ਗ਼ਜ਼ਲਗੋ ਅਤੇ ਉੱਘਾ ਗੀਤਕਾਰ ਹਰਜਿੰਦਰ ਕੰਗ



- ਡਾ. ਗੁਰੂਮੇਲ ਸਿੱਧੂ
ਕਲੋਵਸ, ਕੈਲੇਫੋਰਨੀਆ, ਯੂ.ਐਸ.ਏ.
1-559-250-1790

ਹਰਜਿੰਦਰ ਕੰਗ ਪੰਜਾਬੀ ਦਾ ਇਕ ਨਾਮਵਰ ਗ਼ਜ਼ਲਗੋ ਅਤੇ ਉੱਘਾ ਗੀਤਕਾਰ ਹੈ। ਉਸ ਦੇ ਗੀਤਾਂ ਨੂੰ ਪੜ੍ਹਦਿਆਂ ਪ੍ਰਭਾਵ ਇਹ ਪੈਂਦਾ ਹੈ ਕਿ ਹਰਜਿੰਦਰ ਇਕ ਗੰਭੀਰ ਮਨੋਵੇਗਾਂ ਵਾਲਾ ਸੰਵੇਦਨਸ਼ੀਲ ਕਵੀ ਹੈ। ਉਸ ਦੇ ਬਹੁਤੇ ਗੀਤ ਸਰਲ ਭਾਸ਼ਾ ਵਿਚ ਲੋਕਾਂ ਦੇ ਹਾਵਾਂ ਭਾਵਾਂ ਦੀ ਤਰਜਮਾਨੀ ਕਰਦੇ ਹਨ, ਇਸ ਲਈ ਸਹਿਜੇ ਹੀ ਜ਼ੁਬਾਨ ਤੇ ਚੜ੍ਹ ਜਾਂਦੇ ਹਨ; ਇਹ ਗੁਣ ਵਿਸ਼ੇਸ਼ ਹਰਜਿੰਦਰ ਨੂੰ ਹੋਰ ਸਮਕਾਲੀ ਗੀਤਕਾਰਾਂ ਨਾਲੋਂ ਵਖਰਾਉਂਦਾ ਹੈ। ਇਸ ਨਿਬੰਧ ਵਿਚ ਉਸ ਦੇ ਗੀਤਾਂ ਦੇ ਵਿਸ਼ਿਆਂ ਨੂੰ ਪੰਜਾਬੀ ਦੇ ਸਮਕਾਲੀ ਗੀਤਾਂ ਅਤੇ ਲੋਕ-ਗੀਤਾਂ ਦੇ ਪ੍ਰਸੰਗ ਵਿਚ ਰੱਖ ਕੇ ਵਿਚਾਰਿਆ ਜਾਵੇਗਾ।

ਕਵਿਤਾ ਕੁਦਰਤ ਦੀ ਨਕਲ ਹੈ ਅਤੇ ਸੰਗੀਤ ਕਾਇਨਾਤ ਦੀ ਸਿੰਫਨੀ 'ਚੋਂ ਕਸ਼ੀਦ ਕੀਤਾ ਹੋਇਆ ਨਾਦ ਹੈ। ਇਹ ਦੋਵੇਂ ਲਲਿਤ ਕਲਾਵਾਂ ਇਨਸਾਨੀ ਸੰਵੇਦਨਾ ਦੀ ਪੈਦਾਵਾਰ ਹਨ। ਜਦ ਸੰਵੇਦਨਾ 'ਸ਼ਬਦਾਂ' ਅਤੇ ਸੰਗੀਤ 'ਸਰਗਮ' ਵਿਚ ਉਲਥਾਏ ਗਏ ਤਾਂ ਇਸ ਸੰਧੀ ਵਿਚੋਂ ਪੈਦਾ ਹੋਏ ਲੋਕਾਂ ਦੇ ਗੀਤ। ਇਸ ਲਈ ਗੀਤ ਅਤੇ ਸੰਗੀਤ, ਗੀਤ-ਕਾਵਿ ਦੇ ਦੋ ਪ੍ਰਮੁੱਖ ਲੱਛਣ ਹਨ। ਜਿਹੜੇ ਗੀਤ ਲੋਕਾਂ ਦੇ ਹਾਵਾਂ ਭਾਵਾਂ ਦੀ ਤਰਜਮਾਨੀ ਕਵਿਤਾ ਅਤੇ ਸੰਗੀਤ ਵਿਚ ਕਰਦੇ ਹਨ, ਲੋਕ ਗੀਤ ਕਹਾਉਂਦੇ ਹਨ। ਲੋਕ ਗੀਤਾਂ ਵਿਚ ਤਿੰਨ ਪ੍ਰਮੁੱਖ ਲੱਛਣ ਗੀਤ ਨੂੰ ਪੜ੍ਹਨ ਅਤੇ ਗੁੜ੍ਹਨ ਵਿਚ ਸਹਾਈ ਹੁੰਦਾ ਹੈ, ਸੁਹਜਮਈ ਪੱਖ ਜੀਵਨ ਦੀ ਖ਼ੂਬਸੂਰਤੀ ਅਤੇ ਸਚਾਈ ਨੂੰ ਵਿਅਕਤ ਕਰਦਾ ਹੈ ਅਤੇ ਗੀਤ ਦਾ ਸਭ ਤੋਂ ਅਹਿਮ ਲੱਛਣ ਸੰਵੇਦਨਾ ਹੈ ਜੋ ਲੋਕਾਂ ਦੇ ਹਾਵਾਂ ਭਾਵਾਂ ਨੂੰ ਵੇਗਮਈ ਵਲਵਲੇ ਨਾਲ ਵਿਅਕਤ ਕਰਦਾ ਹੈ। ਇਹ ਤਿੰਨੇ ਲੱਛਣ ਗੀਤ ਨੂੰ ਲੋਕ ਗੀਤ ਦਾ ਰੁਤਬਾ ਪ੍ਰਦਾਨ ਕਰਦੇ ਹਨ।

ਪੰਜਾਬੀ ਗੀਤਾਂ ਨੂੰ ਪੜ੍ਹਦਿਆਂ ਸੁਣਦਿਆਂ ਮੈਂ ਹਮੇਸ਼ਾ ਉਹਨਾਂ ਵਿਚੋਂ ਲੋਕ ਗੀਤਾਂ ਦਾ ਮੁਹਾਂਦਰਾ ਭਾਲਦਾ ਰਹਿੰਦਾ ਹਾਂ। ਮੈਂ ਕਈ ਭਾਸ਼ਾਵਾਂ ਦੇ ਲੋਕ ਗੀਤ ਇਕੱਠੇ ਕੀਤੇ ਹੋਏ ਹਨ ਅਤੇ ਉਹਨਾਂ ਦੇ ਸੰਗੀਤ ਅਤੇ ਭਾਵਾਂ ਤੋਂ ਇਉਂ ਮਹਿਸੂਸ ਹੁੰਦਾ ਹੈ ਕਿ ਇਹਨਾਂ ਵਿਚ ਮਨੁੱਖੀ ਹਾਵਾਂ ਭਾਵਾਂ ਦੀ ਤਰਜਮਾਨੀ ਵੀ ਹੈ, ਸੁਰਤਾਲ ਵੀ ਖਿੱਚ ਪਾਉਂਦਾ ਹੈ ਅਤੇ ਇਹ ਸਰਲ ਵੀ ਹਨ। ਪਰ ਇਹਨਾਂ ਵਿਚ ਪੰਜਾਬੀ ਲੋਕ ਗੀਤਾਂ ਵਰਗੀ ਮਾਸੂਮ ਜਿਹੀ ਸਰਲਤਾ, ਲੈਅ ਦੀ ਲਚਕ ਅਤੇ ਹਾਵਾਂ ਭਾਵਾਂ ਦੀ ਗਹਿਰਾਈ ਨਹੀਂ ਹੈ। ਇਸ ਦਾ ਕਾਰਨ ਪੰਜਾਬੀ ਸਭਿਆਚਾਰ ਦਾ ਅਮੀਰ ਵਿਰਸਾ ਹੈ ਜਿਸ ਵਿਚ ਤਿੰਨ ਪ੍ਰਾਚੀਨ ਸੰਸਕ੍ਰਿਤੀਆਂ, ਯੂਨਾਨੀ, ਇਸਲਾਮੀ ਅਤੇ ਭਾਰਤੀ ਸਭਿਆਚਾਰਕ ਮਿਸ਼ਰਨ ਅਤੇ ਮਇਕ ਹੈ ਜੋ ਇਸ ਦੇ ਲੋਕ ਗੀਤਾਂ ਵਿਚੋਂ ਲਪਟਾਂ ਮਾਰਦੀ ਹੈ। ਪੰਜਾਬੀ ਦੇ ਲੋਕ ਗੀਤ ਸਹੀ ਅਰਥਾਂ ਵਿਚ ਪੰਜਾਬੀ ਦੇ ਬਹੁਪੱਖੀ ਅਤੇ ਬਹੁ ਭਾਵੀ ਸਭਿਆਚਾਰ ਦਾ ਸ਼ੀਸ਼ਾ ਹਨ, ਜਿਹਨਾਂ ਵਿਚੋਂ ਪੰਜਾਬੀ ਵਿਰਸੇ ਦੇ ਰਸਮੋ ਰਿਵਾਜਾਂ ਦੀ ਸੁੱਚਮਤਾ, ਵਿਆਹ ਸ਼ਾਦੀਆਂ ਦੇ ਹੁਲਾਸ ਅਤੇ ਮਿਲਾਪ ਦੇ ਮਜੀਠੇ ਰੰਗ, ਰੋਜ਼ਾਨਾ ਜੀਵਨ ਦੀਆਂ ਗ਼ਮੀਆਂ ਖੁਸ਼ੀਆਂ ਦੇ ਸੁੱਖ ਦੁੱਖ, ਵਿਛੋੜੇ ਅਤੇ ਵਸਲ ਦੇ ਸੱਚੇ-ਸੁੱਚੇ ਹਾਵ ਭਾਵ, ਇਸ਼ਕ ਦੀਆਂ ਕਸਕਾਂ ਤੇ ਚਸਕਾਂ ਦੀ ਮਿੱਠੀ ਮਿੱਠੀ ਝੈਰ ਅਤੇ ਜੰਮਣ ਮਰਨ ਦੀਆਂ ਲੋਰੀਆਂ 'ਤੇ ਅਲ੍ਹਾਉਣੀਆਂ ਦਾ ਅਲਾਪ ਸੁਣਦਾ ਹੈ। ਇਹ ਜ਼ਿੰਦਗੀ ਦੀ ਸਾਣ ਤੇ ਚਾੜ੍ਹ ਕੇ ਤਰਾਸ਼ੇ ਹੋਏ ਅਤੇ ਜੀਵਨ ਦੀ ਕੁਠਾਲੀ ਵਿਚ ਤਪਾ ਕੇ ਪਕਾਏ ਹੋਏ ਹਨ। ਪੰਜਾਬੀ ਦੇ ਲੋਕ ਗੀਤ ਸਹੀ ਅਰਥਾਂ ਵਿਚ ਲੋਕਾਂ ਦੇ ਹਾਵਾਂ ਭਾਵਾਂ ਦਾ ਉਲਥਾ ਹਨ। ਦਰਅਸਲ ਇਹ ਪੰਜਾਬੀ ਸਭਿਆਚਾਰ ਦਾ ਇਨਸਾਇਕਲੋਪੀਡੀਆ ਹਨ।



ਸੁਖਵਿੰਦਰ ਅਮ੍ਰਿਤ, ਸੁਰਜੀਤ ਪਾਤਰ ਅਤੇ ਹਰਜਿੰਦਰ ਕੰਗ

ਹੁਣ ਦੇਖਣਾ ਇਹ ਹੈ ਕਿ ਕੀ ਹਰਜਿੰਦਰ ਕੰਗ ਦੇ ਗੀਤ ਲੋਕਾਂ ਦੇ ਗੀਤ ਹਨ? ਉਸ ਦੇ ਗੀਤਾਂ ਨੂੰ ਪੜ੍ਹਦਿਆਂ ਸੁਣਦਿਆਂ ਇਕ ਗੱਲ ਭਲੀ ਭਾਂਤ ਸਿੱਧ ਹੋ ਜਾਂਦੀ ਹੈ ਕਿ ਇਹਨਾਂ ਵਿਚ ਸਰਲਤਾ, ਸੁਹਜ ਅਤੇ ਸੰਵੇਦਨਾ ਤਿੰਨੋਂ ਲੱਛਣ ਵਿਦਮਾਨ ਹਨ। ਉਦਾਹਰਣ ਵਜੋਂ ਇਹ ਤਿੰਨੋ ਲੱਛਣ ਉਸ ਦੇ ਹੇਠਲੇ ਮਸ਼ਹੂਰ ਗੀਤ ਵਿਚੋਂ ਭਲੀਭਾਂਤ ਵਿਅਕਤ ਹੁੰਦੇ ਹਨ।

ਮੈਨੂੰ ਕੀ ਮਨਾਉਣਾ ਸੀ ਵੇ ਤੂੰ ਵੀ ਰੁੱਸ ਚੱਲਿਆਂ
ਮੈਨੂੰ ਸਮਝਾਉਂਦਾ ਸੀ ਤੂੰ ਆਪ ਉੱਕ ਚੱਲਿਆਂ
ਜੱਗ ਦੇਖਦੈ ਤਮਾਸ਼ਾ ਗ਼ਲ ਲਾਊ ਕੌਣ ਵੇ
ਆਪਾਂ ਦੋਵੇਂ ਰੁੱਸ ਬੈਠੇ ਤਾਂ ਮਨਾਊ ਕੌਣ ਵੇ। ਜੇ ਆਪਾਂ....

ਤੇਰੇ 'ਨ ਨਸੀਬ ਮੈਨੂੰ ਜ਼ਿੰਦਗੀ ਦਾ ਸਾਥ ਵੇ
ਤੇਰੇ ਬਿਨਾ ਦਿਲ ਦੀਆਂ ਸੱਧਰਾਂ ਉਦਾਸ ਵੇ
ਮੈਨੂੰ ਹੰਝੂਆਂ 'ਚ ਡੁੱਬਣੋਂ ਬਚਾਊ ਕੌਣ ਵੇ... ਜੇ ਆਪਾਂ

ਇਸ ਗੀਤ ਦੀਆਂ ਸੱਤਰਾਂ ਦੀ ਬਣਤਰ ਅਤੇ ਬੁਣਤ ਆਮ ਲੋਕਾਂ ਦੀ ਸ਼ਬਦਾਵਲੀ ਨਾਲ ਮਿਲਦੀ ਜੁਲਦੀ ਹੈ; ਸਾਧਾਰਨਤਾ ਵਿਚੋਂ ਅਸਧਾਰਨਤਾ ਕਸ਼ੀਦ ਕੀਤੀ ਗਈ ਹੈ। ਨੈਤਿਕ ਅਤੇ ਸੁਹਜਮਈ ਪੱਖ ਇਸ ਗੀਤ ਦੇ ਵਿਸ਼ੇ ਦੀ ਪਰਿਵਾਰਕ ਪਿੱਠਭੂਮੀ 'ਚੋਂ ਭਲੀਭਾਂਤ ਉਜਾਗਰ ਹੁੰਦੇ ਹਨ। ਸੰਵੇਦਨਸ਼ੀਲਤਾ ਇਸ ਗੀਤ ਦਾ ਗੁਣ ਵਿਸ਼ੇਸ਼ ਹੈ, ਕਿਉਂਕਿ ਇਸ ਦੇ ਵਿਸ਼ੇ ਦੀ ਤਰਜਮਾਨੀ ਬਨਾਉਟੀ ਨਹੀਂ ਸਗੋਂ ਅਨੁਭਵੀ ਮਹਿਸੂਸ ਹੁੰਦੀ ਹੈ। ਪਰਿਵਾਰਾਂ ਵਿਚ ਆਪਣਿਆਂ ਨਾਲ ਰੋਸੇ-ਗਿਲੇ ਕਰਨਾ ਅਤੇ ਮੰਨਣਾ-ਮਨਾਉਣਾ ਪੰਜਾਬੀ ਸਭਿਆਚਾਰ ਦਾ ਵਿਸ਼ੇਸ਼ ਖਾਸਾ ਹੈ। ਇਹ ਖਾਸਾ ਪੰਜਾਬੀ ਸਭਿਆਚਾਰ ਦਾ ਧੁਰਾ ਹੈ, ਜਿਸ ਤੋਂ ਬਗੈਰ ਮੋਹ-ਮੁਹੱਬਤ ਅਤੇ ਗਿਲੇ-ਉਲ੍ਹਾਮੇ ਦਾ ਇਜ਼ਹਾਰ ਊਣਾ ਮਹਿਸੂਸ ਹੁੰਦਾ ਹੈ। ਮਿੱਠੇ ਮਿੱਠੇ ਰੋਸੇ-ਗਿਲੇ ਅਨੇਕ ਗੀਤਾਂ ਅਤੇ ਲੋਕ ਗੀਤਾਂ ਵਿਚ ਮਿਲਦੇ ਹਨ। ਬਹੁਤੇ ਗੀਤਾਂ ਵਿਚ ਕਦੇ ਰੁੱਸੇ ਕੰਤ ਅਤੇ ਕਦੇ ਮੁਟਿਆਰ ਨੂੰ ਮਨਾਉਣ ਦਾ ਸੰਵਾਦ ਅਕਸਰ ਚਲਦਾ ਰਹਿੰਦਾ ਹੈ। ਇਸ ਗੀਤ ਵਿਚ ਵਰਤੇ ਗਏ ਸ਼ਬਦ ਅਲੰਕਾਰ (ਰੁੱਸਣਾ, ਸੱਧਰਾਂ, ਹੰਝੂ, ਝਾਕ ਇਕੜੀ, ਹੌਕੇ), ਵਾਕਾਂਸ਼ (ਗਲੇ ਲਾਉਣਾ, ਦਿਲ ਦੀਆਂ ਸੱਧਰਾਂ, ਹੰਝੂਆਂ 'ਚ ਡੁੱਬਣਾ, ਹੰਝੂਆਂ ਦੇ ਤੁਪਕੇ) ਆਦਿ ਕਈ ਲੋਕ ਗੀਤਾਂ ਵਿਚੋਂ ਵੀ ਮਿਲ ਜਾਣਗੇ। ਇਸ ਗੀਤ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਭਾਵਨਾ ਰਿਸ਼ਤੇ ਦੀ ਸੁੱਚਮਤਾ ਦੀ ਵੈਰਾਗਮਈ ਤੜਪ ਵਿਚੋਂ ਪੈਦਾ ਹੋਈ ਹੈ। ਵਿਸ਼ੇ ਅਤੇ ਰੂਪ ਦੀ ਯੋਗ ਸੰਧੀ ਕਰਕੇ ਇਹ ਗੀਤ ਲੋਕਾਂ ਦੀਆਂ ਭਾਵਨਾਵਾਂ ਦਾ ਪ੍ਰਤੀਕ ਬਣਿਆ ਹੈ। ਇਸ ਗੀਤ ਦਾ ਕੋਈ ਲਿੰਗ ਜਾਂ ਪੁਲਿੰਗ ਨਹੀਂ, ਇਹ ਕਿਸੇ ਵੀ ਰਿਸ਼ਤੇ ਦੀ ਰੋਸੇ ਗਿਲੇ ਦੀ ਤਾਸੀਰ ਨੂੰ ਬਖ਼ੂਬੀ ਵਿਅਕਤ ਕਰਦਾ ਹੈ। ਗੀਤ ਦਾ ਇਹ ਪੱਖ ਸਰਵਵਿਆਪੀ ਹੋਣ ਦੇ ਨਾਤੇ ਲੋਕਾਂ ਦੇ ਦਿਲਾਂ ਵਿਚ ਉਤਰ ਗਿਆ ਹੈ। ਪੰਜਾਬੀ ਦੇ ਸਰਵੋਤਮ ਸੂਫੀ ਗਾਇਕ ਹੰਸ ਰਾਜ ਹੰਸ ਵੱਲੋਂ ਗਾਏ ਇਸ ਗੀਤ ਦੇ ਸਰੋਦੀ ਪੱਖ ਨੇ ਇਸ ਦੀ ਮਕਬੂਲੀਅਤ ਨੂੰ ਚਾਰ ਚੰਨ ਲਾਏ ਹਨ। ਇਸ ਗੀਤ ਨੇ ਗੀਤਕਾਰ-ਸੰਗੀਤਕਾਰ-ਗਾਇਕ ਦੀ ਤ੍ਰਵੈਣੀ ਨੂੰ ਅਮਰ ਬਣਾਇਆ ਹੈ।

ਰੁੱਸਣ ਮਨਾਉਣ ਦੀ ਦਿਲਲਗੀ ਅਤੇ ਰੁਦਨ ਦੀ ਕਸਕ ਬਾਰੇ ਅਨੇਕਾਂ ਲੋਕ-ਗੀਤ ਮਿਲਦੇ ਹਨ। ਇਕ ਪੁਰਾਣਾ ਗੀਤ ਜਿਸ ਵਿਚ ਗੱਭਰੂ ਖੂਹ ਤੇ ਪਾਣੀ ਭਰਦੀ ਨਾਰ ਨੂੰ ਪਾਣੀ ਪਲਾਉਣ ਲਈ ਕਹਿੰਦਾ ਹੈ (ਘੁੱਟ ਪਾਣੀ ਪਲਾਦੇ ਨੀ ਸੋਹਣੀਏ ਘੜ੍ਹਾ ਭਰੇਂਦੀਏ ਨਾਰੇ)। ਨਾਰ ਨਾਂਹ-ਨੁੱਕਰ ਕਰਦੀ ਹੈ (ਜਾ ਹੋਰ ਕਿਤੋਂ ਜਾ ਪੀ ਵੇ ਰਾਹੀਆ ਖੂਹ ਵਗੇਂਦੇ ਸਾਰੇ) ਦੋਵੇਂ ਆਪਣੀ ਆਪਣੀ ਜ਼ਿਦ ਤੇ ਅੜੇ ਰਹਿੰਦੇ ਹਨ। ਜਦ ਭੇਦ ਖੁੱਲ੍ਹਦਾ ਹੈ ਕਿ ਉਹ ਇਕ ਦੂਜੇ ਦੇ ਦਿਲਾਂ ਦੇ ਜਾਨੀ ਹਨ ਤਾਂ ਅਖੀਰ ਵਿਚ ਸੁਲਾਹ ਹੋ ਜਾਂਦੀ ਹੈ। ਇਕ ਹੋਰ ਗੀਤ, 'ਖੂਹ ਤੇ ਪਾਣੀ ਭਰੇਂਦੀਏ ਮੁਟਿਆਰੇ ਨੀ, ਘੁੱਟ ਕੁ ਪਾਣੀ ਪਿਲਾ ਬਾਂਕੀਏ ਨਾਰੇ ਨੀ। ਆਪਣਾ ਭਰਿਆ ਨਾ ਦਿਆਂ ਸਪਾਹੀਆ ਵੇ ਹੋਰ ਕਿਤੋਂ ਜਾ ਪੀ ਬਾਂਕਿਆ ਰਾਹੀਆ ਵੇ' ਵਿਚ ਵੀ ਇਹੋ ਭੇਦ ਖੁੱਲ੍ਹਦਾ ਹੈ ਕਿ ਮੁਟਿਆਰ ਅਤੇ ਰਾਹੀ ਇਕ ਦੂਜੇ ਨਾਲ ਛੋਟੀ ਉਮਰ ਵਿਚ ਵਿਆਹੇ ਹੋਏ ਹਨ ਫਲਸਰੂਪ, ਉਹਨਾਂ ਦੇ ਰੋਸੇ ਗਿਲੇ ਰੁਮਾਂਸ ਵਿਚ ਬਦਲ ਜਾਂਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਵ ਦੀ ਗਹਿਰਾਈ ਗੀਤ ਨੂੰ ਚਿਰਜੀਵੀ ਬਣਾਉਂਦੀ ਹੈ। ਗਹਿਰਾਈ ਨੂੰ ਵਿਅਕਤ ਕਰਨ ਵਾਲੇ ਸ਼ਬਦ ਅਤੇ ਉਹਨਾਂ ਦੀ ਸੱਤਰਾਂ ਵਿਚ ਉਚਿਤ ਜੜਤ ਬਹੁਤ ਮਹੱਤਤਾ ਰੱਖਦੇ ਹਨ। ਇਕ ਸਾਧਾਰਨ ਜਿਹੀ ਗੱਲ ਨੂੰ ਵਿਸ਼ੇਸ਼ ਬਣਾ ਦੇਣਾ, ਸਤਰਬੰਦੀ ਦੀ ਤਕਨੀਕ ਤੇ ਨਿਰਭਰ ਹੈ। ਅਲੰਕਾਰਕ ਤੌਰ ਤੇ ਜੇ ਚਿੱਟੇ ਰੰਗ ਦੀ ਰੇਸ਼ਮੀ ਚਾਦਰ ਗੀਤ ਦਾ ਲਿਬਾਸ ਹੈ ਤਾਂ ਉਸ ਤੇ ਪਾਇਆ ਹੋਇਆ ਗੁਲਾਬੀ ਫੁੱਲ ਉਸ ਚਾਦਰ ਦੀ ਆਭਾ ਨੂੰ ਉਘਾੜਦਾ ਹੈ। ਗੀਤ ਦੀ ਆਤਮਾ ਨੂੰ ਸੱਤਰਾਂ ਦਾ ਲਿਬਾਸ ਢਕਦਾ ਹੈ ਅਤੇ ਜੇ ਲਿਬਾਸ ਦੀ ਇਕ ਸਤਰ ਵੀ ਚਾਦਰ ਉੱਤੇ ਕੱਢੇ ਗੁਲਾਬੀ ਫੁੱਲ ਵਾਂਗ ਉਘੜਦੀ ਹੋਵੇ ਤਾਂ ਗੀਤ ਲੋਕਾਂ ਦੀ ਸਿਮ੍ਰਤੀ ਵਿਚ ਸੁਤੇਸਿਧ ਹੀ ਸਮਾਧੀ ਲਾ ਕੇ ਬੈਠ ਜਾਂਦਾ ਹੈ। ਹਰਜਿੰਦਰ ਦੇ ਕਈ ਗੀਤਾਂ ਵਿਚ ਇਹ ਗੁਣ ਵਿਦਮਾਨ ਹੈ। ਜਿਵੇਂ:-

ਏਨਾ ਟੁੱਟ ਗਿਆ ਹਾਂ ਅੜੀਏ ਮੁੜ ਕੇ ਮੈਥੋਂ ਜੁੜ ਨਹੀਂ ਹੋਣਾ
ਪਰਦੇਸਾਂ ਵਿਚ ਰੁਲ ਜਾਣਾ ਏਂ ਹੁਣ ਵਤਨਾਂ ਨੂੰ ਮੁੜ ਨਹੀਂ ਹੋਣਾ
ਖ਼ਾਬਾਂ ਦੀ ਇਕ ਸੇਜ ਸਜਾ ਕੇ ਰੰਗਲੇ ਪਲੰਘ ਨੁਆਰੀ ਤੇ
ਮੇਰੇ ਨਾਂ ਦਾ ਫੁੱਲ ਨਾ ਪਾਈਂ ਤੂੰ ਆਪਣਾ ਫੁਲਕਾਰੀ ਤੇ।

ਤੱਕਿਆ ਕੀ ਤੈਨੂੰ ਸਾਡੀ ਸੁੱਧ ਬੁੱਧ ਭੁਲ ਗਈ
ਤੇਰੇ ਵੀ ਨੈਣਾਂ ਦੀ ਬਾਰੀ ਥੋੜ੍ਹੀ ਜਿਹੀ ਖੁੱਲ੍ਹ ਗਈ
ਮਿੱਠਾ ਮਿੱਠਾ ਨੈਣਾਂ 'ਚ ਫਸਾਦ ਜਿਹਾ ਹੋ ਗਿਆ।
ਮੁਖੜਾ ਤੁਹਾਡਾ ਸਾਨੂੰ ਯਾਦ ਜਿਹਾ ਹੋ ਗਿਆ।

ਜੀਹਦੀ ਯਾਦ ਸੀਨੇ ਵਿਚ ਖੁਸ਼ਬੋ ਵਰਗੀ
ਇਕ ਕੁੜੀ ਸੀ ਉਹ ਤਾਰਿਆਂ ਦੀ ਲੋਅ ਵਰਗੀ।

ਅਲੰਕਾਰ ਕਵਿਤਾ ਦਾ ਗਹਿਣਾ ਹਨ ਅਤੇ ਇਹਨਾਂ ਦਾ ਸਭ ਤੋਂ ਵੱਧ ਪ੍ਰਯੋਗ ਗੀਤਾਂ ਵਿਚ ਹੋਇਆ ਹੈ। ਦਰਅਸਲ ਲੋਕ-ਗੀਤਾਂ ਦੀ ਤਾਂ ਇਹ ਸ਼ਾਹ ਰਗ ਹਨ। ਆਧੁਨਿਕ ਗੀਤ ਵੀ ਉਹੀ ਮਸ਼ਹੂਰ ਹੋਏ ਹਨ, ਜਿਹਨਾਂ ਵਿਚ ਅਲੰਕਾਰ ਜਾਂ ਸਿਮਲੀਆਂ ਦਾ ਢੁਕਵਾਂ ਪ੍ਰਯੋਗ ਕੀਤਾ ਗਿਆ ਹੈ। ਹਰਜਿੰਦਰ ਦੇ ਗੀਤਾਂ ਵਿਚ ਅਲੰਕਾਰਾਂ ਦੀ ਵੀ ਭਰਮਾਰ ਹੈ। ਉਦਾਹਰਣ ਵਜੋਂ:

ਦਿਲ ਡੁੱਬ ਡੁੱਬ ਜਾਵੇ ਜਿਵੇਂ ਜਿਵੇਂ ਦਿਨ ਡੁੱਬੇ
ਰਾਤੀਂ ਪੁੰਨਿਆਂ ਦੀ ਚਾਨਣੀ ਵੀ ਧੁੱਪ ਵਾਂਗੂੰ ਚੁੱਭੇ।

ਕਿਸੇ ਕਿਸੇ ਦਿਨ ਦਿਲ ਇੰਨਾ ਵੀ ਉਦਾਸ ਹੋਵੇ
ਜ਼ਿੰਦਗੀ ਦੀ ਵਹੁਟੀ ਜਿਵੇਂ ਬੈਠੇ ਬਣ ਬਣ ਮੂਹਰੇ
ਜ਼ਿੰਦ ਦੇ ਖ਼ਜ਼ਾਨੇ ਵਿਚ ਆਖਰੀ ਸਵਾਸ ਹੋਵੇ।

ਰੋਸਿਆਂ 'ਚ ਲੰਘੇ ਪਲ ਹੰਝੂਆਂ ਦੇ ਤੁਪਕੇ
ਚੰਨਾ ਇਹ ਉਹ ਤਾਰੇ ਨੇ ਜੋ ਚੜ੍ਹਦੇ ਨਾ ਛੁਪਕੇ

ਪਹਿਲੀ ਮਹਿਕ ਦਾ ਬਗੀਚਾ ਨਹੀਉਂ ਲੱਭਣਾ
ਫੁਲ ਖਿੰਡ ਗਏ ਗੁਆਚ ਗਈਆਂ ਟਾਹਣੀਆਂ

ਲੋਕਾਂ ਦੀ ਪ੍ਰਕਿਰਤੀ ਦੇ ਨਿਸ਼ਾਨ ਚਿੰਨ ਹੋਣ ਦੇ ਨਾਤੇ ਮੁਹਾਵਰੇ ਅਤੇ ਵਾਕੰਸ਼ ਵੀ ਗੀਤ ਦੀ ਆਹਾਰ ਨਲੀ ਹਨ। ਇਹ ਲੋਕਾਂ ਦੀ ਉਸ ਖਾਸੀਅਤ ਨੂੰ ਬਿਆਨ ਕਰਦੇ ਹਨ ਜੋ ਉਹਨਾਂ ਦੇ ਸੁਭਾਅ ਦੇ ਸਮੁੱਚ ਨੂੰ ਦਰਸਾਉਂਦੀ ਹੋਵੇ। ਹਰਜਿੰਦਰ ਦੇ ਗੀਤਾਂ ਵਿਚ ਭਾਵੇਂ ਸਿੱਧੇ ਮੁਹਾਵਰੇ ਘੱਟ ਵਰਤੇ ਗਏ ਹਨ ਪਰ ਇਹਨਾਂ ਦੇ ਅਰਧ ਰੂਪ ਅਤੇ ਖਾਸ ਕਰਕੇ ਵਾਕਾਂਸ਼ ਅਲੰਕਾਰਾਂ ਦੀ ਕਾਫੀ ਵਰਤੋਂ ਹੋਈ ਹੈ। ਮਿਸਾਲ ਵਜੋ:

ਹੱਥਾਂ ਉੱਤੇ ਵਿਛੀਆਂ ਲਕੀਰਾਂ ਸੀ ਅਧੂਰੀਆਂ
ਤੇਰੇ ਬਿਨਾਂ ਸਭ ਤਸਵੀਰਾਂ ਸੀ ਅਧੂਰੀਆਂ
ਜੀਣਾ ਹੁਣ ਸੋਹਣਿਉਂ ਸੁਆਦ ਜਿਹਾ ਹੋ ਗਿਆ।

ਪਲਕਾਂ ਦੀ ਕਰ ਛਾਂ ਕਾਗ਼ਜ਼ ਤੇ
ਲਿਖਿਆ ਸੀ ਤੇਰਾ ਨਾਂ ਕਾਗ਼ਜ਼ ਤੇ।



ਹਰਜਿੰਦਰ ਕੰਗ ਹੰਸ ਰਾਜ ਹੰਸ ਦੇ ਨਾਲ

ਦੁੱਖਾਂ ਵਿਚ ਮਾਵਾਂ ਦੇ ਦਿਲਾਸੇ ਯਾਦ ਆਉਂਦੇ ਨੇ
ਨਿੱਕੇ ਨਿੱਕੇ ਰੋਸੇ ਕਦੇ ਹਾਸੇ ਯਾਦ ਨੂੰ ਆਉਂਦੇ ਨੇ
ਕੰਬਦੇ ਜਹੇ ਹੱਥਾਂ ਦੀਆਂ ਛਾਵਾਂ ਯਾਦ ਕਰਕੇ।

ਜਦ ਬਿਰਹੋਂ ਦੀਆਂ ਛਮਕਾਂ ਸਾਡੇ ਪਈਆਂ ਨੇ
ਦਿਲ ਰੋਇਆ ਬੁੱਕ ਬੁੱਕ ਨੀਂਦਾਂ ਉਡ ਪੁਡ ਗਈਆਂ ਨੇ।

ਕੁਝ ਕੁ ਪੁਰਾਣੇ ਗੀਤਕਾਰ ਸ਼ਬਦ ਅਲੰਕਾਰਾਂ ਅਤੇ ਵਾਕਾਂਸ਼ਾਂ ਦੀ ਵਰਤੋਂ ਅਕਸਰ ਕਰਿਆ ਕਰਦੇ ਸਨ, ਜਿਹਨਾਂ ਕਰਕੇ ਉਹਨਾਂ ਦੇ ਗੀਤ ਅੱਜ ਵੀ ਜੀਵਤ ਹਨ। ਨੰਦ ਲਾਲ ਨੂਰਪੁਰੀ ਦੇ ਗੀਤ, "ਚੰਨ ਕੇ ਕਿ ਸ਼ੌਕਣ ਮੇਲੇ ਦੀ, ਪੈਰ ਧੋ ਕੇ ਝਾਂਜਰਾਂ ਬਲਾਉਂਦੀਆਂ ਗਈਆਂ, ਗਲੀਆਂ ਦੇ ਵਿਚ ਡੰਡ ਪਾਉਂਦੀਆਂ ਗਈਆਂ"। ਪੁਰਾਣੇ ਗੀਤਕਾਰ ਸਾਬਰ ਦਾ ਗੀਤ, "ਨਾ ਚੁੰਨੀ ਲੈ ਸੁਰਮਈ ਕੁੜੇ ਤੂੰ ਲੱਗੇਂ ਬਦਲੀ ਜਹੀ ਕੁੜੇ", ਦੀਪਕ ਜੈਤੋਈ ਦਾ ਗੀਤ, 'ਆਹ ਲੈ ਮਾਏਂ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ' ਵੀ ਇਸੇ ਪ੍ਰਥਾ ਵਿਚ ਆਉਂਦੇ ਹਨ। ਉਸ ਤੋਂ ਅਗਲੀ ਪੀੜ੍ਹੀ ਦੇ ਗੀਤਕਾਰ ਸ਼ਿਵ ਕੁਮਾਰ ਦੇ ਗੀਤ, 'ਮੈਨੂੰ ਹੀਰੇ ਹੀਰੇ ਆਖੇ ਹਾਏ ਨੀ ਮੁੰਡੇ ਲੰਬੜਾਂ ਦਾ, ਮੈਨੂੰ ਵਾਂਗ ਸ਼ੁਦਾਈਆਂ ਝਾਕੇ ਹਾਏ ਨੀ ਮੁੰਡਾ ਲੰਬੜਾਂ ਦਾ' ਜਾਂ 'ਇਕ ਮੇਰੀ ਅੱਖ ਕਾਸ਼ਣੀ ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ' ਅੱਜ ਵੀ ਲੋਕਾਂ ਦੇ ਦਿਲਾਂ ਵਿਚ ਵਸਦੇ ਹਨ। ਇਸੇ ਤਰ੍ਹਾਂ ਬਾਬੂ ਸਿੰਘ ਮਾਨ ਦਾ ਗੀਤ, ''ਚਿੱਟੀਆਂ ਕਪਾਹ ਦੀਆਂ ਫੁੱਟੀਆਂ ਹਾੜ੍ਹਾ ਵੇ ਪੱਤ ਹਰੇ ਹਰੇ', ਸਾਜਨ ਰਾਏਕੋਟੀ ਦਾ ਗੀਤ, 'ਨੈਣ ਪ੍ਰੀਤੋ ਦੇ ਬਹਿ ਜਾ ਬਹਿ ਜਾ ਕਰਦੇ, ਜਿਹੜੇ ਤੱਕ ਲੈਂਦੇ ਨਾ ਜੀਂਦੇ ਨਾ ਮਰਦੇ'', ਇੰਦਰਜੀਤ ਹਸਨਪੁਰੀ ਦਾ ਗੀਤ, ''ਜੇ ਮੁੰਡਿਆ ਤੂੰ ਮੇਰੀ ਤੋਰ ਵੇ ਵੇਖਣੀ, ਗੜਵਾ ਲੈਦੇ ਚਾਂਦੀ ਦਾ, ਲੱਕ ਹਿੱਲੇ ਮਜਾਜਣ ਜਾਂਦੀ ਦਾ'', ਗੁਰਦੇਵ ਸਿੰਘ ਮਾਨ ਦਾ ਗੀਤ, ''ਮਿੱਤਰਾਂ ਦੀ ਲੂਣ ਦੀ ਡਲੀ ਨੀ ਤੂੰ ਮਿਸ਼ਰੀ ਬਰੋਬਰ ਜਾਣੀ' ਦੇਵ ਥਰੀਕੇ ਵਾਲੇ ਦਾ ਗੀਤ 'ਨੀ ਉਠ ਦੇਖ ਨਣਾਨੇ ਕੌਣ ਪ੍ਰਾਹੁਣਾ ਆਇਆ' ਪੰਜਾਬੀ ਗੀਤ ਸਾਹਿਤ ਦਾ ਗੌਰਵਮਈ ਵਿਰਸਾ ਹਨ। ਇਸੇ ਤਰ੍ਹਾਂ ਸਮਕਾਲੀ ਪੀੜ੍ਹੀ ਦੇ ਗੀਤਕਾਰਾਂ ਨੇ ਵੀ ਕੁਝ ਗੁਣਕਾਰੀ ਗੀਤ ਲਿਖੇ ਹਨ ਜਿਵੇਂ ਅਮਰਦੀਪ ਗਿੱਲ ਦਾ ਗੀਤ 'ਇਹ ਜੋ ਸਿੱਲ੍ਹੀ ਸਿੱਲ੍ਹੀ ਆਉਂਦੀ ਏ ਹਵਾ, ਕਿਤੇ ਕੋਈ ਰੋਂਦਾ ਹੋਵੇਗਾ, ਯਾਦਾਂ ਮੇਰੇ ਵਾਂਗੂੰ ਸੀਨੇ ਨਾਲ ਲਾਅ ਕਿਤੇ ਕੋਈ ਰੋਂਦਾ ਹੋਵੇਗਾ।'' ਕਸ਼ਮੀਰ ਕਾਦਰ ਦਾ ਲੋਕ ਗੀਤ ਮੁਖੜੇ ਤੇ ਆਧਾਰਿਤ ਗੀਤ, 'ਕੋਈ ਚਾਂਦੀ ਕੋਈ ਸੋਨਾ, ਕੋਈ ਪਿੱਤਲ ਭਰੀ ਪਰਾਂਤ, ਨੱਚੂੰਗੀ ਸਾਰੀ ਰਾਤ, ਧਰਤੀ ਨੂੰ ਕਲੀ ਕਰਾ ਦੇ ਵੇ', ਲਾਲ ਪਧਿਆਣਵੀ ਦਾ ਗੀਤ, "ਕੋਕਾ ਘੜਵਾਦੇ ਵੇ ਮਾਹੀਆ, ਕੋਕਾ' ਪੰਜਾਬੀ ਸਭਿਆਚਾਰ ਦੇ ਹਾਸਲ ਹਨ।

ਗੀਤ ਜੇ ਲੋਕਾਂ ਦੇ ਹਾਵਾਂ ਭਾਵਾਂ ਦੀ ਸਹੀ ਤਰਜਮਾਨੀ ਨਾ ਕਰਦਾ ਹੋਵੇ ਤਾਂ ਉਸ ਦੀ ਉਮਰ ਦਰਾਜ਼ ਨਹੀਂ ਹੁੰਦੀ। ਹਾਵ ਭਾਵ ਲੋਕਾਂ ਦੇ ਦੁੱਖਾਂ ਸੁੱਖਾਂ, ਚਾਵਾਂ ਮਲ੍ਹਾਰਾਂ, ਸਮਾਜਿਕ ਵਰਤਾਰੇ ਅਤੇ ਵਿਛੋੜੇ ਦੇ ਦਰਦ ਨਾਲ ਬਾਵਸਤਾ ਹੋ ਸਕਦੇ ਹਨ। ਵਿਛੋੜੇ ਦਾ ਸੰਕਲਪ ਪੰਜਾਬੀ ਸਭਿਆਚਾਰ ਦਾ ਇਕ ਅਹਿਮ ਖਾਸਾ ਹੈ। ਲੋਕ ਗੀਤਾਂ ਵਿਚ ਮੁਹਿੰਮ ਤੇ ਗਏ ਕੰਤ ਦਾ ਦਰਦ ਫਿਰਾਕ (ਚਿੱਠੀਏ ਦਰਦ ਫਿਰਾਕ ਵਾਲੀਏ, ਲੈ ਜਾ, ਲੈ ਜਾ ਸੁਨੇਹੜਾ ਸੋਹਣੇ ਯਾਰ ਦਾ), ਭੈਣਾਂ ਤੋਂ ਵਿਛੜੇ ਭਰਾਵਾਂ ਦੇ ਦੁੱਖੜੇ (ਵੀਰਾਂ ਘਰ ਧਰੇਕਾਂ ਫੁ-ਲੀਆਂ ਵੇ, ਚੰਨਾ ਘਰ ਘਰ ਧਰੇਕਾਂ ਫੁਲੀਆਂ ਵੇ! ਇਨ੍ਹਾਂ ਧਰੇਕਾਂ ਦੀ ਠੰਡੜੀ ਛਾਂ, ਵੀਰਾਂ ਵੇ ਤੂੰ ਆ ਘਰੇ!) ਅੱਜ ਦੇ ਗੀਤਾਂ ਵਿਚ ਇਹ ਫਿਕਰ ਰੋਟੀ ਰੋਜ਼ੀ ਲਈ ਪਰਦੇਸਾਂ ਵਿਚ ਆਏ ਬੰਦਿਆਂ ਦੇ ਫਿਕਰ ਵਿਚ ਵਟ ਗਿਆ ਹੈ। ਵਾਸਤਵ ਵਿਚ ਦਰਦ ਦੇ ਰਿਸ਼ਤਿਆਂ ਦੀ ਸਾਂ ਅਤੇ ਤਾਸੀਰ ਉਹੀ ਪੁਰਾਣੀ ਹੈ ਪਰ ਹਿਸ ਦੀ ਪ੍ਰਕਿਰਤੀ ਬਦਲ ਗਈ ਹੈ।

ਹੋ ਸਕੇ ਤਾਂ ਮਾਫ ਕਰੀਂ ਮੈਂ ਇੰਨਾ ਹੋ ਲਾਚਾਰ ਗਿਆਂ
ਮੈਂ ਆਪਣੇ ਘਰ ਪਰਿਵਾਰ ਲਈ
ਤੇਰੀ ਪਾਕਿ ਮੁਹੱਬਤ ਵਾਰ ਗਿਆਂ
ਚਿੱਤ ਚੇਤੇ ਵੀ ਨਾ ਸੀ ਏਨਾ ਹੋ ਜਾਊਂ ਮਜਬੂਰ ਕੁੜੇ
ਲੈ ਚੱਲੀ ਡੈਣ ਗਰੀਬੀ ਦੀ ਮੈਨੂੰ ਸੱਤ ਸਮੁੰਦਰ ਦੂਰ ਕੁੜੇ।

ਵਿਛੜੇ ਭਰਾਵਾਂ ਦੀਆਂ ਬਾਹਵਾਂ ਯਾਦ ਕਰਕੇ
ਰੋਈਏ ਪਰਦੇਸਾਂ ਵਿਚ ਮਾਵਾਂ ਯਾਦ ਕਰਕੇ
ਭੇਜਿਆ ਏ ਰੱਖੜੀ ਦਾ ਗਾਨਾ ਨਿੱਕੀ ਭੈਣ ਨੇ
ਰੋ ਰੋ ਕੇ ਨਾਲ ਖ਼ਤ ਲਿਖਿਆ ਸ਼ੁਦੈਣ ਨੇ
ਓਹਨੂੰ ਮੈਂ ਖਿਆਲਾਂ 'ਚ ਵਰਾਵਾਂ ਯਾਦ ਕਰਕੇ

ਮੈਨੂੰ ਦੁੱਖ ਸੁੱਖ ਪੁੱਛਦਾ ਦੱਸਦਾ ਹੈ ਪਿੰਡ ਰੋਂਦਾ ਹੈ ਪਿੰਡ ਹੱਸਦਾ ਹੈ
ਮੇਰੇ ਸੁਪਨਿਆਂ ਦੇ ਵਿਚ ਵਸਦਾ ਹੈ ਪਿੰਡ ਰੋਂਦਾ ਹੈ ਪਿੰਡ ਹੱਸਦਾ ਹੈ
ਕਿਉਂ ਤੁਰ ਗਿਆ ਦੇਸ਼ ਬਿਗਾਨੇ ਤੂੰ ਹੁਣ ਮੁੜ ਆ ਕਿਸੇ ਬਹਾਨੇ ਤੂੰ
ਭੁੱਲ ਜਾਵੀਂ ਨਾ ਇਸ ਮਿੱਟੀ ਨੂੰ ਇਹਦੀ ਦਿੱਤੀ ਲੋਰੀ ਮਿੱਠੀ ਨੂੰ
ਮੈਨੂੰ ਗਲਵੱਕੜੀ ਵਿਚ ਕੱਸਦਾ ਹੈ, ਪਿੰਡ ਰੋਂਦਾ...

ਤੈਨੂੰ ਉਹ ਪ੍ਰਦੇਸ ਤੋਰ ਕੇ ਸੁੱਕਦੀ ਜਾਂਦੀ ਏ
ਤੇਰੇ ਹਿਜ਼ਰਾਂ ਵਿਚ ਵੀਰਾਂ ਮਾਂ ਮੁੱਕਦੀ ਜਾਂਦੀ ਏ।

ਜਿਉਂਦੀ ਸੀ ਤਾਂ ਸਿਰਫ ਉਹ ਮਾਂ ਸੀ ਮਰ ਕੇ ਮੇਰਾ ਰੱਬ ਹੋ ਗਈ।
ਪਤਾ ਨਹੀਂ ਦਿਲ ਦੀ ਕਬਰ ਦੇ ਅੰਦਰ ਕਿੰਨੀ ਡੂੰਘੀ ਦੱਸ ਹੋ ਗਈ।

ਉਪਰੋਕਤ ਬੰਦਾਂ ਵਿਚ ਪਿੰਡ, ਭੈਣ ਭਰਾਵਾਂ ਅਤੇ ਮਾਂ ਦੀ ਪਾਕ ਮੁਹੱਬਤ ਤੋਂ ਵਿੱਛੜਨ ਦੀ ਮਜਬੂਰੀ ਦਾ ਕਾਰਨ ਰੋਟੀ ਰੋਜ਼ੀ ਨਾਲ ਜੁੜਿਆ ਹੋਇਆ ਹੈ। ਇਹ ਸਥਿਤੀ ਨਵੀਂ ਨਹੀਂ ਸਗੋਂ ਸਦੀਆਂ ਤੋਂ ਚਲੀ ਆਉਂਦੀ ਹੈ। ਵੀਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬ ਦੇ ਗੱਭਰੂ ਰੋਜ਼ੀ ਰੋਟੀ ਦੀ ਤਲਾਸ਼ ਵਿਚ ਬਰਮਾ, ਚੀਨ, ਮਾਲਟਾ, ਇੰਡੋਨੇਸ਼ੀਆ ਅਤੇ ਅਮਰੀਕਾ ਵਰਗੇ ਦੇਸਾਂ ਵੱਲ ਧਾਉਣ ਲੱਗੇ। ਆਮ ਤੌਰ ਤੇ ਇਹ ਅੰਗਰੇਜ਼ਾਂ ਦੀਆਂ ਫੌਜਾਂ ਵਿਚ ਭਰਤੀ ਹੋ ਕੇ ਪ੍ਰਦੇਸਾਂ ਵਿਚ ਗਏ। ਇਹਨਾਂ ਨਾਲ ਬਾਵਸਤਾ ਅਨੇਕ ਗੀਤ ਪੰਜਾਬੀ ਵਿਚ ਮਿਲਦੇ ਹਨ।

ਕਿਉਂਕਿ ਬੋਲੀ ਗੀਤਾਂ ਦੇ ਹਾਵਾਂ ਭਾਵਾਂ ਨੂੰ ਢੋਂਦੀ ਹੈ, ਇਸ ਲਈ ਹਰਜਿੰਦਰ ਨੂੰ ਮਾਂ ਬੋਲੀ ਪੰਜਾਬੀ ਦਾ ਵੀ ਫਿਕਰ ਹੈ। ਉਸ ਦੇ ਕੁਝ ਗੀਤ ਇਸ ਭਾਵਨਾ ਨੂੰ ਭਲੀ ਭਾਂਤ ਵਿਅਕਤ ਕਰਦੇ ਹਨ। ਇਕ ਉਦਾਹਰਣ ਹਾਜ਼ਰ ਹੈ।

ਬੋਲੀ ਨਾ ਰਹੀ ਤਾਂ ਕਵਿਤਾਵਾਂ ਰੁਲ ਜਾਣੀਆਂ
ਮਾਵਾਂ ਦੀਆਂ ਲੋਰੀਆਂ ਦੁਆਵਾਂ ਰੁਲ ਜਾਣੀਆਂ
ਦਿੱਤੀਆਂ ਸ਼ਹਾਦਤਾਂ ਨਾ ਮਿੱਟੀ 'ਚ ਮਿਲਾ ਦਿਓ
ਕਿਤੇ ਪੰਜਾਬੀਓ ਪੰਜਾਬੀ ਨਾ ਭੁੱਲਾ ਦਿਓ।

ਪੰਜਾਬ ਨੂੰ ਗੁਰੂਆਂ, ਪੀਰਾਂ, ਫਕੀਰਾਂ, ਯੋਧਿਆਂ 'ਤੇ ਸ਼ਹੀਦਾਂ ਦੀ ਮਾਣਮੱਤੀ ਧਰਤੀ ਹੋਣ ਦਾ ਵਰ ਪ੍ਰਾਪਤ ਹੈ। ਜਿਸ

(ਬਾਕੀ ਅਗਲੇ ਸਫੇ ਤੇ)

# ਪੰਜਾਬੀ ਦਾ ਇਕ ਨਾਮਵਰ ਗ਼ਜ਼ਲਗੋ ਅਤੇ ਉੱਘਾ ਗੀਤਕਾਰ ਹਰਜਿੰਦਰ ਕੰਗ

ਧਰਤੀ ਤੇ ਇਹਨਾਂ ਸ਼ਕਤੀਆਂ ਤੇ ਹਸਤੀਆਂ ਦੇ ਪੈਰ ਚਿੰਨ ਹੋਣ, ਉਸ ਨੂੰ ਪੂਜਣਯੋਗ ਸੁਹਾਵਾ ਥਾਂ ਮੰਨਿਆ ਜਾਂਦਾ ਹੈ। ਉਹ ਪੈਰ ਚਿੰਨ੍ਹ ਧਰਤੀ ਦੇ ਸਭਿਆਚਾਰ ਦੇ ਪੱਥ ਪ੍ਰਦਰਸ਼ਕ ਹੋਇਆ ਕਰਦੇ ਹਨ, ਜਿਹਨਾਂ ਦੀ ਗੌਰਵਤਾ ਦੇ ਸੋਹਲੇ ਲੋਕ ਗੀਤਾਂ/ਗੀਤਾਂ ਵਿਚੋਂ ਵਿਅਕਤ ਹੁੰਦੇ ਹਨ। ਹਰਜਿੰਦਰ ਦੇ ਗੀਤਾਂ ਵਿਚ ਇਸ ਪੱਖ ਨੂੰ ਵੀ ਬਖ਼ੂਬੀ ਚਿਤਰਿਆ ਗਿਆ ਹੈ।

ਗੁਰੂਆਂ ਫ਼ਕੀਰਾਂ ਰਾਜੇ ਰਾਣੀਆਂ ਦੇ ਦੇਸ਼ ਦੀ
ਯਾਦ ਬੜੀ ਆਵੇ ਪੰਜਾਂ ਪਾਣੀਆਂ ਦੇ ਦੇਸ਼ ਦੀ

ਨਿੱਤ ਪੌਣਾਂ ਵਿਚ ਘੁਲਦੀ ਬਾਣੀ, ਅੰਮ੍ਰਿਤ ਪੰਜ ਦਰਿਆ ਦੇ ਪਾਣੀ
ਹੱਥੀਂ ਨੀਹਾਂ ਰੱਖੀਆਂ ਨੇ ਗੁਰ-ਪੀਰਾਂ ਨੇ ਪੰਜਾਬ ਦੀਆਂ
ਪਿੰਡਾਂ ਵਿਚੋਂ ਬੋਲਦੀਆਂ ਤਸਵੀਰਾਂ ਨੇ ਪੰਜਾਬ ਦੀਆਂ।
ਭਗਤ, ਸਰਾਭੇ ਕਰਤਾਰ ਜਹੇ ਸੂਰਮਿਆਂ
ਜਿੰਦੜੀਆਂ ਘੋਲ ਘੁਮਾਈਆਂ
ਲਹੂ ਦੇ ਚਿਰਾਗ ਬਾਲ ਰਾਤਾਂ ਦੇ ਬਨੇਰਿਆਂ ਤੇ
ਕੀਤੀਆਂ ਸੀ ਲੋਕੋ ਰੁਸ਼ਨਾਈਆਂ।

ਗੀਤਾਂ ਨੂੰ ਸਾਹਿਤ ਵਿਚ ਉਹ ਰੁਤਬਾ ਨਹੀਂ ਦਿੱਤਾ ਜਾਂਦਾ ਜੋ ਕਵਿਤਾ ਜਾਂ ਗ਼ਜ਼ਲ ਨੂੰ ਹਾਸਲ ਹੈ; ਇਹਨਾਂ ਨੂੰ ਅਕਸਰ ਉਪ-ਦਰਜੇ ਦੀ ਵਿਧਾ ਸਮਝਿਆ ਜਾਂਦਾ ਹੈ। ਇਸ ਦੇ ਦੋ ਕਾਰਨ ਹਨ, ਪਹਿਲਾ ਇਹ ਕਿ ਗੀਤ ਅਤੇ ਸੰਗੀਤ ਦੀ ਸਥਾਪਤ ਸੰਧੀ ਕਰਕੇ ਇਸ ਨੂੰ ਸੋਚ ਵਿਚਾਰ ਦੇ ਸਾਧਨ ਨਾਲੋਂ ਕੰਠ ਰਸ ਦਾ ਮਾਧਿਅਮ ਸਮਝਿਆ ਜਾਂਦਾ ਹੈ। ਦੂਜਾ ਇਹ ਕਿ ਗੀਤਾਂ ਦਾ ਵਿਸ਼ਾ ਸਭਿਆਚਾਰਕ ਜਾਂ ਚਲੰਤ ਜਹੇ ਭਾਵਾਂ ਨਾਲ ਸਬੰਧਤ ਹੋਣ ਕਰਕੇ ਇਹਨਾਂ ਦੇ ਵਿਚਾਰ ਦਾ ਵਾਹਨ ਸੀਮਤ ਹੋ ਜਾਂਦਾ ਹੈ। ਬਹੁਤੇ ਗੀਤ ਚਲੰਤ ਜਿਹੇ ਵਿਸ਼ਿਆਂ ਨੂੰ ਹਲਕੀ ਜਿਹੀ ਸ਼ਬਦਾਵਲੀ ਜਾਂ ਵਰਗ-ਬੋਲੀ ਰਾਹੀਂ ਬਿਆਨਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਇਕ ਆਮ ਗੀਤ ਅਤੇ ਸਾਹਿਤਕ ਗੀਤ ਵਿਚ ਕੀ ਫਰਕ ਹੈ? ਮੂਲ ਰੂਪ ਵਿਚ ਇਨ੍ਹਾਂ ਦੋ ਵਿਧਾਂ ਭਾਵਾਂ ਦੀ ਗਹਿਰਾਈ, ਢੁਕਵੀਂ ਸ਼ਬਦਾਵਲੀ ਅਤੇ ਖਾਸ ਕਰਕੇ ਕਾਵਿ ਯੁਕਤਾਂ ਦੇ ਆਧਾਰ ਤੇ ਵਖਰਾਇਆ ਜਾ ਸਕਦਾ ਹੈ। ਸਾਹਿਤਕ ਭਾਸ਼ਾ ਕੋਸ਼ਗੱਤ ਹੋਣ ਦੇ ਨਾਤੇ ਵਾਕ ਰਚਨ ਵਿਚ ਆਮ ਗੀਤਾਂ ਦੀ ਵਰਗ-ਬੋਲੀ ਨਾਲੋਂ ਵਧੇਰੇ ਅਲੰਕਾਰਕ ਅਤੇ ਸੰਗਠਿਤ ਹੁੰਦੀ ਹੈ। ਆਪਣੇ ਵਿਚਾਰ ਦੀ ਪੁਸ਼ਟੀ ਲਈ ਪ੍ਰੋ. ਮੋਹਨ ਸਿੰਘ ਅਤੇ ਸੁਰਜੀਤ ਪਾਤਰ ਦੇ ਗੀਤ ਹਾਜ਼ਰ ਹਨ।

**ਪ੍ਰੋ. ਮੋਹਨ ਸਿੰਘ**

ਨੀ ਅਜ ਕੋਈ ਆਇਆ ਸਾਡੇ ਵਿਹੜੇ,
ਤੱਕਣ ਚੰਨ ਸੂਰਜ ਢੁਕ ਢੁਕ ਨੇੜੇ।
ਲਸੇ ਨੀ ਓਹਦਾ ਮੱਥਾ ਤਾਰਿਆਂ ਵਾਂਗੂੰ,
ਆਇਆ ਨੀ ਖ਼ੌਰੇ ਅੰਬਰ ਘੁਮ ਘੁਮ ਕਿਹੜੇ।
ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ,
ਧੋਵੋ ਨੀ ਇਹਦੇ ਪੈਰ ਮੱਖਣ ਦੇ ਪੇੜੇ।
ਰੱਖੋ ਨੀ ਇਹਨੂੰ ਚੁਮ ਚੁਮ ਚਸ਼ਮਾਂ ਉੱਤੇ,
ਕਰੋ ਨੀ ਇਹਨੂੰ ਘੁਟ ਘੁਟ ਜਿੰਦ ਦੇ ਨੇੜੇ।
ਬੰਨ੍ਹੋ ਨੀ ਕੋਈ ਪਹਾੜ ਸਮੇਂ ਦੇ ਪੈਰੀਂ,
ਡੱਕੋ ਨੀ ਕੋਈ ਰਾਤ ਦਿਵਸ ਦੇ ਗੇੜੇ।

## ਸੁਰਜੀਤ ਪਾਤਰ:

ਸੁੰਨੇ ਸੁੰਨੇ ਰਾਹਾਂ ਵਿਚ ਕੋਈ ਕੋਈ ਪੈੜ ਏ
ਦਿਲ ਹੀ ਉਦਾਸ ਏ ਜੀ ਬਾਕੀ ਸਭ ਖ਼ੈਰ ਏ

ਦੂਰ ਇਕ ਪਿੰਡ ਵਿਚ ਛੋਟਾ ਜਿਹਾ ਘਰ ਸੀ,
ਕੱਚੀਆਂ ਸੀ ਕੰਧਾਂ ਉਹਦਾ ਬੋੜਾ ਜਿਹਾ ਦਰ ਸੀ
ਅੰਮੀ ਮੇਰੀ ਚਿੰਤਾ ਸੀ ਬਾਪੂ ਮੇਰਾ ਡਰ ਸੀ,
ਓਦੋਂ ਮੇਰੀ ਆਉਧ ਯਾਰੋਂ ਐਵੇਂ ਫੁੱਲ ਭਰ ਸੀ
ਜਦੋਂ ਦਾ ਅਸਾਡੇ ਨਾਲ ਖੁਸ਼ੀਆਂ ਦਾ ਵੈਰ ਏ..
ਮੈਲੀ ਜਿਹੀ ਸਿਆਲ ਦੀ ਉਹ ਧੁੰਦਲੀ ਸਵੇਰ ਸੀ,
ਸੂਰਜ ਦੇ ਚੜ੍ਹਨ 'ਚ ਹਾਲੇ ਬੜੀ ਦੇਰ ਸੀ
ਪਿਤਾ ਪਰਦੇਸ ਗਿਆ ਜਦੋਂ ਪਹਿਲੀ ਵੇਰ ਸੀ,
ਮੇਰੀ ਮਾਂ ਦੇ ਨੈਣਾਂ ਵਿਚ ਹੰਝ ਤੇ ਹਨ੍ਹੇਰ ਸੀ
ਹਾਲੇ ਤੀਕ ਨੈਣਾਂ ਵਿਚ ਮਾੜੀ ਮਾੜੀ ਗਹਿਰ ਏ....

ਉਪਰੋਕਤ ਦੋਵੇਂ ਗੀਤ ਸਾਹਿਤਕ ਗੀਤ ਹਨ, ਮੋਹਨ ਸਿੰਘ ਦਾ ਗੀਤ ਇਕ ਰੁਮਾਂਚਕ ਵਿਸ਼ੇ ਨੂੰ ਬਹੁਤ ਹੀ ਢੁਕਵੀਂ ਅਤੇ ਸੰਘਣੀ ਅਲੰਕਾਰਕ ਸ਼ਬਦਾਵਲੀ ਰਾਹੀਂ ਬਿਆਨ ਕਰਦਾ ਹੈ। ਮੁਕਾਬਲੇ ਤੇ ਪਾਤਰ ਦਾ ਗੀਤ ਪੰਜਾਬੀ ਸਭਿਆਚਾਰ ਦੀ ਇਕ ਸੋਗਵਾਰ ਸਥਿਤੀ ਨੂੰ ਵਿਰਾਗਮਈ ਅਲੰਕਾਰਕ ਭਾਸ਼ਾ ਵਿਚ ਚਿਤਰਦਾ ਹੈ। ਹਰਜਿੰਦਰ ਦੇ ਵੀ ਕਈ ਗੀਤ ਸਾਹਿਤਕ ਪੱਧਰ ਦੇ ਹਨ। ਉਦਾਹਰਣ ਵਜੋਂ ਕੁਝ ਗੀਤਾਂ ਦੇ ਨਮੂਨੇ ਹੇਠ ਦਿੱਤੇ ਜਾਂਦੇ ਹਨ।

1. ਏਨਾ ਟੁੱਟ ਗਿਆ ਹਾਂ ਅੜੀਏ ਮੁੜਕੇ ਮੈਥੋਂ ਜੁੜ ਨਹੀਂ ਹੋਣਾ
ਪਰਦੇਸਾਂ ਵਿਚ ਰੁਲ ਜਾਣਾ ਏਂ ਹੁਣ ਵਤਨਾਂ ਨੂੰ ਮੁੜ ਨਹੀਂ ਹੋਣਾ
ਖ਼ਾਬਾਂ ਦੀ ਇਕ ਸੇਜ ਸਜਾ ਕੇ ਰੰਗਲੇ ਪਲੰਗ ਨੁਆਰੀ ਤੇ
ਮੇਰੇ ਨਾਂ ਦਾ ਫੁੱਲ ਨਾ ਪਾਈਂ ਤੂੰ ਆਪਣੀ ਫੁਲਕਾਰੀ ਤੇ

ਇੰਝ ਵੀ ਹੁੰਦੈ ਸੁਪਨੇ ਸਾਰੇ ਖ਼ੁਦ ਦਫ਼ਨਾਉਣੇ ਪੈ ਜਾਂਦੇ ਨੇ
ਕਦੇ ਕਦੇ ਜਿਉਂ ਅੰਗ ਨਕਾਰੇ ਆਪ ਕਟਾਉਣੇ ਪੈ ਜਾਂਦੇ ਨੇ
ਟੁੱਟੇ ਤਾਰੇ ਦਾ ਸਿਰਨਾਵਾਂ ਮਿਲੇ ਨਾ ਦੁਨੀਆਂ ਸਾਰੀ ਤੇ।

2. ਮੈਨੂੰ ਦੁੱਖ ਸੁੱਖ ਪੁੱਛਦਾ ਦੱਸਦਾ ਹੈ
ਪਿੰਡ ਰੋਂਦਾ ਹੈ ਪਿੰਡ ਹਸਦਾ ਹੈ।
ਮੇਰੇ ਸੁਪਨਿਆਂ ਦੇ ਵਿਚ ਵਸਦਾ ਹੈ
ਪਿੰਡ ਰੋਂਦਾ ਹੈ ਪਿੰਡ ਹਸਦਾ ਹੈ।
ਸੁੱਖ ਮੰਗੀਂ ਪੁੱਤਰਾਂ ਧੀਆਂ ਦੀ ਪਿੰਡ
ਆਪਣੇ ਦੇ ਸਭ ਜੀਆਂ ਦੀ
ਤੇਰਾ ਪਿੰਡ ਵਸੇਗਾ ਬੱਚਿਆਂ ਵਿਚ
ਕੰਧ ਕੋਠਿਆਂ ਪੱਕਿਆਂ ਕੱਚਿਆਂ ਵਿਚ
ਮੇਰੇ ਸਿਰ ਉੱਤੇ ਹੱਥ ਰੱਖਦਾ ਹੈ।....


3. ਕੁੜੀਆਂ ਚਿੜੀਆਂ ਹੁੰਦੀਆਂ ਨੇ ਪਰ,
ਪਰ ਨਹੀਂ ਹੁੰਦੇ ਕੁੜੀਆਂ ਦੇ।
ਪੇਕੇ ਸਹੁਰੇ ਹੁੰਦੇ ਨੇ ਕਿਉਂ ਘਰ ਨਹੀਂ ਹੁੰਦੇ ਕੁੜੀਆਂ ਦੇ।

ਧੀਆਂ ਬਣਕੇ ਡੋਲੀ ਚੜ੍ਹਦੀਆਂ ਨੂੰਹਾਂ ਬਣਕੇ ਸੜਦੀਆਂ ਨੇ
ਹੁੰਦੀਆਂ ਸੀ ਇਹ ਸਤੀ ਕਦੇ
ਹੁਣ ਬਲੀ ਦਾਜ ਦੀ ਚੜ੍ਹਦੀਆਂ ਨੇ।
ਸਦੀਆਂ ਡੂੰਘੇ ਜ਼ਖਮ ਪੁਰਾਣੇ ਭਰ ਨਹੀਂ ਹੁੰਦੇ ਕੁੜੀਆਂ ਦੇ।

4. ਦਿਲਾ ਝੱਲਿਆ ਨਾ ਅੱਥਰੂ ਵਹਾ ਕੋਈ ਨਹੀਂ ਤੈਨੂੰ ਯਾਦ ਕਰਦਾ।
ਜਿੰਦ ਐਵੇਂ ਨਾ ਭੁਲੇਖਿਆਂ 'ਚ ਪਾ ਕੋਈ ਨਹੀਂ ਤੈਨੂੰ ਯਾਦ ਕਰਦਾ
ਪਹਿਲੀ ਮਹਿਕ ਦਾ ਬਗੀਚਾ ਨਹੀਂਓ ਲੱਭਣਾ
ਫੁੱਲ ਖਿੰਡ ਗਏ ਗੁਆਚ ਗਈਆਂ ਟਾਹਣੀਆਂ
ਰੰਗ ਉੱਡ ਚੁੱਕੇ ਭਾਲਦਾ ਏਂ ਭੋਲਿਆ
ਕੱਢ ਕੱਢ ਤਸਵੀਰਾਂ ਤੂੰ ਪੁਰਾਣੀਆਂ
ਦੁੱਖ ਆਪਣੇ ਨਾ ਆਪੇ ਤੂੰ ਵਧਾ...।


ਉਪਰੋਕਤ ਗੀਤਾਂ ਦੀਆਂ ਵੰਨਗੀਆਂ ਤੋਂ ਸਿੱਧ ਹੈ ਕਿ ਹਰਜਿੰਦਰ ਮੁਖੜੇ ਰਾਹੀਂ ਵਿਸ਼ਿਆਂ ਦੀ ਸਾਂਝ ਸਰਲ ਅਤੇ ਭਾਵਪੂਰਤ ਸ਼ਬਦਾਂ ਰਾਹੀਂ ਪੁਆਉਂਦਾ ਹੈ। ਆਮ ਗੀਤਕਾਰਾਂ ਵਾਂਗ ਉਹ ਅੰਤਰਾ ਘੜਦਾ ਨਹੀਂ ਸਿਰਜਦਾ ਹੈ; ਵਿਸ਼ੇ ਨੂੰ ਵਾਕਾਂਸ਼ਾ ਅਤੇ ਅਲੰਕਾਰਾਂ ਦੇ ਬੂਹੇ ਬਾਰੀਆਂ ਰਾਹੀਂ ਵਿਸ਼ੇ ਦੀ ਅੰਤਰ ਆਤਮਾ ਵਿਚ ਝਾਤ ਪੁਆਉਂਦਾ ਹੈ। ਜੀਵਨ ਦੀਆਂ ਬੁਨਿਆਦੀ ਕਦਰਾਂ ਕੀਮਤਾਂ ਅਤੇ ਅਟਲ ਸਚਾਈਆਂ ਨਾਲ ਬਾਵਸਤਾ ਹੋਣ ਕਰਕੇ, ਹਰਜਿੰਦਰ ਦੇ ਗੀਤ ਸਮੇਂ ਵਿਚ ਸੁੰਨ ਨਹੀਂ ਹੁੰਦੇ ਸਗੋਂ ਸੋਚ ਦੀ ਤਪਸ਼ ਨਾਲ ਹੋਰ ਪੰਘਰਦੇ ਹਨ। ਕਿਉਂਕਿ ਉਸ ਦੇ ਗੀਤ ਸਭਿਆਚਾਰ ਦਾ ਕੇਵਲ ਨਿਰਮਾਣ ਹੀ ਨਹੀਂ ਕਰਦੇ ਸਗੋਂ ਉਥਾਨ ਵੀ ਕਰਦੇ ਹਨ। ਇਸ ਲਈ ਪੰਜਾਬੀ ਦੀ ਸਾਹਿਤਕ ਵਿਰਾਸਤ ਵਿਚ ਲਿਖੇ ਜਾਣ ਦਾ ਰੁਤਬਾ ਰੱਖਦੇ ਹਨ। ਪਰ ਆਮ ਦੇਖਿਆ ਗਿਆ ਹੈ ਕਿ ਆਲੋਚਕ ਗੀਤ ਕਾਵਿ ਨੂੰ ਉਹ ਰੁਤਬਾ ਨਹੀਂ ਦਿੰਦੇ ਜੋ ਕਵਿਤਾ ਨੂੰ ਦਿੰਦੇ ਹਨ। ਕਿਸੇ ਕਾਵਿਕ ਗੁਣਾਂ ਵਾਲੇ ਗੀਤ ਨੂੰ ਮਹਿਜ਼ ਉਸ ਦੇ ਰੂਪ ਦੇ ਆਧਾਰ ਤੇ ਹੀ ਨਹੀਂ ਨਿਕਾਰ ਦੇਣਾ ਚਾਹੀਦਾ, ਸਗੋਂ ਵਿਸ਼ੇ ਦੀ ਗਹਿਰਾਈ, ਉਸ ਨੂੰ ਨਿਭਾਉਣ ਲਈ ਵਰਤੀਆਂ ਗਈਆਂ ਕਾਵਿਕ ਯੁਕਤਾਂ ਅਤੇ ਸਭਿਆਚਾਰਕ ਮਹੱਤਤਾ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਗੀਤ-ਕਾਵਿ ਪ੍ਰਤੀ ਆਲੋਚਕਾਂ ਦੀ ਇਸ ਰੂੜ੍ਹੀਗਤ ਸੋਚ ਨੂੰ ਬਦਲਣ ਦੀ ਲੋੜ ਹੈ।

**ਹਰਜਿੰਦਰ ਕੰਗ ਦਾ ਫੋਨ ਨੰਬਰ**
**1-559-917-4890**





ਨਾਮਵਾਰ ਗਜਲਗੋ ਹਰਜਿੰਦਰ ਕੰਗ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਅਤੇ ਨਾਮਵਾਰ ਗਜਲਗੋ ਕੁਲਵਿੰਦਰ ਨਾਲ ਇਕ ਸਾਹਿਤਕ ਸਮਾਗਮ ਦੌਰਾਨ




# ਸ਼ਹੀਦ-ਏ-ਆਜ਼ਮ ਸ: ਭਗਤ ਸਿੰਘ ਜੀ ਦੇ ਸਮਾਜਿਕ ਪਰਿਵਰਤਨ ਰਾਹੀਂ ਦੇਸ਼ ਵਿਚ ਖੁਸ਼ਹਾਲੀ ਤੇ ਵਿਚਾਰਾਂ ਦੀ ਗੋਸ਼ਟੀ

ਸ਼ਹੀਦ-ਏ-ਆਜ਼ਮ ਸ: ਭਗਤ ਸਿੰਘ ਜੀ ਜੱਦੋ-ਜ਼ਹਿਦ ਜਿਸ ਵਿਚ ਮਜ਼ਦੂਰ, ਅਛੂਤ ਪਿਛੜੇ ਅਤੇ ਕਿਸਾਨਾਂ ਦੇ ਉਧਾਰ ਲਈ 21 ਸਾਲ ਉਮਰ ਵਿਚ ਆਪਣਾ ਪਰਿਵਾਰ ਛੱਡ ਕੇ ਆਪਣੀ ਜ਼ਿੰਦਗੀ ਕੌਮ ਦੇ ਲੇਖੇ ਲਾ ਦਿੱਤੀ ਪਰ ਮਨੂੰਵਾਦੀ, ਜਾਗੀਰਦਾਰ ਅਤੇ ਸਰਮਾਏਦਾਰੀ ਪਾਰਟੀਆਂ ਉਹਨਾਂ ਦੀ ਪੁਕਾਰ ਅਤੇ ਜੱਦੋ ਜਹਿਦ ਨੂੰ 1930 ਤੋਂ ਬਾਅਦ ਦਬਾਅ ਕੇ ਪਿੰਡਾਂ ਦੇ ਮੂਲ ਨਿਵਾਸੀਆਂ ਦੇ ਸੁਧਾਰ ਬਾਰੇ ਕੁਝ ਨਹੀਂ ਕੀਤਾ ਅਤੇ ਅੱਜ ਉਸਦਾ ਨਤੀਜਾ ਇਹ ਨਿਕਲਿਆ ਕਿ 66 ਸਾਲ ਦੀ ਆਜ਼ਾਦੀ ਦੇ ਬਾਅਦ ਦਲਿਤ ਸਮਾਜ ਦੇ ਲੋਕ ਹੋਰ ਵੀ ਗਰੀਬ ਹੋ ਰਹੇ ਹਨ ਅਤੇ 15 ਫੀਸਦੀ ਬਾਹਰੋਂ ਆਏ ਆਰੀਆ ਲੋਕਾਂ ਨੇ ਰਾਜ ਭਾਗ ਲੈ ਕੇ ਆਪਣੀ ਨੀਤੀ ਨੂੰ ਲਾਗੂ ਕਰਕੇ ਮਜ਼ਦੂਰਾਂ ਕਿਸਾਨਾਂ ਦਾ ਭਾਈਚਾਰਾ ਤੋੜ ਕੇ ਰੱਖਿਆ, ਇਹ ਆਪ ਤਾਂ ਖੁਸ਼ਹਾਲ ਹੋ ਗਏ ਹਨ, ਪਰ ਦਲਿਤ ਸਮਾਜ ਦੇ ਗਰੀਬ ਅਤੇ ਲਾਚਾਰ ਰਿਹਾ, ਅੱਜ ਉਹਨਾਂ ਵਿਚਾਰਾਂ ਦੀ ਗੋਸ਼ਟੀ ਕਰਕੇ ਅੱਗੇ ਕਦਮ ਪੁੱਟਣ ਲਈ ਸਮਾਜਿਕ ਢਾਂਚੇ ਨੂੰ ਬਦਲਣ ਲਈ ਅੱਜ ਸਮਾਜ ਦੇ ਬੁੱਧੀਜੀਵੀ ਇਸ ਵਿਸ਼ੇ ਤੇ ਗੋਸ਼ਟੀ ਤੇ ਵਿਚਾਰ ਕਰਨਗੇ। ਜੂਨ 1928 ਨੂੰ ਪਟਨਾ ਵਿਖੇ ਅਛੂਤ ਸੁਧਾਰ ਕਾਂਗਰਸ ਕਮੇਟੀ ਦੀ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਲਾਲਾ ਲਾਜਪਤ ਰਾਏ ਕਰ ਰਹੇ ਹਨ, ਪੰਡਿਤ ਮਦਨ ਲਾਲ ਮਾਲਵੀਆ ਅਤੇ ਉਹਨਾਂ ਦੇ ਸਾਥੀ ਹਾਜ਼ਰ ਸਨ ਅਤੇ ਸ: ਭਗਤ ਸਿੰਘ ਦੇ ਇਸ ਗੋਸ਼ਟੀ ਵਿਚ ਬੜੀ ਗਰਮਾ-ਗਰਮ ਬਹਿਸ ਹੋਈ ਅਤੇ ਪੰਡਤ ਮਦਨ ਮੋਹਨ ਮਾਲਵੀਆ ਨੂੰ ਫਟਕਾਰਾਂ ਪਾਉਂਦੇ ਹੋਏ ਕਿਹਾ ਕਿ ਉਹ ਸਮਾਜ ਸੁਧਾਰ ਦੇ ਠੇਕੇਦਾਰਾ, ਤੇਰੀ ਗੋਦ ਵਿਚ ਕੁੱਤਾ ਤਾਂ ਬੈਠ ਸਕਦਾ ਹੈ, ਘਰ ਅਤੇ ਚੌਕੇ ਨਿਸੰਗ ਹੋ ਕੇ ਘੁੰਮ ਸਕਦਾ ਹੈ, ਗਧੇ, ਬਾਂਦਰ ਅਤੇ ਕੁੱਤੇ ਤਾਂ ਨਿਸੰਗ ਹੋ ਕੇ ਘੁੰਮ ਸਕਦੇ ਹਨ, ਪਰ ਜੇ ਇਕ ਅਛੂਤ ਮੰਦਰ ਵਿਚ ਚਲਾ ਜਾਵੇ ਤਾਂ ਤੁਹਾਡਾ ਮੰਦਰ ਪਲੀਤ ਹੋ ਜਾਂਦਾ ਹੈ ਤੇ ਰੱਬ ਨਰਾਜ਼ ਹੋ ਜਾਂਦਾ ਹੈ। ਜਾਨਵਰਾਂ ਦੀ ਪੂਜਾ ਕਰਦੇ ਹੋ ਅਤੇ ਇਨਸਾਨਾਂ ਨੂੰ ਨਫ਼ਰਤ ਕਰਦੇ ਹੋ, ਪਹਿਲਾਂ ਚੂੜਿਆਂ ਦੇ ਮੁੰਡੇ ਕੋਲੋਂ ਫੁੱਲਾਂ ਦਾ ਹਾਰ ਪੁਆ ਲੈਂਦੇ ਹੋ ਅਤੇ ਫਿਰ ਭਿੱਟ ਲਾਹੁਣ ਲਈ ਗੰਗਾ ਵਿਚ ਇਸ਼ਨਾਨ ਕਰਦੇ ਹੋ, ਇਕ ਚੂੜਿਆਂ ਦੇ ਸਮਾਜ ਵਿਚ ਪੈਦਾ ਹੋਇਆ ਲੜਕਾ ਟੱਟੀਆਂ ਹੀ ਸਾਫ ਕਰਦਾ ਰਹਿੰਦਾ ਹੈ, ਜ਼ਿੰਦਗੀ ਵਿਚ ਉਸਦੀ ਉਨਤੀ ਦਾ ਕੋਈ ਸਾਧਨ ਨਹੀਂ ਹੈ ਅਤੇ ਤੁਸੀਂ ਆਰੀਆ ਲੋਕਾਂ ਨੇ ਅਛੂਤਾਂ ਨੂੰ ਪੈਰਾਂ ਥੱਲੇ ਲਿਤਾੜ ਕੇ ਨੀਚ ਬਣਾ ਕੇ ਦਬਾਇਆ ਹੋਇਆ ਹੈ।

ਜੇ ਟੱਟੀਆਂ ਚੁੱਕਣ ਵਾਲਾ ਭੰਗੀ ਇਕ ਅਛੂਤ ਹੈ ਤਾਂ ਬ੍ਰਾਹਮਣ ਦੀ ਮਾਂ ਵੀ ਬੱਚਿਆਂ ਦੀਆਂ ਟੱਟੀਆਂ ਚੁੱਕਦੀ ਹੈ, ਉਸ ਨੂੰ ਭੰਗੀ ਜਾਂ ਅਛੂਤ ਕਿਉਂ ਨਹੀਂ ਕਿਹਾ ਜਾਂਦਾ। ਲੈਂਡ ਐਲੀਨੇਸ਼ਨ ਐਕਟ 1902 ਜੇ ਲਿਹਾਜ ਨਾਲ ਅਛੂਤ ਲੋਕ ਆਪਣੇ ਪੈਸਿਆਂ ਨਾਲ ਦੋ ਇੰਚ ਦੀ ਜ਼ਮੀਨ ਨਹੀਂ ਖਰੀਦ ਸਕਦੇ ਸੀ ਜੇ ਕਿਸੇ ਦੇ ਖੂਹ ਤੇ ਚੜ੍ਹ ਜਾਣ ਤਾਂ ਖੂਹ ਭਿੱਟ ਜਾਂਦੇ ਹਨ, ਤੁਸੀਂ ਔਰਤਾਂ ਦੇ ਸੁਧਾਰ ਦੀ ਗੱਲ ਕਰਦ ਹੋ ਤਾਂ ਦੱਸੋ ਕਿਸਾਨਾਂ ਦੀਆਂ ਕੁੜੀਆਂ, ਅਛੂਤਾਂ ਦੀਆਂ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਕਿੰਨੀਆਂ ਸਕੂਲ ਜਾਂਦੀਆਂ ਹਨ। ਮਜ਼ਦੂਰ ਅਤੇ ਕਿਸਾਨ ਵੀ ਅਨਪੜ੍ਹ ਹਨ।

ਤੁਹਾਡੀ ਖਾਤਰ ਮਹਾਤਮਾ ਬੁੱਧ ਨੇ ਅਮੀਰੀ ਛੱਡ ਕੇ ਗਰੀਬੀ ਭੋਗੀ, ਦੁੱਖ ਤਕਲੀਫਾਂ ਝੱਲੀਆਂ, ਗੁਰੂ ਨਾਨਕ ਦੇਵ ਜੀ ਨੂੰ ਭੂਤਨਾ ਅਤੇ ਬਤਾਲਾ ਕਿਹਾ ਗਿਆ, ਗੁਰੂ ਰਵਿਦਾਸ ਜੀ ਨੂੰ ਦੋ ਵਾਰ ਜੇਲ੍ਹ ਜਾਣਾ ਪਿਆ ਅਤੇ ਕਬੀਰ ਨੂੰ ਸੰਗਲਾਂ ਨਾਲ ਬੰਨ੍ਹ ਕੇ ਬਨਾਰਸ ਵਿਚ ਹਾਥੀਆਂ ਨਾਲ ਘੜੀਸਿਆ ਗਿਆ। ਤੁਹਾਡੀ ਖਾਤਰ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜਿਕ ਪਰਿਵਰਤਨ ਕਰਨ ਵਾਸਤੇ ਆਪਣੇ ਬੱਚੇ ਵੀ ਸ਼ਹੀਦ ਕਰਵਾ ਲਏ, ਸਾਰੇ ਜਨਰਲ ਅਤੇ ਪੰਜ ਪਿਆਰੇ ਅਤੇ ਸੈਨਾ, ਮਾਂ-ਬਾਪ, 'ਜੋ ਕਹੇ ਵਿਪਰਨ ਕੀ ਰੀਤ ਮੈਂ ਨ ਕਰੂੰ ਉਨ ਕੀ ਪ੍ਰਤੀਤ', ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਦੇ ਤਹਿਤ 42 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ। ਇਸ ਬ੍ਰਾਹਮਣਵਾਦੀ ਨਿਜ਼ਾਮ ਦੇ ਵਿਰੁੱਧ ਬਗਾਵਤ ਕਰੋ ਅਤੇ ਮਹਾਤਮਾ ਗਾਂਧੀ ਦੀ ਨਿਪੁੰਸਕ ਚਾਲਾਂ ਵਿਚ ਤੁਹਾਡਾ ਕੁਝ ਬਣਨ ਵਾਲਾ ਨਹੀਂ ਹੈ। ਇਸ ਸਾਰੇ ਸਮਾਜ ਸੁਧਾਰਕ ਦੇ ਠੇਕੇਦਾਰ ਮਨੂੰਵਾਦੀਆਂ ਦੀਆਂ ਇਹ ਵਿਚਾਰਾਂ ਸ: ਭਗਤ ਸਿੰਘ ਤੇ ਬਾਬੂ ਮੰਗੂ ਰਾਮ ਦੀ ਸਮਾਜ ਸੁਧਾਰ ਲਹਿਰ ਦਾ ਅਸਰ ਸੀ ਕਿ ਉਹਨਾਂ ਨੇ ਪਟਨਾ ਵਿਚੋਂ ਗਰਮੋ-ਗਰਮੀ ਬਹਿਸ ਤੇ ਵਿਚਾਰ ਰੱਖੇ ਕਿਉਂਕਿ ਮਨੀਬਾੜਾ 1923 ਨੂੰ ਜੋ ਕਾਂਗਰਸ ਦਾ ਇਜਲਾਸ ਹੋਇਆ, ਉਸਦੀ ਪ੍ਰਧਾਨਗੀ ਮੁਹੰਮਦ ਅਲੀ ਜਿਨਾਹ ਕਰ ਰਹੇ ਸਨ ਅਤੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਹਿੰਦੂ ਬਣਾਇਆ ਜਾਵੇ ਜਾਂ ਮੁਸਲਮਾਨ।

ਫਿਰ ਫੈਸਲਾ ਹੋਇਆ ਕਿ ਇਹਨਾਂ ਨੂੰ ਹਿੰਦੂ ਸਮਾਜ ਕਮੇਟੀ ਵਿਚ ਰੱਖਿਆ ਗਿਆ ਤੇ ਬਿਰਲੇ ਨੇ ਇਸ ਦੇ ਪ੍ਰਚਾਰ ਕਰਨ ਦੇ ਪੈਸੇ ਕੀਤਾ ਤੇ ਅਨੁਸੂਚਿਤ ਜਾਤੀ ਦੇ ਲੋਕ ਚਮਾਰ, ਚੂੜ੍ਹੇ, ਨਾਈ, ਛੀਂਬੇ, ਤਰਖਾਣ ਇਹ ਹਿੰਦੂ ਹਨ, ਇਸ ਕਮੇਟੀ ਦੇ ਵਿਚਾਰਾਂ ਦੀ ਵਿਰੋਧਤਾ ਪਟਨਾ 1928 ਵਿਚ ਕੀਤੀ ਅਤੇ ਇਸੇ ਹੀ ਕਰਕੇ ਮਨੂੰਵਾਦੀਆਂ ਨੇ ਅੰਗਰੇਜ਼ਾਂ ਨਾਲ ਰਲ ਕੇ ਉਨ੍ਹਾਂ ਨੂੰ ਸ਼ਹੀਦ ਕਰਵਾ ਦਿੱਤਾ, ਇਸ ਕਰਕੇ ਸਮਾਜਿਕ ਪਰਿਵਰਤਨ ਦੀ ਲਹਿਰ ਦੇ ਪ੍ਰੋਗਰਾਮ ਨੂੰ ਸਾਰੇ ਦੇਸ਼ ਵਿਚ ਲਿਜਾ ਕੇ ਮਜ਼ਦੂਰ, ਕਿਸਾਨ ਤੇ ਪੱਛੜੇ ਵਰਗ ਦੇ ਲੋਕਾਂ ਦੀ ਖੁਸ਼ਹਾਲੀ ਤੇ ਮਨੂੰਵਾਦੀ ਚਾਲਾਂ ਤੋਂ ਛੁਟਕਾਰਾ ਪਾਉਣ ਲਈ ਸ: ਭਗਤ ਸਿੰਘ ਦੇ ਵਿਚਾਰਾਂ ਦੀ ਲਹਿਰ ਨੂੰ ਜਾਗਰਿਤ ਕਰੀਏ।

(ਪੁਸਤਕ ਸ਼ਹੀਦ ਭਗਤ ਸਿੰਘ ਦੀਆਂ ਅਤੇ ਸਾਥੀਆਂ ਦੀਆਂ ਹੱਥ ਲਿਖਤਾਂ ਵਿਚੋਂ।)

**ਲੇਖਕ: ਜਗਮੋਹਨ ਸਿੰਘ**

# PCS SACRAMENTO
Presents (USA)

Non Profit — Since 1990

## 26ਵਾਂ ਵਿਸਾਖੀ ਮੇਲਾ
# Visakhi Mela




**Featuring : Songs, Gidha & Bhangra, Dances, Skits and Much More**

**Celebration On Saturday 18th April 2015 at 3:00 P.M.**

## S.E.S. Hall
**10427 E. STOCKTON BLVD. ELK GROVE, CA 95624**

*Spcl. Appearance* **Bhangra & Gidda**



ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

ਪ੍ਰਬੰਧਕੀ ਕਮੇਟੀ: ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿੱਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਜਰਨੈਲ ਸਰਪੰਚ, ਦੱਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੋਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੇਖੋਂ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਤੂਰ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੰਦੀ, ਪਾਲ ਸਿੰਘ, ਮਨੋਹਰ ਲਾਲ ਰੌਤੀ, ਜਰਨੈਲ ਮੰਡੇਰ, ਜਰਨੈਲ ਕੰਦੋਲਾ, ਦਲਜੀਤ ਸਿੰਘ ਲੋਪੋ, ਤੋਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਜਤਿੰਦਰ ਸਿੰਘ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੁਆਬਾ)

ਸਪੌਂਸਰ ਕਰਤਾ: ਹਰਜੀਤ ਸਿੰਘ (ਮਾਉਂਟੇਨ ਮਾਈਕ'ਚ ਪੀਜ਼ਾ ਐਲਕਗ੍ਰੋਵ), ਇੰਦਰਜੀਤ ਸਿੰਘ (ਮਾਉਂਟੇਨ ਮਾਈਕ'ਚ ਪੀਜ਼ਾ ਐਲਕਗ੍ਰੋਵ ਫਲੋਰੀਨ), ਬੱਗਾ ਪੈਲੇਸ, ਇੰਡੀਆ ਹਾਊਸ ਆਫ ਗਰੋਸਰੀ, ਦੇਸੀ ਬਾਜ਼ਾਰ, ਇੰਡੀਆ ਸਪਾਈਸਜ਼ ਐਂਡ ਮਿਊਜ਼ਿਕ ਇਨ ਐਲਕਗ੍ਰੋਵ, ਰਾਜਿੰਦਰ ਸਿੰਘ, ਗੁਰਨੇਕ ਸਿੰਘ, ਜਸਵਿੰਦਰ ਸੰਧੂ, ਅਵਤਾਰ ਅਟਵਾਲ, ਚਰਨ ਸ਼ਫਵਾਲ, ਪਿਆਰਾ ਸਿੰਘ ਪਰਹਾਰ, ਜੱਸੀ ਸੰਘਾ (ਪਾਵਰ ਮਾਰਟ), ਏ ਕੇ. ਸਵੀਟਸ, ਮਨਜੀਤ ਢਿੱਲੋਂ (ਮੈਕੋਸਟ), ਮਨਪ੍ਰੀਤ ਸਿੰਘ, ਪਰਮਿੰਦਰਜੀਤ ਸਿੰਘ, ਜਸਵੰਤ ਸਿੰਘ, ਗੁਰਚੇਤਨ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਸ਼ੇਖੋ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰਟਨ ਹੋਟਲ), Wells Fargo Bank, Money Gram (Fast Trip Florin Road), ਜਸਵਿੰਦਰ ਬੋਪਾਰਾਏ, ਜਸਵੀਰ ਬਾਂਦੀ (World Financial Group), ਸਾਬੀ Cargo Transit, ਅਕਲੇਸ਼ ਸਿੰਘ (ਕੁਆਲਿਟੀ ਬੈਂਕਿੰਗ), ਅਟਵਾਲ ਬ੍ਰਦਰਜ਼ (ਮਰਸਿੱਦ) Shaheed Baba Deep Singh Ji Sports Club ਸੁਖਚੈਨ ਸਿੰਘ ਅਤੇ ਕਿਰਨਜੀਤ ਢੰਡਾ।

For More Information Please Contact : Participation: Rashpal Pharwala (916) 880-0531, Stalls: Tirath Sahota (916) 271-8382, Amrik Parhar (916) 502-0064, Host by: Jaswant S. Shad (209) 992-7185

**ADMISSION FREE** Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

Website : www.sacpcs.com

Printer : Barapind Printing Press (E-mail: barapindpress@gmail.com)

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

# ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ

ਵਲੋਂ

## ਸ਼ਹੀਦ ਮੇਵਾ ਸਿੰਘ ਲੋਪੋਕੇ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਾਥੀ ਸ਼ਹੀਦਾਂ,

ਸ਼ਹੀਦ ਕਰਤਾਰ ਸਿੰਘ ਸਰਾਭਾ



ਵਿਸ਼ਨੂ ਗਣੇਸ਼ ਪਿੰਗਲੇ (ਮਹਾਂਰਾਸ਼ਟਰ), ਸਰੈਣ ਸਿੰਘ ਵੱਡਾ, ਸਰੈਣ ਸਿੰਘ ਛੋਟਾ,
ਬਖਸ਼ੀਸ ਸਿੰਘ ਗਿੱਲਵਾਲੀ (ਤਿੰਨੇ ਪਿੰਡ ਗਿੱਲਵਾਲੀ ਅਮ੍ਰਿਤਸਰ),
ਹਰਨਾਮ ਸਿੰਘ ਸਿਆਲਕੋਟੀ ਅਤੇ ਜਗਤ ਸਿੰਘ (ਸੁਰਸਿੰਘ ਅਮ੍ਰਿਤਸਰ)
ਦੀ ਸ਼ਹੀਦੀ ਦੀ 100 ਵੀਂ ਵਰ੍ਹੇਗੰਢ ਨੂੰ ਸਮਰਪਤ

ਸ਼ਹੀਦ ਮੇਵਾ ਸਿੰਘ ਲੋਪੋਕੇ



# 15 ਵਾਂ ਮੇਲਾ ਗਦਰੀ ਬਾਬਿਆਂ ਦਾ

## 29 ਮਾਰਚ, 2015 ਦੁਪਿਹਰ 1 ਵਜੇ ਤੋਂ ਸ਼ਾਮ 6 ਵਜੇ ਤੱਕ

Regency Palace (Praise Event Center)
1600 Willow Avenue Clovis, CA

## ਮੁੱਖ ਮਹਿਮਾਨ



ਪ੍ਰਸਿੱਧ ਪੱਤਰਕਾਰ
ਜਤਿੰਦਰ ਪੰਨੂ

ਆਉ ਪਰਿਵਾਰਾਂ ਸਮੇਤ
ਇਸ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ
ਉਨਾਂ ਮਹਾਨ ਸ਼ਹੀਦਾਂ ਦੇ
ਦਿਖਾਏ ਰਾਹਾਂ ਤੇ ਚਲਣ
ਦਾ ਪ੍ਰਣ ਦੁਹਰਾਈਏ।

## ਪ੍ਰੋਗਰਾਮ

ਮੁੱਖ ਬੁਲਾਰੇ ਪ੍ਰਸਿੱਧ ਪੱਤਰਕਾਰ ਜਤਿੰਦਰ ਪੰਨੂ ਜੀ
ਅਤੇ ਗਦਰ ਲਹਿਰ ਨਾਲ ਸਬੰਧਤ ਹੋਰ ਮਾਹਰਾਂ ਦੀਆਂ ਤਕਰੀਰਾਂ
ਕੈਲੇਫੋਰਨੀਆ ਸੰਗੀਤ ਗਰੁੱਪ ਦੇ ਸੁਰੀਲੇ ਗਾਇਕ ਤਰਲੋਕ ਸਿੰਘ, ਅਨੂਪ ਸਿੰਘ ਚੀਮਾ ਅਤੇ ਅਮਰਜੀਤ ਸਿੰਘ ਦੁਲੇ
ਧਮਲਾ ਜੱਟ ਦੀ ਗਾਇਕੀ ਨੂੰ ਪਰਨਾਏ ਹੋਏ ਗਾਇਕ ਰਾਜ ਬਰਾੜ ਜੀ
ਬਲੁੰਦ ਆਵਾਜ਼ ਦੇ ਮਾਲਕ ਜੀਤਾ ਗਿੱਲ ਅਤੇ ਧਰਮਵੀਰ ਥਾਂਦੀ ਜੀ
ਆਪਣੇ ਗੀਤਾਂ ਰਾਹੀਂ ਗਦਰ ਪਾਰਟੀ ਦੇ ਇਤਿਹਾਸ ਨਾਲ ਜੋੜਨਗੇ
ਗਦਰ ਪਾਰਟੀ ਅਤੇ ਹੋਰ ਦੇਸ਼ ਭਗਤ ਲਹਿਰਾਂ ਨਾਲ ਜੁੜੇ ਸੰਗਰਾਮੀਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ।
ਵਿਦਿਆਰਥੀਆਂ ਵਲੋਂ ਗੀਤ, ਕਵਿਤਾਵਾਂ, ਭਾਸ਼ਨ ਤੇ ਹੋਰ ਦਿਲਕਸ਼ ਆਈਟਮਾਂ
ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਦੇ ਗਭਰੂ ਸ਼ਹੀਦ ਊਧਮ ਸਿੰਘ ਤੇ ਇਕ ਵਿਸ਼ੇਸ ਆਈਟਮ ਪੇਸ਼ ਕਰਨਗੇ
ਹੇਅਰ ਮੀਡੀਆ ਵਲੋਂ ਤਿਆਰ, ਕੁੜੀਆਂ ਦੀ ਟੀਮ ਵਲੋਂ ਗਿੱਧਾ ਪੇਸ਼ ਕੀਤਾ ਜਾਵੇਗਾ।
ਗਦਰੀ ਬਾਬਿਆਂ ਦੀਆਂ ਜੀਵਨੀਆ ਤੇ ਵੱਖ ਵੱਖ ਮਾਹਰਾਂ ਵਲੋਂ ਲਿਖੇ ਲੇਖਾਂ,
ਕਵਿਤਾਵਾਂ ਅਤੇ ਹੋਰ ਜਾਣਕਾਰੀ ਨਾਲ ਭਰਪੂਰ ਇਕ ਸੋਵੀਨਰ ਰਲੀਜ਼ ਕੀਤਾ ਜਾਵੇਗਾ।
4.0 ਜਾਂ ਬੇਹਤਰ ਗਰੇਡ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ

## ਗਾਇਕ

ਸੰਗੀਤ ਗਰੁੱਪ ਆਫ ਕੈਲੇਫੋਰਨੀਆ



ਹਰਮਨ ਪਿਆਰੇ ਗਾਇਕ
ਤਰਲੋਕ ਸਿੰਘ, ਅਨੂਪ ਸਿੰਘ ਚੀਮਾ ਅਤੇ ਅਮਰਜੀਤ ਦੁਲੇ

## ਸਟੇਜ



ਆਸ਼ਾ ਸ਼ਰਮਾ



ਧਰਮਵੀਰ ਸਿੰਘ ਥਾਂਦੀ
ਰਾਜ ਬਰਾੜ



ਜੀਤਾ ਗਿੱਲ

## ਗੁਰਦੀਪ ਸਿੰਘ ਗਿੱਲ (ਪ੍ਰਧਾਨ) 559-360-4248, ਜਸਵੰਤ ਸਿੰਘ ਮਾਨ (ਖਜ਼ਾਨਚੀ), ਸੁਰਿੰਦਰ ਸਿੰਘ ਮੰਢਾਲੀ (ਸੈਕਰੇਟਰੀ) 559-473-9269

## ਹੋਰ ਜਾਣਕਾਰੀ ਲਈ ਸਪੰਰਕ ਕਰੋ

**ਵਿਸ਼ੇਸ਼ ਧੰਨਵਾਦ**
ਸਮੂਹ ਸਪਾਂਸਰਜ਼,
ਲੋਕਲ ਰੇਡੀਓ ਹੋਸਟ
ਅਤੇ ਪ੍ਰਿੰਟ ਮੀਡੀਆ

ਨਵਦੀਪ ਸਿੰਘ ਧਾਲੀਵਾਲ (ਵਾਇਸ ਪ੍ਰਧਾਨ) 559.287.0822
ਹਰਜਿੰਦਰ ਸਿੰਘ ਢੇਸੀ (ਸਹਾਇਕ ਸਕੱਤਰ) 559.618.0156
ਦਲਜੀਤ ਸਿੰਘ ਰਿਆੜ (ਸਹਾਇਕ ਸਕੱਤਰ) 559.226.1510
ਕੁਲਵੀਰ ਸਿੰਘ ਹੇਅਰ (ਮੀਡੀਆ ਸਕੱਤਰ) 559.586.0526

**Register at**
Students with 4.0 grade should register at IAHForum@Gmail.com

ਇਸ ਪ੍ਰੋਗਰਾਮ ਵਿਚ 12 ਵਜੇ ਤੋਂ 1 ਵਜੇ ਦਾ ਸਮਾਂ ਬੱਚਿਆਂ ਲਈ ਨਿਰਧਾਰਤ ਹੈ।
ਕੋਈ ਸਟੇਜ ਆਈਟਮ ਪੇਸ਼ ਕਰਨ ਦੇ ਚਾਹਵਾਨ ਬੱਚੇ ਸੰਪਰਕ ਕਰਨ, ਸ਼ਰਨਜੀਤ ਧਾਲੀਵਾਲ (559.974.8383) ਜਾਂ ਹਰਜਿੰਦਰ ਢੇਸੀ (559.618.0156)

**ਮੇਲਾ ਕਮੇਟੀ:** ਮਹਿੰਦਰ ਸਿੰਘ ਢਾਹ, ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ, ਗੁਰਮੀਤ ਸਿੰਘ ਗਿੱਲ, ਪਰਮਜੀਤ ਸਿੰਘ ਢਿਲੋਂ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸ਼ਰਨਜੀਤ ਕੌਰ ਧਾਲੀਵਾਲ, ਸਿਮਰਨ ਕੌਰ ਹੇਅਰ, ਰੂਬੀ ਸੰਘਾ, ਹਰਿੰਦਰ ਕੌਰ ਮੰਢਾਲੀ, ਕੁਲਵੀਰ ਕੌਰ ਸੇਖੋਂ, ਬਲਵੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਭੁਪਿੰਦਰ ਕੌਰ ਬਦੇਸ਼ਾ, ਸੁਖਜਿੰਦਰ ਕੌਰ ਢਿਲੋਂ, ਗੁਰਮੀਤ ਗਾਜੀਆਣਾ, ਗੁਰਪ੍ਰੀਤ ਖਾਨਖਾਨਾ, ਪ੍ਰੀਤਮ ਸਿੰਘ ਗਿੱਲ, ਪਰਮਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ ਸਿੱਧੂ, ਜਗਰੂਪ ਸਿੰਘ ਧਾਲੀਵਾਲ, ਅਮੋਲਕ ਸਿੰਘ ਸਿੱਧੂ, ਸੁਰਿੰਦਰ ਸਿੰਘ ਥਿੰਦ, ਦੀਵਾਨ ਸਿੰਘ ਸੇਖੋਂ, ਮੇਜਰ ਸਿੰਘ ਢਾਹ, ਹਰਪ੍ਰੀਤ ਸਿੰਘ ਸਿੱਧੂ, ਦਲਬਾਰਾ ਸਿੰਘ ਧਾਲੀਵਾਲ, ਜਸਦੀਪ ਸਿੰਘ, ਸ਼ੌਕਤ ਅਲੀ, ਕਰਮ ਸਿੰਘ ਮਾਨ, ਕੇਵਲ ਸਿੰਘ ਬਾਸੀ, ਪ੍ਰੋ ਅਰਜਨ ਸਿੰਘ ਜੋਸਨ, ਜਸਵੰਤ ਮਹਿਮੀ, ਸ਼ੇਰ ਸਿੰਘ ਚੌਹਾਨ, ਬਲਵਿੰਦਰ ਸਿੰਘ ਜਾਡਲਾ, ਡਾ. ਗੁਰਰੀਤ ਸਿੰਘ ਬਰਾੜ, ਸੁਖਦੇਵ ਸਿੰਘ ਚੀਮਾ, ਮਨਵੀਰ ਸਿੰਘ ਭੁੱਲਰ, ਸੁਰਜੀਤ ਸਿੰਘ ਸੰਧੂ, ਕਰਮਜੀਤ ਸਿੰਘ ਸਹੋਤਾ, ਮਾਸਟਰ ਗੁਰਦੇਵ ਸਿੰਘ

**ਸਪਾਂਸਰਜ:** ਗੁਲਬਿੰਦਰ ਸਿੰਘ ਢੇਸੀ, ਅਟਵਾਲ ਬਰਦਰਜ਼ ਫਾਰਮ, ਟਰਾਨਸ ਕੌਰਪ ਫਰੇਟਵੇ(ਨਿਜਰ ਬਰਦਰਜ), ਏ ਵਨ ਰੀਐਲਟੀ (ਪ੍ਰੀਤਮ ਗਿੱਲ),ਅਮਰੀਕ ਉਪਲ, ਭਜਨ ਸਿੰਘ, ਬੁਲਡੌਗ ਫਰੇਟ ਵੇ, ਚਰਨਜੀਤ ਸਿੰਘ ਬਾਠ,ਜੀ ਬੀ ਟੀ ਆਈ, ਗਿੱਲ ਇੰਨਸ਼ੋਰੈਸ਼ ਏਜੰਸੀ, ਗਿੱਲ ਟਰਾਂਸਪੋਰਟ, ਇੰਟਰੇਡ ਇੰਡਸਟਰੀਜ, ਕੈਲੇ ਬਰੇਕ ਪਲੇਸ,ਐਨ ਕੇ ਆਰ ਐਸ ਟਰੱਕਿੰਗ, ਸੰਧੂ ਫਾਰਮ (ਤਜਿੰਦਰ ਸੰਧੂ), ਨਿਊ ਇੰਡੀਆ ਸਵੀਟ ਐਂਡ ਸਪਾਈਸਜ, ਪਰਮਜੀਤ ਸਿੰਘ ਬਾਸੀ, ਸੈਟੇਲਾਈਟ ਪਲੱਸ, ਸਿੱਖ ਨਾਮਧਾਰੀ ਸੋਸਾਈਟੀ, ਸਮਾਰਟਵੇ ਐਕਸਪਰੈਸ, ਸਟੋਨ ਟਰੱਕਿੰਗ, ਤਾਰਾ ਸਿੰਘ ਬੱਲ, ਟਰਾਈ ਅੱਸ ਟਰਕਿੰਗ, ਵੈਲੀ ਨੈਸ਼ਨਲ ਐਕਸਪਰੈਸ, ਰੌਇਲ ਸੰਗੂ ਗਰੁੱਪ,ਪੀ ਐਮ ਟਰੱਕਿੰਗ (ਗੁਰਪਾਲ ਰੰਧਾਵਾ), ਸ਼ੋਪ ਐਂਡ ਗੈਸ, ਬੋਪਾਰਾਏ ਟਰਾਂਸਪੋਰਟ,ਏ ਐਮ ਪੀ ਟਰੱਕਿੰਗ,ਬੀ ਡੀ ਟਰਾਂਸਪੋਰਟ, ਜਗਰੂਪ ਸਿੰਘ ਧਾਲੀਵਾਲ, ਜਿਫੀ ਮਾਰਟ, ਨਿੱਜਰ ਫਾਰਮ, ਸੰਘਾ ਕੈਰੀਅਰ, ਐਸ ਪੀ ਟਰੱਕਿੰਗ, ਯੂਨਾਈਟਡ ਟਰੱਕ ਡਰਾਈਵਿੰਗ ਸਕੂਲ, ਵਿਰਕ ਪਰਾਪਰਟੀਜ, ਤਰਲੋਕ ਸਿੰਘ, ਨਿਰਮਲ ਸਿੰਘ